# ਕੈਨੇਡਾ ਦਰਪਣ

ਨਵੰਬਰ 29, 1985

**November 29, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

**D. Persad** B.A.,LL.B.

**Ph. Off. 521-8808**

Nyack & Persad
Barristers & Solicitors
Notaries

Box 390
4—514 Sixth Ave.
New Westminster, B.C.
CANADA, V3L 4Y7

Weekending November 29, 1985 Vol. 4 No. 45 P.O.BOX 67344 STN. 0 Vancouver, B.C. V5W 3T1 PRICE 35¢ Out of Greater Vancouver 50¢ Phone (604) 581-4473

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ 29 ਨਵੰਬਰ ਨੂੰ

ਅੰਮ੍ਰਿਤਸਰ — ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਨ, ਹੋਰਨਾਂ ਅਹੁਦੇਦਾਰਾਂ ਅਤੇ ਕਾਰਜਕਾਰਨੀ ਦੇ ਮੈਂਬਰਾਂ ਦੀ ਚੋਣ 29 ਨਵੰਬਰ ਨੂੰ ਹੋਵੇਗੀ। ਇਹ ਐਲਾਨ ਇਥੇ ਕਮੇਟੀ ਦੇ ਇਕ ਤਰਜਮਾਨ ਨੇ ਕੀਤਾ। ਤਰਜਮਾਨ ਨੇ ਦਾ ਦੱਸਿਆ ਕਿ ਕਮੇਟੀ ਦੀ ਜਨਰਲ ਬਾਡੀ ਉਸ ਦਿਨ ਪ੍ਰਧਾਨ ਤੋਂ ਇਲਾਵਾ ਇਕ ਸੀਨੀਅਰ ਮੀਤ ਪ੍ਰਧਾਨ ਇਕ ਜੂਨੀਅਰ ਮੀਤ ਪ੍ਰਧਾਨ, ਇਕ ਜਨਰਲ ਸਕੱਤਰ ਤੇ ਗਿਆਰਾਂ ਕਾਰਜਕਾਰੀ ਮੈਂਬਰਾਂ ਦੀ ਚੋਣ ਕਰੇਗੀ।



ਪਤਾ ਲੱਗਾ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨਗੀ ਲਈ ਅਕਾਲੀ ਦਲ (ਲੌਂਗੋਵਾਲ) ਦੇ ਉਮੀਦਵਾਰ ਹੋਣਗੇ। ਉਹ 14ਵੀਂ ਵਾਰ ਇਸ ਅਹੁਦੇ ਲਈ ਉਮੀਦਵਾਰ ਹਨ। 'ਸੰਯੁਕਤ' ਅਕਾਲੀ ਦਲ ਵਲੋਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਜਾਂ ਸ. ਆਤਮਾ ਸਿੰਘ ਨੂੰ ਪ੍ਰਧਾਨਗੀ ਲਈ ਖੜੇ ਕੀਤੇ ਜਾਣ ਦੀ ਸੰਭਾਵਨਾ ਹੈ। ਅਕਾਲੀ ਦਲ (ਲੌ:) ਦੇ ਸੂਤਰਾਂ ਅਨੁਸਾਰ ਪਾਰਟੀ ਨੂੰ 155 ਮੈਂਬਰੀ ਹਾਊਸ ਵਿਚ ਸੌ ਮੈਂਬਰਾਂ ਦੀ ਹਮਾਇਤ ਹਾਸਲ ਹੈ। ਕਮੇਟੀ ਦੇ ਲਗਭਗ 135 ਮੈਂਬਰਾਂ ਨੂੰ ਵੋਟ ਦੇਣ ਦਾ ਅਧਿਕਾਰ ਹੈ।

## ਜ਼ਿਆ ਦਿੱਲੀ 16 ਦਸੰਬਰ ਨੂੰ ਪਹੁੰਚੇਗਾ

ਨਵੀਂ ਦਿੱਲੀ — ਪਾਕਿਸਤਾਨ ਦਾ ਫੌਜੀ ਡਿਕਟੇਟਰ ਜ਼ਿਆ 16 ਦਸੰਬਰ ਨੂੰ ਦਿੱਲੀ ਪਹੁੰਚ ਰਿਹਾ ਹੈ। ਅਮਾਨ ਦੇ ਗੇਪਬਲਿਕ ਡੇ ਉਤੇ ਭਾਗ ਲੈਣ ਆਏ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਜ਼ਿਆ ਵਿਚਕਾਰ ਅੱਧਾਂ ਘੰਟਾ ਗਲਬਾਤ ਹੋਈ ਸੀ। ਰਾਜੀਵ ਗਾਂਧੀ ਦੇ ਸੱਦੇ ਉਤੇ ਜ਼ਿਆ 16 ਦਸੰਬਰ ਨੂੰ ਪਹੁੰਚੇਗਾ।

## ਇਕੁਏਡੋਰ ਵਲੋਂ ਖਾਲਿਸਤਾਨ ਦਾ ਖੰਡਨ

ਨਵੀਂ ਦਿੱਲੀ — ਇਕੁਏਡੋਰ ਦੀ ਸਰਕਾਰ ਸਪਸ਼ਟ ਤੌਰ ਤੇ ਇਨਕਾਰ ਕੀਤਾ ਹੈ ਕਿ ਅਖੌਤੀ ਖਾਲਿਸਤਾਨ ਦੇ ਹਿਮਾਇਤੀਆਂ ਨਾਲ ਕੋਈ ਸਰਕਾਰੀ ਸਬੰਧ ਹਨ। ਵਿਦੇਸ਼ੀ ਅਮਲਿਆਂ ਮੰਤਰਾਲੇ ਦੇ ਬੁਲਾਰੇ ਨੇ ਸੱਤ ਨਵੰਬਰ ਨੂੰ ਨਵੀਂ ਦਿੱਲੀ ਵਿਚ ਪੱਤਰਕਾਰਾਂ ਨੂੰ ਦੱ। ਦੱਸਿਆ ਕਿ ਇਕਏਡੋਰ ਦੇ ਸਟੈਂਡ ਦਾ ਸਪਸ਼ਟੀਕਰਨ ਕੁਲੰਬੀਆ ਵਿਚ ਭਾਰਤੀ ਦੂਤ ਐਮ. ਕੇ. ਖੀਸ਼ਾ ਦੇ ਤਾਜਾ ਦੌਰੇ ਸਮੇਂ ਕੀਤਾ ਗਿਆ। ਉਨ੍ਹਾਂ ਦੀ ਇਕਏਡੋਰ ਦੇ ਵਿਦੇਸ਼ ਮੰਤਰੀ ਡਾ. ਏਗਰ ਤੈਰਾਨ ਨਾਲ ਮੀਟਿਂਗ ਸਮੇਂ ਢੂਸ ਦੇਸ਼ ਵਿਚ ਖਾਲਿਸਤਾਨੀ ਹਮਾਇਤੀਆਂ ਦੀਆਂ ਗਤੀਵਿਧੀਆਂ ਬਾਰੇ ਭਾਰਤ ਦਾ ਅੰਦੇਸ਼ਾ ਜਾਹਰ ਕੀਤਾ। ਵਿਦੇਸ਼ ਮੰਤਰੀ ਨੇ ਆਪਣੇ ਮੁਲਕ ਵਲੋਂ ਭਾਰਤ ਨਾਲ ਦੋਸਤਾਨਾ ਸਬੰਧਾਂ ਦੀ ਇਛਾ ਨੂੰ ਮੁੜ ਜ਼ਾਹਰ ਕੀਤਾ। ਉਨ੍ਹਾਂ ਨੇ ਕਿਹਾ ਕਿ ਇਕੁਏਡੋਰ ਦੀ ਵਿਦੇਸ਼ ਨੀਤੀ ਇਹ ਨਹੀਂ ਕਿ ਕਿਸੇ ਦੋਸਤ ਦੇਸ਼ ਦੀ ਅਖੰਡਤਾ ਨੂੰ ਨੁਕਸਾਨ ਪੁਚਾਣ ਵਾਲੀ ਅਲਹਿਦਗੀ ਦੀ ਲਹਿਰ ਨੂੰ ਮਾਨਤਾ ਦੇਵੇ। ਖੀਸ਼ਾ ਜੋ ਕਿ ਕੁਲੰਬੀਆ ਵਿਚ ਰੈਜੀਡੈਂਟ ਹਨ ਇਕੁਆਡੋਰ ਲਈ ਵੀ ਤਾਲਮੇਲ ਦਾ ਕੰਮ ਕਰਦੇ ਹਨ।

## ਤਲਵਿੰਦਰ ਸਿੰਘ ਅਤੇ ਇੰਦਰਜੀਤ ਸਿੰਘ ਦੀ ਪੇਸ਼ੀ 26 ਨਵੰਬਰ ਨੂੰ

ਡੰਕਨ : ਪ੍ਰੈਸ ਦੀਆਂ ਖਬਰਾਂ ਅਨੁਸਾਰ ਤਲਵਿੰਦਰ ਸਿੰਘ ਪਰਮਾਰ ਅਤੇ ਡੰਕਨ ਨਿਵਾਸੀ ਇੰਦਰਜੀਤ ਸਿੰਘ ਰਿਆਤ ਦੀਆਂ ਜ਼ਮਾਨਤਾਂ ਹੋਣ ਪਿਛੋਂ ਉਨ੍ਹਾਂ ਦੀ ਅਦਾਲਤ ਵਿਚ ਪੇਸ਼ੀ 26 ਨਵੰਬਰ ਨੂੰ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਦੀ ਸਭ ਨੂੰ



## ਲੱਖ ਲੱਖ ਵਧਾਈ ਹੋਵੇ

## ਗਾਰਬਾਚੋਫ ਅਤੇ ਰੇਗਨ ਵਲੋਂ ਖਬਰਾਂ ਉਤੇ ਬਲੈਕ ਆਊਟ

ਜੈਨੇਵਾ — ਪਿਛਲੇ ਦੋ ਦਿਨ ਤੋਂ ਚਲ ਰਹੀ ਗਾਰਬਾਚੋਫ - ਰੇਗਨ ਵਾਰਤਾ ਬਾਰੇ ਖਬਰਾਂ ਉਤੇ ਬਲੈਕ ਆਊਟ ਕਰ ਦਿਤਾ ਗਿਆ ਹੈ। ਪੱਤਰਕਾਰਾਂ ਦਾ ਕਹਿਣਾ ਹੈ ਕਿ ਗਲਬਾਤ 'ਸਟਾਰ ਵਾਰਜ' ਦੇ ਨੁਕਤੇ ਤੇ ਟੁਟ ਵੀ ਸਕਦੀ ਹੈ।

MANY UNRESERVED UNITS

PUBLIC AUTO AUCTION

• Trucks • Vans • 4x4's • Motor Homes

*You Name It — We've Got It-*

OVER 100 UNITS ON SALE

ਚੰਗੀਆਂ ਕਾਰਾਂ ਸਸਤੇ ਭਾਅ ਤੇ ਖ੍ਰੀਦਣੀਆਂ ਹੋਣ ਤਾਂ ਸਾਡੇ ਕੋਲ ਆਉ

AUTO SALE EVERY SATURDAY 11 AM

*The Best Deals Are At*

BURNABY PUBLIC AUTO AUCTION LTD.

PHONE 430-1109

HOME OF MECHANICALLY INSPECTED AUTOS

Consignments Being Taken Now



Corner of Marine Way & Byrne Rd.

5605 BYRNE RD.
BURNABY • 430-1109

SO LET A PROFESSIONAL SELL YOUR UNIT

We've Saved Hundreds of Purchasers Time, Money and Stress!!

# ਅਤਿਵਾਦ ਵਿਰੁਧ ਸਰਕਾਰ ਤੇ ਲੋਕਾਂ ਦੀ ਸਾਂਝੀ ਲੜਾਈ — ਟੌਹੜਾ

ਕਾਨ੍ਹਪੁਰ — ਸ. ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਹੈ ਕਿ ਰਾਜੀਵ ਗਾਂਧ ਦੇ ਪੰਜਾਬੀ ਪ੍ਰਤੀ ਰਵੱਈਏ ਵਿਚ 'ਸੁਆਗਤਯੋਗ' ਤਬਦੀਲੀ ਆਈ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਟੌਹੜਾ ਨੇ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਅਕਾਲੀ ਸਰਕਾਰ ਅਤਿਵਾਦ ਨਾਲ ਵੀ ਸੁਲਝੇ ਹੋਏ ਤਰੀਕੇ ਨਾਲ ਪੇਸ਼ ਆ ਰਹੀ ਹੈ। ਸ. ਟੌਹੜਾ ਨੇ ਕਿਹਾ ਕਿ ਇਹ ਸਰਕਾਰ ਅਤੇ ਲੋਕਾਂ, ਦੋਵਾਂ ਦੀ ਸਾਂਝੀ ਡਿਊਟੀ ਬਣਦੀ ਹੈ ਕਿ ਅਤਿਵਾਦ ਦੇ ਖਤਰੇ ਨਾਲ ਇਕੱਠੇ ਹੋ ਕੇ ਲੜਿਆ ਜਾਵੇ।

ਇਸ ਤੋਂ ਪਹਿਲਾਂ ਸ. ਟੌਹੜਾ ਨੇ ਇਥੇ ਵੱਖ ਵੱਖ ਗੁਰਦੁਆਰਿਆਂ ਵਿਚ ਲੋਕਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਹਿੰਦੂ-ਸਿਖ ਏਕਤਾ 'ਤੇ ਜ਼ੋਰ ਦਿਤਾ ਅਤੇ ਨਾਲ ਹੀ ਕਿਹਾ ਕਿ ਸਾਨੂੰ ਅਜਿਹੇ ਵਿਅਕਤੀਆਂ 'ਤੇ ਨਿਗਾਹ ਰਖਣੀ ਚਾਹੀਦੀ ਹੈ ਜਿਹੜੇ ਹਿੰਦੂ-ਸਿੱਖਾਂ ਵਿਚ ਪਾੜਾ ਵਧਾਉਣ ਲਈ ਜ਼ਿੰਮੇਵਾਰ ਹਨ।

ਸ. ਟੌਹੜਾ ਇਥੇ ਦੋ ਦਿਨਾਂ ਦੇ ਦੌਰੇ 'ਤੇ ਆਏ ਹਨ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਿਦਤਾ ਕਿ ਦੰਗਾ ਪੀੜਤਾਂ ਦੀ ਸਹਾਇਤਾ ਤੇਜ਼ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਮੁੜ ਵਸਾਉਣ ਦੀ ਜਲਦੀ ਤੋਂ ਜਲਦੀ ਪ੍ਰਬੰਧ ਕੀਤਾ ਜਾਵੇ।

# ਹਥਿਆਰਾਂ ਬਾਰੇ ਰੂਸ ਸੰਜੀਦਾ — ਰਾਜੀਵ

ਟੋਕੀਓ — ਪ੍ਰਧਾਨ ਮੰਤਰੀਪ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਉਹ ਸੋਚਦੇ ਹਨ ਕਿ ਸੋਵੀਅਤ ਨੇਤਾ ਮਿਖਾਇਲ ਗੋਰਵਾਚੋਵ ਅਮਰੀਕੀ ਪ੍ਰਧਾਨ ਰੋਨਾਲਡ ਰੀਗਨ ਨਾਲ ਹੋਣ ਵਾਲੀ ਹਥਿਆਰਾਂ ਦੇ ਕੰਟਰੋਲ ਬਾਰੇ ਮੀਟਿੰਗ ਬਾਰੇ ਕਾਫੀ ਸੰਜੀਦਾ ਹਨ ਪ੍ਰਧਾਨ ਮੰਤਰੀ ਨੇ ਜਪਾਨ ਦੇ ਇਕਨਾਮਿਕ ਡੇਲੀ ਦੇ ਇਕ ਸੀਨੀਅਰ ਐਡੀਟਰ ਨਾਲ ਨਵੀਂ ਦਿੱਲੀ ਵਿਚ ਮੰਗਲਵਾਰ ਵਾਲੇ ਦਿਨ ਗੱਲਬਾਤ ਕਰਦਿਆਂ ਕਿਹਾ ਹੈ ਕਿ ਮੈਂ ਇਹ ਪ੍ਰਭਾਵ ਸੋਵੀਅਤ ਨੇਤਾ ਨਾਲ ਪਿਛਲੇ ਸਮੇਂ ਵਿਚ ਹੋਈਆਂ ਤਿੰਨ ਮੀਟਿੰਗਾਂ ਪਿਛੋਂ ਲਿਆ ਹੈ ਕਿ ਸੋਵੀਅਤ ਨੇਤਾ ਹਥਿਆਰਾਂ ਦੀ ਦੌੜ ਨੂੰ ਘੱਟ ਕਰਨ ਵਾਲੇ ਪਾਸੇ ਉਸਾਰੂ ਰੁਖ ਰਖਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਮਰੀਕੀ ਪ੍ਰਧਾਨ ਰੋਨਾਲਡ ਰੀਗਨ ਬਾਰੇ ਵੀ ਅਜਿਹਾ ਹੀ ਪ੍ਰਭਾਵ ਹੈ ਕਿ ਉਹ ਵੀ ਹਥਿਆਰਾਂ ਨੂੰ ਘੱਟ ਕਰਨ ਵੱਲ ਉਸਾਰੂ ਰੁਝਾਨ ਰੱਖਦੇ ਹਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਹਥਿਆਰਾਂ ਦੀ ਦੌੜ ਨੂੰ ਘੱਟ ਕਰਨ ਵਿਚ ਜਪਾਨ ਵੀ ਅਹਿਮ ਭੂਮਿਕਾ ਨਿਭਾਵੇਗਾ। ਉਨ੍ਹਾਂ ਕਿਹਾ ਕਿ ਉਹ ਵੀ ਆਪਣੀ ਟੋਕੀਓ ਫੇਰੀ ਸਮੇਂ ਜਪਾਨੀ ਪ੍ਰਧਾਨ ਮੰਤਰੀ ਨਾਲ ਹਥਿਆਰਾਂ ਨੂੰ ਘੱਟ ਕਰਨ ਬਾਰੇ ਗੱਲ ਕਰਨਗੇ।

# ਮੈਥਿਊ ਕਮਿਸ਼ਨ ਦੀਆਂ ਮੱਦਾਂ 'ਜ ਤਬਦੀਲੀ ਦੀ ਮੰਗ

ਜਲੰਧਰ — ਪਟਿਆਲਾ ਤੋਂ ਨਵੇਂ ਬਣੇ ਅਕਾਲੀ ਸੰਸਦ ਮੈਂਬਰ ਚਰਨਜੀਤ ਸਿੰਘ ਵਾਲੀਆ ਨੇ ਇਕ ਬਿਆਨ ਰਾਹੀਂ ਮੰਗ ਕੀਤੀ ਹੈ ਕਿ ਮੈਥਿਊ ਕਮਿਸ਼ਨ ਦੀਆਂ ਮੱਦਾਂ ਵਿਚ ਕੁਝ ਤਬਦੀਲੀ ਕੀਤੇ ਜਾਵੇ। ਇਥੇ ਪੱਤਰਕਾਰਾਂ ਦੇ ਇਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਸੋਧ ਨਾ ਕੀਤੀ ਗਈ ਤਾਂ ਅਕਾਲੀ ਦਲ ਇਸ ਦਾ 'ਬਾਈਕਾਟ' ਕਰੇਗਾ। ਸ੍ਰੀ ਵਾਲੀਆ ਨੇ ਕਿਹਾ ਕਿ ਪੰਜਾਬੀ ਬੋਲਦੇ ਕਿਸੇ ਵੀ ਪਿੰਡ ਨੂੰ ਹਰਿਆਣੇ ਵਿਚ ਸ਼ਾਮਲ ਨਹੀਂ ਕਕ ਕਰਨ ਦਿਤਾ ਜਾਵੇਗਾ।

ਉਨ੍ਹਾਂ ਨੇ ਸਾਰੇ ਨਜ਼ਰਬੰਦ ਸਿੱਖਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਤਾਂ ਕਿ ਪੰਜਾਬ ਵਿਚ ਹਾਲਾਤ ਆਮ ਵਾਂਗ ਹੋ ਸਕਣ। ਉਨ੍ਹਾਂ ਕਿਹਾ ਕਿ ਮੀਟਿੰਗਾਂ ਕਰਨ ਜਾਂ ਦੋਪਹੀਆਂ ਵਾਹਨਾਂ ਤੋਂ ਦੂਹਰੀ ਸਵਾਰੀ ਦੀ ਖੁਲ੍ਹ ਹੋ ਜਾਣਦੀ

---

ਜੋ ਦਿਲ ਮੇਂ ਥੇ ਵੋ ਸਭੀ ਡਰ ਬਦਲ ਗਯੇ ਕਿਤਨੇ
ਬਿਨਾਂ ਤਰਾਸ਼ੇ ਹੀ ਪੱਥਰ ਬਦਲ ਗਯੇ ਕਿਤਨੇ

# ਨਹਿਰ ਸ਼ਿਵਾਲਕ ਕੋਲ ਦੀ ਕੱਢੀ ਜਾਵੇ — ਲੱਖੋਵਾਲ

ਮੋਰਿੰਡਾ — ਭਾਰਤੀ ਕਿਸਾਨ ਯੂਨੀਅਨ ਦੀ ਪੰਜਾਬ ਇਕਾਈ ਦੇ ਜਨਰਲ ਸਕੱਤਰ ਅਜਮੇਰ ਸਿੰਘ ਲੱਖੋਵਾਲ ਅਤੇ ਨਿਹੰਗ ਮੁਖੀ ਬਾਬਾ ਪ੍ਰੀਤਮ ਸਿੰਘ ਦੀ ਅਗਵਾਈ ਹੇਠ ਦੋ ਜਥੇ ਪਥਰੇੜੀ ਜੱਟਾਂ ਪਹੁੰਚੇ। ਇਥੇ ਸਤਲੁਜ-ਯਮਨਾ ਲਿੰਕ ਨਹਿਰ ਦੀ ਖੁਦਾਈ ਰੋਕਣ ਲਈ ਪਿਛਲੇ 24 ਦਿਨਾਂ ਤੋਂ ਕਿਸਾਨਾਂ ਦਾ ਧਰਨਾ ਚਲ ਰਿਹਾ ਹੈ। ਇਸ ਮੌਕੇ ਉਤੇ ਲੋਕਾਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਸ. ਲੱਖੋਵਾਲ ਨੇ ਕਿਹਾ ਕਿ ਕਿਸਾਨ, ਪੰਚਾਇਤਾਂ ਅਤੇ ਭਾਂਰਤੀ ਕਿਸਾਨ ਯੂਨੀਅਨ ਦੀ ਮੰਗ ਕੇਵਲ ਨਹਿਰ ਨੂੰ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਕੱਢਣ ਦੀ ਹੈ। ਉਨ੍ਹਾਂ ਨੇ ਭਾਖੜਾ ਲਹਿਰ ਵਿਚ ਪਾਣ ਸੁੱਟਣ ਲਈ ਸਹਿਮਤੀ ਪ੍ਰਗਟ ਕੀਤੀ। ਕਿਸਾਨ ਆਗੂ ਨੇ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਕਿਸਾਨਾਂ ਨਾਲ ਖੜ੍ਹਨ ਬਦਲੇ ਧੰਨਵਾਦ ਕੀਤਾ। ਉਨ੍ਹਾਂ ਸਪਸ਼ਟ ਕ ਕਿਹਾ ਕਿ ਡੂਮਛੇੜੀ ਤੋਂ ਅੱਗੇ ਚ ਲੋਕ ਪੈਸ ਲੈਣ ਨੂੰ ਤਿਆਰ ਨਹੀਂ ਹਨ। ਨਿਹੰਗ ਮੁਖੀ ਨੇ ਵੀ ਕਿਸਾਨਾਂ ਦੀ ਹਮਾਇਤ ਕੀਤੀ।

# ਸਮਗਲਰ ਗ੍ਰਿਫਤਾਰ

ਫਾਜ਼ਿਲਕਾ — ਕਸਟਮ ਅਧਿਕਾਰੀਆਂ ਨੇ ਬੀ. ਐਸ. ਐਫ. ਦੇ ਜਵਾਨਾਂ ਦੀ ਮਦਦ ਨਾਲ ਇਕ ਨਾਮੀ ਸਮਗਲਰ ਜੀਤ ਸਿੰਘ ਨੂੰ ਮੁਕਾਬਲੇ 'ਚ ਗੋਲੀ ਚਲਣ ਪਿਛੋਂ ਗ੍ਰਿਫਤਾਰ ਕ ਕਰ ਲਿਆ। ਉਹ ਚੱਕ ਮੀਰਾ ਚੈਕ ਪੋਸਟ ਨੇੜੇ ਬਾਰਡਰ ਪਾਰ ਕਰਕੇ ਪਾਕਿਸਤਾਨ ਵਲੋਂ ਭਾਰਤ ਆਉਣਾ ਚਾਹੁੰਦਾ ਸੀ। ਇਹ ਸੂਚਨਾ ਪੁਲੀਸ ਨੇ ਦਿਤੀ ਹੈ। ਅਧਿਕਾਰੀਆਂ ਨੇ ਉਸ ਕੋਲੋਂ ਇਕ ਕਿਲੋ ਹੈਰੋਇਨ ਅਤੇ 38 ਮੀਟਰ ਪਾਕਿਸਤਾਨੀ ਕੱਪੜਾ ਬਰਾਮਦ ਕੀਤਾ ਹੈ।

ਉਸਦਾ ਇਕ ਸਾਥੀ ਰਛਪਾਲ ਸਿੰਘ ਉਰਫ ਪਾਲਾ ਹਨੇਰੇ ਦਾ ਫਾਇਦਾ ਉਠਾਉਂਦਾ ਹੋਇਆ ਅਲੋਪ ਹੋ ਗਿਆ। ਬਾਅਦ ਵਿਚ ਜੀਤ ਸਿੰਘ ਨੂੰ ਜੁਡੀਸ਼ਲ ਮੈਜਿਸਟਰੇਟ ਫਾਜ਼ਿਲਕਾ ਅਗੇ ਪੇਸ਼ ਕੀਤਾ ਗਿਆ ਜਿਸ ਨੇ ਉਸ ਦਾ 15 ਨਵੰਬਰ ਤਕ ਪੁਲੀਸ ਰਿਮਾਂਡ ਦੇ ਦਿਤਾ।

# ਸੰਤ ਲੌਂਗੋਵਾਲ ਦਾ ਬੁੱਤ ਲੱਗੇਗਾ

ਅੰਮ੍ਰਿਤਸਰ — ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜ਼ਿਲਾ ਸੰਗਰੂਰ ਵਿਚ ਉਨ੍ਹਾਂ ਦੇ ਹੀ ਪਿੰਡ ਲੌਂਗੋਵਾਲ ਵਿਚ ਬੁੱਤ ਲਗਾਇਆ ਜਾਵੇਗਾ। ਇਹ ਐਲਾਨ ਕ ਪੰਜਾਬ ਦੇ ਸਿਖਿਆ ਮੰਤਰੀ ਸ. ਸੁਖਜਿੰਦਰ ਸਿੰਘ ਨੇ ਕੀਤਾ ਹੈ। ਉਹ ਇਥੋਂ 45 ਕਿਲੋਮੀਟਰ ਦੂਰ ਬਾਬਾ ਬਕਾਲਾ ਵਿਚ ਇਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ।

ਸ. ਸੁਖਜਿੰਦਰ ਸਿੰਘ ਨੇ ਕਿਹਾ ਹੈ ਕਿ ਸੰਤ ਲੌਂਗੋਵਾਲ ਨੇ ਸਿੱਖ ਪੰਥ ਅਤੇ ਸਾਰੇ ਪੰਜਾਬੀਆਂ ਲਈ ਕੁਰਬਾਨੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਛੇਤੀ ਹੀ ਪੰਜਾਬ ਸਰਕਾਰ ਉਨ੍ਹਾਂ ਦੇ ਜੀਵਨ ਉਤੇ ਪੁਸਤਕ ਪ੍ਰਕਾਸ਼ਤ ਕਰ ਰਹੀ ਹੈ। ਉਨ੍ਹਾਂ ਨੇ ਸਕੂਲਾਂ ਦੀਆਂ ਇਮਾਰਤਾਂ ਦੇ ਖਰਚੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੋ ਵਿਅਕਤੀ ਕਿਸੇ ਵੀ ਪਿੰਡ ਵਿਚ ਸਕੂਨ ਦੀ ਇਮਾਰਤ ਬਣਾਏਗਾ ਤਾਂ ਸਕੂਲ ਦਾ ਨਾਂ ਉਸ ਦੇ ਨਾਂ ਉਤੇ ਰਖਿਆ ਜਾਵੇਗਾ।

# ਲਿੰਕ ਨਹਿਰ ਦੇ ਸਰਵੇ 'ਚ ਵੱਡੀ ਪੱਧਰ 'ਤੇ ਬੇਨਿਯਮੀਆਂ

ਆਨੰਦਪੁਰ ਸਾਹਿਬ — ਇਸ ਸਮੇਂ ਵਾਦ-ਵਿਵਾਦ ਦਾ ਵਿ ਸ਼ਾ ਬਣੀ ਸਤਲੁਜ-ਯਮਨਾ ਲਿੰਕ ਨਹਿਰ ਦੀ ਸੇਧ ਮਿਥਣ ਲਈ ਕੀਤੇ ਗਏ ਸਰਵੇ ਵਿਚ ਵੱਡੇ ਪੱਧਰ 'ਤੇ ਬੇਨਿਯਮੀਆਂ ਹੋਣ ਦੇ ਸਨਸਨੀਖੇਜ਼ ਤੱਥ ਸਾਹਮਣੇ ਆਏ ਹਨ। ਤਕਨੀਕੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਸਰਵੇ ਵਿਚ ਬੇਨਿਯਮੀਆਂ ਸਬੰਧੀ ਸਾਹਮਣੇ ਆਏ ਤੱਥ ਠੋਸ ਹਨ ਤਾਂ ਸਰਕਾਰ ਨੂੰ ਭਾਰੀ ਮਾਲੀ ਨੁਕਸਾਨ ਉਠਾਉਣਾ ਪਵੇਗਾ। ਸਰਵੇ ਵਿਚ ਕਥਿਤ ਬੇਨਿਯਮੀਆਂ ਦਾ ਭੇਦ ਉਦੋਂ ਖੁਲ੍ਹਿਆ ਜਦੋਂ ਕੁਝ ਅਰਸਾ ਪਹਿਲਾਂ ਪ੍ਰਾਜੈਕਟ ਦੇ ਇਕ ਉਚ ਅਧਿਕਾਰੀ ਨੇ ਨਹਿਰ ਦੀ ਸਰਵੇ ਰਿਪੋਰਟ ਉਤੇ ਸ਼ੱਕ ਹੋਣ ਮਗਰੋਂ ਸਬੰਧਤ ਇੰਜਨੀਅਰਾਂ ਨੂੰ ਰਿਪੋਰਟ ਦੇ ਸਹੀ ਹੋਣ ਬਾਰੇ ਸਰਟੀਫਿਕੇਟ ਦੇਣ ਲਈ ਕਿਹਾ। ਸੂਤਰਾਂ ਦਾ ਕਹਿਣਾ ਹੈ ਕਿ ਬਹੁਤੇ ਇੰਜਨੀਅਰਾਂ ਨੇ ਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿਤਾ।

ਨਿਯਮਾਂ ਅਨੁਸਾਰ ਸੌਂਰਵੇ ਟੀਮ ਨਾਲ ਸਬੰਧਤ ਉਪ ਮੰਡਲ ਅਫਸਰ ਲਈ ਇਹ ਤਸਦੀਕ ਕਰਨਾ ਜ਼ਰੂਰਪੀ ਹੁੰਦਾ ਹੈ ਕਿ ਉਸ ਨੇ ਇਕ ਤਿਹਾਈ ਸਰਵੇ ਦਾ ਮੌਕੇ ਤੇ ਸਰਵੇਖਣ ਕੀਤਾ। ਜਦ ਕਿ ਕਾਰਜਕਾਰੀ ਇੰਜਨੀਅਰ ਨੂੰ ਇਕ ਚੌਥਾਈ ਭਾਗ ਲਈ ਸਰਟੀਫਿਕੇਟ ਦੇਣਾ ਪੈਂਦਾ ਹੈ। ਪਰ ਬਹੁਤੇ ਕੇਸਾਂ ਵਿਚ ਕਿਸੇ ਨਾ ਕਿਸੇ ਬਹਾਨੇ ਸਰਟੀਫਿਕੇਟ ਨਹੀਂ ਦਿਤੇ ਗਏ। ਇਹ ਦੋਸ਼ ਲਾਇਆ ਜਾਂਦਾ ਹੈ ਕਿ ਨਹਿਰ ਦਾ ਸਰਵੇ, ਲੈਵਲ-ਬੁਕਾਂ ਵਿਚ ਫਰਜ਼ੀ ਅੰਦਰਾਜ਼ ਕਰ ਕੇ ਤਿਆਰ ਕੀਤਾ ਗਿਆ। ਇਸ ਵਿਚ ਜ਼ਮੀਨ ਦੇ ਪੱਧਰ ਨੂੰ ਕਈ ਥਾਵਾਂ ਤੇ ਔਸਲ ਨਾਲੋਂ ਉਚਾ ਅਤੇ ਕਿਤੇ ਨੀਵਾਂ ਵਿਖਾਇਆ ਗਿਆ। ਸਮਝਿਆ ਜਾਂਦਾ ਹੈ ਕਿ ਅਜਿਹਾ ਕੁਝ ਪ੍ਰਾਈਵੇਟ ਠੇਕੇਦਾਰਾਂ ਦਾ ਫਾਇਦਾ ਕਰਨ ਲਈ ਕੀਤਾ ਗਿਆ ਤਾਂ ਕਿ ਮਗਰੋਂ ਉਸ ਥਾਂ ਦੀ ਖੁਦਾਈ ਜਾਂ ਮਿੱਟੀ ਭਰਾਈ ਦੀ ਵੱਧ ਮਾਤਰਾ ਲਈ ਪੈਸੇ ਵਸੂਲੇ ਜਾ ਸਕਣ।

ਤੱਥਾਂ ਅਨੁਸਾਰ ਨਹਿਰ ਦੀ ਸੇਧ ਦਾ ਸਰਵੇ ਕਰਨ ਤੋਂ ਪਹਿਲਾਂ 'ਸਰਵੇ ਆਫ ਇੰਡੀਆ' ਵਿਭਾਗ ਤੋਂ ਲੋੜੀਂਦੇ 'ਬੈਂਚ ਮਾਰਕ' ਲੈਣੇ ਜ਼ਰੂਰੀ ਸਨ ਪਰ ਪ੍ਰਾਜੈਕਟ ਦੇ ਇਕ ਸਰਕਲ ਵਿਚ 'ਬੈਂਚ ਮਾਰਕ' ਨਹਿਰ ਦੀ ਸੇਧ ਦਾ ਨਕਸ਼ਾ ਪਾਸ ਹੋਣ ਮਗ਼ਰੋਂ ਲਏ ਗਏ।

# 'ਕੈਨੇਡਾ ਦਰਪਣ' ਦੀ ਵਰ੍ਹੇ ਗੰਢ ਧੂੰਮ ਧਾਮ ਨਾਲ ਮਨਾਈ ਗਈ

## ਕਰਮਜੀਤ ਗਰੇਵਾਲ ਤੇ ਗੁਰਦੇਵ ਸਿੰਘ ਮਸਤਾਨਾ ਨੇ ਰੰਗ ਬੰਨ੍ਹਿਆ

ਵੈਨਕੂਵਰ — 'ਕੈਨੇਡਾ ਦਰਪਣ' ਸਪਤਾਹਿਕ ਵਲੋਂ ਚੌਥੀ ਵਰ੍ਹੇ ਗੰਢ ਵਾਈਕਿੰਗ ਇਨ ਵੈਨਕੂਵਰ ਵਿਚ ਐਤਵਾਰ 17 ਨਵੰਬਰ ਨੂੰ ਬੜੇ ਧੂੰਮ ਧਾਮ ਨਾਲ ਮਨਾਈ ਗਈ ਜਿਸ ਵਿਚ ਵੱਖ ਵੱਖ ਸੰਸਥਾਵਾ ਦੇ ਪ੍ਰਤੀਨਿਧ ਅਤੇ 'ਕੈਨੇਡਾ ਦਰਪਣ' ਦੇ ਸ਼ੁਭਚਿੰਤਕ ਤੇ ਪਾਠਕ ਸ਼ਾਮਲ ਹੋਏ।

ਸਮਾਗਮ ਦੀ ਪ੍ਰਧਾਨਗੀ ਢੁਡੀਕੇ ਨਿਵਾਸੀ ਸ੍ਰੀ ਮਹਿੰਦਰ ਸਿੰਘ ਗਿੱਲ ਨੇ ਕੀਤੀ ਜੋ ਕਮਿਊਨਿਟੀ ਵਿਚ ਲਗਪਗ ਢਾਈ ਦਹਾਕਿਅ ਤੋਂ ਸਰਗਰਮ ਲੀਡਰ ਰਹੇ ਹਨ। ਸ੍ਰੀ ਗਿੱਲ ਨੇ ਕਿਹਾ ਕਿ 'ਕੈਨੇਡਾ ਦਰਪਣ' ਨੇ ਸੰਤੁਲਤ ਪੱਤਰਕਾਰੀ ਦੀ ਜਿਹੜੀ ਪਿਰਤ ਕੈਨੇਡਾ ਵਿਚ ਪਾਈ ਹੈ, ਉਥਹ ਸ਼ਲਾਘਾ ਯੋਗ ਹੈ। ਉਨ੍ਹਾਂ ਕਿਹਾ ਮਨੁੱਖ ਦਾ ਅਸਲ ਖਾਸਾ ਮਨੁੱਖਤਾ ਹੈ ਅਤੇ ਹਰ ਮਨੁੱਖ ਨੂੰ ਆਜ਼ਾਦੀ ਨਾਲ ਜਿਉਣ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਮਨੁਖਵਾਦੀ ਰੁਚੀਆਂ ਅਪਨਾਉਣ ਕਾਰਨ 'ਕੈਨੇਡਾ ਦਰਪਣ' ਦਾ ਯੋਗਦਾਨ ਵਡਮੁੱਲਾ ਰਿਹਾ ਹੈ।

ਸਮਾਗਮ ਦੇ ਆਰੰਭ ਵਿਚ ਪ੍ਰਸਿਧ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਨੇ 'ਕੈਨੇਡਾ ਦਰਪਣ' ਦੇ ਪਿਛਲੇ ਤਿੰਨ ਸਾਲਾਂ ਦੀਆਂ ਕਠਨਾਈਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਫਿਰਕੂ ਤੇ ਜਨੂੰਨੀ ਹਨੇਰੀ ਨਾਲ ਵੱਡੇ ਵੱਡੇ ਥੰਮ ਹਿੱਲ ਗਏ ਪਰ ਏਕਤਾ ਦਾ ਝੰਡਾ 'ਕੈਨੇਡਾ ਦਰਪਣ' ਨੇ ਬਰਕਰਾਰ ਚੁੱਕੀ ਰਖਿਆ।

ਸ: ਸਰਬਜੀਤ ਸਿੰਘ ਖੁਰਾਣਾ, ਸ: ਜਰਨੈਲ ਸਿੰਘ ਭੰਡਾਲ, ਸ੍ਰੀ ਉਜੱਲ ਦੁਸਾਂਝ ਅਤੇ ਹਰੀ ਸ਼ਰਮਾ ਨੇ ਵੀ 'ਕੈਨੇਡਾ ਦਰਪਣ' ਦੇ ਰੋਲ ਦੀ ਸਲਾਹਣਾ ਕੀਤੀ।

ਸ੍ਰੀ ਅਜਮੇਰ ਰੋਡੇ ਨੇ ਪੰਜਾਬੀ ਪੱਤਰਕਾਰੀ ਦੇ ਵਿਕਾਸ ਸਬੰਧੀ ਆਪਣਾ ਵਡਮੁੱਲਾ ਭਾਸ਼ਨ ਦਿੰਦਿਆਂ ਕਿਹਾ ਕਿ ਸੰਤੁਲਤ ਪੱਤਰਕਾਰੀ ਸਮੇਂ ਦੀ ਲੋੜ ਹੈ। ਇਕ ਪਾਸੜ ਝੁਕਾਅ ਖਤਰਨਾਕ ਸਿੱਧ ਹੋ ਸਕਦੇ ਹਨ।

ਬੁਲਾਰਿਆਂ ਨੇ ਜ਼ਹਿਰੀਲੇ ਪ੍ਰਚਾਰ ਕਰਨ ਵਾਲੇ ਮੀਡੀਏ, ਖਬਰਾਂ ਨੂੰ ਵਧਾ ਚੜ੍ਹਾ ਕੇ ਉਕਸਾਊ ਬਨਾਉਣ ਦੇ ਲਾਲਚੀ ਪੱਤਰਕਾਰਾਂ ਦਾ ਖੰਡਨ ਕਰਦਿਆਂ ਕਿਹਾ ਕਿ ਇਸ ਨਾਲ ਸਾਧਾਰਨ ਲੋਕ ਗੁੰਮਰਾਹ ਹੁੰਦੇ ਹਨ।

ਪ੍ਰਸਿੱਧ ਪੰਜਾਬੀ ਗਾਇਕਾਂ . ਕਰਮਜੀਤ ਗਰੇਵਾਲ ਅਤੇ ਗੁਰਦੇਵ ਸਿੰਘ ਮਸਤਾਨਾ ਨੇ ਕਮਾਲ ਦਾ ਰੰਗ ਬੰਨ੍ਹਿਆ। ਕਰਮਜੀਤ ਸਿੰਘ ਗਰੇਵਾਲ ਦੇ ਚੁਟਕਲਿਆਂ ਨੇ ਸਰੋਤਿਆਂ ਦੇ ਢਿਡੀਂ ਪੀੜਾਂ ਪਾਉਣ ਵਾਲੇ ਕਹਿਕਹੇ ਪੈਦਾ ਕੀਤੇ। ਕਰਮਜੀਤ ਤੇ ਮਸਤਾਨਾ ਦਾ ਢੋਲਕ ਤੇ ਸਾਥ ਦੇਵਿੰਦਰ ਨੇ ਦਿਤਾ।

ਹਿਮਾਲੀਆਂ ਰੈਸਟੋਰੈਂਟ ਵਲੋਂ ਖਾਣੇ ਦੇ ਪ੍ਰਬੰਧ ਦੀ ਸਰੋਤਿਆਂ ਨੇ ਬਹੁਤ ਸਰਾਹਣਾ ਕੀਤੀ।

---

ਔੜਾਂ ਮਾਰੀ ਧਰਤ ਆਖਦੀ,
ਵਰ ਓ ਬੱਦਲਾ ! ਏਥੇ ਵਰ।

ਇਹ ਰੁੱਤ ਬੜੀ ਉਦਾਸ ਜਿਹੀ ਹੈ
ਇਸ ਵਿੱਚ ਰੰਗ ਚੇਤਰ ਦਾ ਭਰ !


FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER

NORTH AMERICAN LIFE

ਆਪਣੀਆਂ ਇਨਸ਼ੋਰੇਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸ਼ੋਰੇਂਸ
- ਗਰੁਪ ਇੰਨਸ਼ੋਰੇਂਸ਼
- ਮਾਰਗੇਜ ਇੰਨਸ਼ੋਰੇਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੇਂਸ

1507 - 330 Portage Avenue
Winnipeg, Manitoba R3C 0C4
Bus. 943-1526

INSURANCE FOR

- Personal
- Children
- Mortgage
- RRSP
- Group Insuranc & Annuities

NORTH AMERICAN LIFE
ASSURANCE CO.



Raj Singh Mann

# ਭਾਰਤੀ ਕਿਸਾਨ ਯੂਨੀਅਨ ਨੇ ਦਸ ਹਜ਼ਾਰ ਇਸ਼ਤਿਹਾਰ ਵੰਡੇ

ਮੋਰਿੰਡਾ — (— ਭਾਰਤੀ ਕਿਸਾਨ ਯੂਨੀਅਨ ਨੇ ਆਪਣੀਆਂ ਮੰਗਾਂ ਦੇ ਹੱਕ ਵਿਚ ਲੋਕ ਰਾਏ ਲਾਮਬੰਦ ਕਰਨ ਲਈ ਬੱਸਾਂ, ਕਾਰਾਂ ਤੇ ਟਰੱਕ ਰੋਕ ਰੋਕ ਕੇ ਕੋਈ ਦਸ ਹਜ਼ਾਰ ਛਪੇ ਹੋਏ ਇਸ਼ਤਿਹਾਰ ਵੰਡੇ। ਇਸ ਕੰਮ ਨੂੰ ਭਾਰਤੀ ਕਿਸਾਨ ਯੂਨੀਅਨ ਦੇ ਕੋਈ ਸੌ ਵਰਕਰਾਂ ਨੇ ਨਿਭਾਇਆ ਜਿਨ੍ਹਾਂ ਦੀ ਅਗਵਾਈ ਮਨਮੋਹਨ ਸਿੰਘ ਹਵਾਸ, ਚਰਨਜੀਤ ਸਿੰਘ ਖੱਟ, ਮ ਨਜੀਤ ਸਿੰਘ ਸ਼ਾਹਪੁਰ ਤੇ ਮੇਵਾ ਸਿੰਘ ਨੇ ਕੀਤੀ। ਇਸ ਇਸ਼ਤਿਹਾਰ ਵਿਚ ਜਿਸ ਦੇ ਉਪਰ ਮੋਟੇ ਅ ਅੱਖਰਾਂ ਵਿਚ ਲਿਖਿਆ ਸੀ "ਨਹਿਰ ਦਾ ਰੁਖ ਬਦਲਣ ਬਾਰੇ ਅੰਦੋਲਨ ਕਿਉਂ", ਵਿਚ ਦਿਤੇ ਗਏ ਪੰਜ ਨੁਕਤਿਆਂ ਵਿਚ ਕਿਸਾਨ ਯੂਨੀਅਨ ਨੇ ਦੱਸਿਆ ਕਿ ਸਰਕਾਰ ਵਲੋਂ ਲਹਿਰ ਦਾ ਮ ਰੁਖ ਬਦਲਣ ਬਾਰੇ ਪ੍ਰਸਤਾਵਿਤ ਰਸਤੇ ਉਤੇ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਸੇਮ ਨਾਲ ਖਰਾਬ ਹੋ ਜਾਵੇਗੀ ਜਦ ਕਿ ਸ਼ਿਵਾਲਕ ਦੀਆਂ ਪਹਾੜੀਆਂ ਨਾਲ ਘਾਟ ਦੇ ਇਲਾਕੇ ਵਿਚੋਂ ਦੀ ਨਹਿਰ ਕੱਢਣ ਨਾਲ ਹਜ਼ਾਰਾਂ ਏਕੜ ਬਹਾਲੀ ਜ਼ਮੀਨ ਨੂੰ ਪਾਣ ਲੱਗੇਗਾ ਤੇ ਕਰੋੜਾਂ ਰੁਪਏ ਦੀ ਪੈਦਾਵਾਰ ਹੋਵੇਗੀ। ਧਾਨ, ਗੰਨਾ, ਨਰਮਾ ਤੇ ਆਲੂ ਆਦਿ ਫਸਲਾਂ ਦੇ ਭਾਅ ਘੱਟ ਦੇ ਕੇ ਅਤੇ ਖਰੀਦ ਦੇ ਨਾਕਸ ਪ੍ਰਬੰਧ ਕਰਕੇ ਕਿਸਾਨਾਂ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਅਕਾਲੀ ਦਲ ਵਲੋਂ ਚੋਣਾਂ ਵਿਚ ਬਿਜਲੀ ਦੇ ਪੁਰਾਣੇ ਰੇਟ ਕਰਨਾ, ਪੱਕੇ ਖਾਲਾਂ ਦੇ ਪੈਸੇ ਮਾਫ ਕਰਨਾ, ਸਹਿਕਾਰੀ ਐਕਟ ਵਿਚੋਂ 67-ਏ ਵਰਗੇ ਕਾਨੂੰਨ ਖਤਮ ਕਰਨ 'ਤੇ ਕਰਜ਼ੇ ਮੁਆਫ ਕਰਨ ਆਦਿ ਵਰਗੇ ਵਾਅਦੇ ਪੂਰੇ ਨਹੀਂ ਕੀਤੇ ਤੇ ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਕਿਸਾਨਾਂ, ਵਿਦਿਆਰਥੀਆਂ ਤੇ ਫੌਜੀਆਂ ਦੇ ਵਿਰੁੱਧ ਬਣਾਏ ਗਏ "ਝੂਠੇ" ਕੇਸ ਵਾਪਸ ਨਹਾ ਲਏ ਗਏ।

# ਸਿੱਖਾਂ ਨੂੰ ਕੈਨੇਡਾ ਦੀ ਫੌਜ 'ਚ ਭਰਤੀ ਹੋਣ ਲਈ ਪ੍ਰੇਰਨਾ

ਟਰਾਂਟੋ — ਕੈਨੇਡਾ ਵਿਚ ਸਿੱਖਾਂ ਨੂੰ ਫੌਜ ਵਿਚ ਭਰਤੀ ਹੋਣ ਲਈ ਪਰੇਰਿਆ ਜਾ ਰਿਹਾ ਹੈ। ਕੈਨੇਡਾ ਦੀ ਫੌਜ ਦੇ ਅਫਸਰ ਕਪੈਟਨ ਰਿੱਲੀ ਸਿੱਖਾਂ ਦੀਆਂ ਮੀਟਿੰਗਾਂ ਵਿਚ ਬਾਕਾਇਦਾ ਹਾਜ਼ਰ ਹੋ ਕੇ ਸਿੱਖਾਂ ਨੂੰ ਫੌਜ ਵਿਚ ਭਰਤੀ ਹੋਣ ਉਤੇ ਮਿਲਣ ਵਾਲੇ ਫਾਇਦਿਆਂ ਬਾਰੇ ਜਾਣਕਾਰੀ ਦੇ ਰਹੇ ਹਨ। ਟਰਾਂਟੋ ਵਿਚ ਕੋਈ ਇਕ ਹਜ਼ਾਰ ਸਿੱਖਾਂ ਦੀ ਮੀਟਿੰਗ ਵਿਚ ਕੈਪਟਨ ਨੇ ਫੌਜੀ ਸੇਵਾ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਫੌਜੀ ਜਵਾਨਾਂ ਨੂੰ ਚੰਗੀਆਂ ਸਹੂਲਤਾਂ ਮਿਲਦੀਆਂ ਹਨ। ਸ੍ਰੀ ਰਿੱਲੀ ਨੇ ਦੱਸਿਆ ਕਿ ਕੈਨੇਡਾ ਵਿਚ ਫੌਜੀਆਂ ਨੂੰ ਪੰਜ ਸੌ ਡਾਲਰ ਪ੍ਰਤੀ ਮਹੀਨਾ ਤਨਖਾਹ ਦਿਤੀ ਜਾਂਦੀ ਹੈ ਤੇ ਤਿੰਨ ਸਾਲਾਂ ਦੀ ਸਿਖਲਾਈ ਦਿਤੀ ਜਾਂਦੀ ਹੈ। ਭਾਰਤੀ ਸੈਨਾ ਦੇ ਸਾਬਕਾ ਕੈਪਟਨ ਗਰੇਵਾਲ ਨੇ ਕੈਪਟਨ ਰਿੱਲੀ ਦੀ ਸਿੱਖਾਂ ਨਾਲ ਜਾਣ ਪਹਿਚਾਣ ਕਰਵਾਈ।

ਟਰਾਂਟੋ ਦੇ ਗੁਰਦੁਆਰੇ ਵਿਚ ਹੋਏ ਇਸ ਸਮਾਗਮ ਵਿਚ ਖਾਲਿਸਤਾਨੀ ਮੰਗ ਦੇ ਸਮਰਥਕ ਕੁਝ ਵੱਡੇ ਨੇਤਾ ਵੀ ਹਾਜ਼ਰ ਸਨ। ਇਨ੍ਹਾਂ ਨੇਤਾਵਾਂ ਨੇ ਵੱਖਵਾਦ ਦੀ ਹਮਾਇਤ ਕੀਤੀ। ਟਰਾਂਟੋ ਦੇ ਉਪਨਗਰ ਮਿਸੀਸਾਗਾ ਦੇ ਮੇਅਰ ਵੀ ਇਸ ਮੀਟਿੰਗ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਠੀਕ ਤਰ੍ਹਾਂ ਸਮਝਿਆ ਹੀ ਨਹੀਂ ਜਾ ਰਿਹੋ।

# ਸਿੱਖਿਆ ਸੈੱਸ ਲਗਾਉਣ ਦਾ ਐਲਾਨ

ਅੰਮ੍ਰਿਤਸਰ — ਸਿੱਖਿਆ ਮੰਤਰੀ ਸੁਖਜਿੰਦਰ ਸਿੰਘ ਨੇ ਇਥੇ ਕਿਹਾ ਕਿ ਅਗਲੇ ਪੰਜ ਸਾਲਾਂ ਵਿਚ ਸਿਖਿਆ ਸੈਸ ਲਾ ਕੇ ਸਰਕਾਰ 200 ਕਰੋੜ ਰੁਪਏ ਇਕੱਤਰ ਕਰੇਗੀ। ਇਥੇ ਖਾਲਸਾ ਕਾਲਜ ਵਿਚ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵਿਦਿਆ ਦਾ ਮਿਆਰ ਚੁੱਕਣ ਲਈ ਅਤੇ ਸਕੂਲਾਂ ਕਾਲਜਾਂ ਨੂੰ ਲੋੜੀਂਦੀਆਂ ਇਮਾਰਤਾਂ ਦੇਣ ਵਾਸਤੇ, ਪੰਜਾਬ ਦੇ ਲੋਕਾਂ ਨੂੰ ਫੰਡ ਦਾ ਇਹ ਭਾਰ ਸਹਿਣਾ ਹੀ ਪਵੇਗਾ।

ਸਿਖਿਆ ਮੰਤਰੀ ਨੇ ਭਰੋਸਾ ਦਿਵਾਇਆ ਕਿ ਪ੍ਰਾਈਵੇਟ ਕਾਲਜ ਅਧਿਆਪਕਾਂ ਨੂੰ ਸਰਕਾਰੀ ਕਾਲਜ ਅਧਿਆਪਕਾਂ ਦੇ ਬਰਾਬਰ ਸਹੂਲਤਾਂ ਦਿਤੀਆਂ ਜਾਣਗੀਆਂ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਵਿਚ ਵਧੀਆ ਕੰਮ ਦਿਖਾਉਣ ਵਾਲੀ ਵਿਦਿਅਕ ਸੰਸਥਾ ਨੂੰ ਪੰਜ ਲੱਖ ਰੁਪਏ ਦਾ ਇਨਾਮ ਦਿਤਾ ਜਾਵੇਗਾ ਤੇ ਇਉਂ ਇਸ ਖੇਤਰ ਵਿਚ ਸਿਹਤਮੰਦ ਮੁਕਾਬਲਾ ਪੈਦਾ ਕੀਤਾ ਜਾਵੇਗਾ।

# ਬੰਗਲਾ ਦੇਸ਼ ਵਿਚ ਲੋਕਰਾਜ ਦੀ ਬਹਾਲੀ ਛੇਤੀ — ਇਰਸ਼ਾਦ

ਢਾਕਾ — ਬੰਗਲਾ ਦੇਸ਼ ਦੇ ਰਾਸ਼ਟਰਪਤੀ ਜਨਰਲ ਇਰਸ਼ਾਦ ਨੇ ਇਥੇ ਕਿਹਾ ਕਿ ਦੇਸ਼ ਵਿਚ ਲੋਕ ਰਾਜ ਹਰ ਹਾਲਤ ਵਿਚ ਬਹਾਲ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਚੋਣਾਂ ਬਾਰੇ ਵਿਰੋਧੀ ਦਲਾਂ ਨਾਲ ਗਲਬਾਤ ਕੀਤੀ ਜਾਏਗੀ ਅਤੇ ਹੁਣ ਜਦੋਂ ਵੋਟਾਂ ਦਾ ਫੈਸਲਾ ਕਰ ਲਿਆ ਗਿਆ ਤਾਂ ਚੋਣਾਂ ਹਰ ਸੂਰਤ ਵਿਚ ਕਰਵਾਈਆਂ ਜਾਣਗੀਆਂ। ਮਲੇਸ਼ੀਆ ਦੇ ਦੌਰ ਤੋਂ ਪਰਤਣ ਉਤੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਗਲੇ ਮਹੀਨੇ ਇਥੇ ਹੋਣ ਵਾਲੀ ਦੱਖਣੀ ਏਸ਼ੀਆ ਖੇਤਰ ਦੇ ਦੇਸ਼ਾਂ ਦੀ ਮੀਟਿੰਗ ਪਿਛੋਂ ਦੇਸ਼ ਵਿਚ ਸਿਆਸੀ ਸਰਗਰਮੀਆਂ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚੋਣਾਂ ਅਗਲੇ ਸਾਲ ਮਾਰਚ ਅਪਰੈਲ ਜਾਂ ਇਸ ਤੋਂ ਪਹਿਲਾਂ ਵੀ ਹੋ ਸਕਦੀਆਂ ਹਨ। ਬੰਗਲਾ ਦੇਸ਼ ਦੇ ਰਾਸ਼ਟਰਪਤੀ ਨੇ ਕਿਹਾ ਕਿ ਚੋਣਾਂ ਲਈ ਤਾਰੀਖ ਦਾ ਫੈਸਲਾ ਵਿਰੋਧੀ ਪਾਰਟੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਕੀਤਾ ਜਾਵੇਗਾ।

ਜਨਰਲ ਇਰਸ਼ਦਾ ਨੇ ਕਿਹਾ ਕਿ ਸਰਕਾਰ ਪੱਖੀ ਪੰਜ ਪਾਰਟੀ ਫਰੰਟ ਨੂੰ ਚੋਣਾਂ ਤੋਂ ਪਹਿਲਾਂ ਇਕ ਸਿਆਸੀ ਪਾਰਟੀ ਵਿਚ ਬਦਲ ਦਿਤਾ ਜਾਵੇਗਾ। ਮਲੇਸ਼ੀਆ ਦੇ ਦੌਰੇ ਨੂੰ ਬਹੁਤ ਸਫਲ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਮਲੇਸ਼ੀਆ ਵੀ ਦੱਖਣੀ ਏਸ਼ੀਆ ਦੇ ਖਿਤੇ ਦੇ ਸੱਤ ਦੇਸ਼ਾਂ ਵਿਚ ਸਹਿਯੋਗ ਵਧਾਏ ਜਾਣ ਦਾ ਚਾਹਵਾਨ ਹੈ। ਜਨਰਲ ਇਰਸ਼ਾਦ ਨੇ ਕਿਹਾ ਕਿ ਮਲੇਸ਼ੀਆ ਵਲੋਂ ਬੰਗਲਾਦੇਸ਼ ਵਿਚ ਮਜ਼ਦੂਰ ਭਰਤੀ ਕਰਨ ਦੇ ਸਵਾਲ ਉਤੇ ਵਿਚਾਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੀ ਸਾਂਝੀ ਸਮੁੰਦਰੀ ਜਹਾਜ਼ੀ ਕੰਪਨੀ ਤਿਆਰ ਕੀਤੀ ਜਾਵੇਗੀ।

# ਫੈਡਰੇਸ਼ਨ ਤਖਤ ਦੀ ਮੁੜ ਉਸਾਰੀ ਲਈ ਕਮੇਟੀ ਬਣਾਏਗੀ

ਅੰਮ੍ਰਿਤਸਰ — ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਅਕਾਲ ਤਖਤ ਦੀ ਮੁੜ ਉਸਾਰੀ ਲਈ ਦਮਦਮੀ ਟਕਸਾਲ ਦੀ ਸੇਧ ਹੇਠ ਸਿੱਖਾਂ ਦੀਆਂ ਧਾਂਰਮਿਕ ਹਸਤੀਆਂ ਦੀ ਇਕ ਕਮੇਟੀ ਕਾਇਮ ਕਰੇਗੀ। ਫੈਡਰੇਸ਼ਨ ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਨੇ ਇਥੇ ਕਿਹਾ ਕਿ ਦਮਦਮੀ ਟਕਸਾਲ ਨੇ ਦਰਬਾਰ ਸਾਹਿਬ ਕੰਪਲੈਕਸ ਦੀ ਮਰਿਆਦਾ ਦੀ ਹਿਫਾਜ਼ਤ ਵਿਚ ਅਹਿਮ ਰੋਲ ਅਦਾ ਕੀਤਾ ਹੈ ਅਤੇ ਉਸ ਨੂੰ ਤਖਤ ਦੀ ਮੁੜ-ਉਸਾਰੀ ਵਿਚ ਅਹਿਮ ਰੋਲ ਸੌਂਪਿਆ ਜਾਣਾ ਚਾਹੀਦਾ ਹੈ।

# ਲੰਕਾਂ ਦੀ ਫੌਜ ਹੱਥੋਂ 33 ਤਾਮਿਲਾਂ ਦੀ ਹੱਤਿਆ

ਕੋਲੰਬੋ — ਸ੍ਰੀ ਲੰਕਾ ਦੀਆਂ ਸੁਰੱਖਿਆ ਫੌਜਾਂ ਨੇ ਦੇਸ਼ ਦੇ ਪੂਰਬੀ ਟ੍ਰਿਮਕੋਮਾਲੀ ਜ਼ਿਲੇ ਵਿਚ ਪਿਛਲੇ ਤਿੰਨ ਦਿਨਾਂ ਦੌਰਾਨ ਘੱਟੋ ਘੱਟ 33 ਤਾਮਿਲ ਅਤਿਵਾਦੀਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ। ਇਹ ਅਤਿਵਾਦੀ ਵੀਰਵਾਰ ਨੂੰ ਇਕ ਸਿੰਹਲੀ ਪਿੰਡ 'ਤੇ ਹਮਲੇ ਦੌਰਾਨ ਦਸ ਵਿਅਕਤੀਆਂ ਨੂੰ ਮਾਰਨ ਵਾਲੇ ਤਾਮਿਲ ਬਾਗੀਆਂ ਦੀ ਤਲਾਸ਼ ਦੌਰਾਨ ਫੌਜ ਤੇ ਪੁਲੀਸ ਦੇ ਹੱਥੀਂ ਚੜ੍ਹੇ।

ਸ੍ਰੀ ਲੰਕਾ ਸਰਕਾਰ ਦੇ ਇਕ ਤਰਜਮਾਨ ਨੇ ਇਥੇ ਦੱਸਿਆ ਕਿ ਫੌਜ ਤੇ ਪੁਲਸ ਵਲੋਂ ਅਤਿਵਾਦੀਆਂ ਦੇ ਸਫਾਏ ਦੀ ਮੁਹਿਮ ਜਾਰੀ ਹੈ। ਇਸੇ ਦੌਰਾਨ ਅਤਿਵਾਦੀਆਂ ਨੇ ਟ੍ਰਿਮਕੋਮਾਲੀ ਜ਼ਿਲੇ ਵਿਚ ਸਿਤਾਰੂ ਪਿੰਡ ਦੇ ਨੇੜੇ ਇਕ ਬਾਰੂਦੀ ਸੁਰੰਗ ਰਾਹੀਂ ਇਕ ਬੱਸ ਨੂੰ ਉਡਾ ਦਿਤਾ ਜਿਸ ਕਾਰਨ ਬੱਸ ਦੇ ਛੇ ਮੁਸਾਫਰ ਮੌਕੇ 'ਤੇ ਹੀ ਹਲਾਕ ਹੋ ਗਏ।

ਮਰਨਾ ਹੈ ਕੁਝ ਕਰਕੇ ਮਰ।
ਮੌਤ ਬਣੇ ਜ਼ਿੰਦਗੀ ਦਾ ਵਰ।

ਪੰਛੀ! ਉਡਣਾ ਛੱਡ ਨਾ ਭਾਵੇਂ,
ਕੱਟ ਦਿੱਤੇ ਨੇ ਤੇਰੇ ਪਰ।

# ਸ਼ਾਹ ਸਰਕਾਰ ਬਰਤਰਫ ਕਰੋ — ਡਾ. ਫਾਰੂਕ

ਅੰਮ੍ਰਿਤਸਰ — — ਨੈਸ਼ਨਲ ਕਾਨਫਰੰਸ (ਫਾਰੂਕ) ਦੇ ਪ੍ਰਧਾਨ ਤੇ ਜੰਮੂ ਕਸ਼ਮੀਰ ਦੇ ਸਾਬਕਾ ਮੁਖ ਮੰਤਰੀ ਡਾ: ਫਾਰੂਕ ਅਬਦੁੱਲਾ ਨੇ ਜੰਮੂ ਕਸ਼ਮੀਰ ਦੀ ਜੀ. ਐਮ. ਸ਼ਾਹ ਸਰਕਾਰ ਦੀ ਬਰਤਰਫੀ ਅਤੇ ਰਾਜ ਵਿਚ ਨਵੇਂ ਸਿਰਿਓਂ ਚੋਣਾਂ ਕਰਵਾਏ ਜਾਣ ਦੀ ਮੰਗ ਕੀਤੀ। ਅੰਮ੍ਰਿਤਸਰ ਦੀ ਆਪਣੀ ਸੰਖੇਪ ਜਿਹੀ ਫੇਰੀ ਦੌਰਾਨ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਮੁਖ ਮੰਤਰੀ ਨੇ ਕਿਹਾ ਹੈ ਕਿ ਕੇਂਦਰ ਨੂੰ ਰਾਜ ਵਿਚ ਤੁਰੰਤ ਰਾਸ਼ਟਰਪਤੀ ਰਾਜ ਕਾਇਮ ਕਰਨਾ ਚਾਹੀਦਾ ਹੈ।

ਉਨ੍ਹਾਂ ਨੇ ਸ਼ਾਹ ਸਰਕਾਰ 'ਤੇ ਭ੍ਰਿਸ਼ਟਾਚਾਰ ਨੂੰ ਉਤਸ਼ਾਹਤ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਮੌਜੂਦਾ ਸਰਕਾਰ ਦੇ ਵਿਵਹਾਰ ਤੋਂ ਅਫਸਰਸ਼ਾਹੀ ਬਹੁਤ ਖਫਾ ਹੈ। ਡਾ: ਫਾਰੂਕ ਅਬਦੁੱਲਾ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਤੇ ਕਾਂਗਰਸ (ਆਈ) ਵਿਚਾਲੇ ਗਠਜੋੜ ਹੋ ਰਿਹਾ ਹੈ। ਪਰ ਨਾਲ ਹੀ ਉਨ੍ਹਾਂ ਸੰਕੇਤ ਦਿਤਾ ਕਿ ਰਾਜ ਵਿਚ "ਜਮਹੂਰੀਅਤ ਦੀ ਬਹਾਲੀ" ਲਈ ਕਾਂਗਰਸ ਵਲੋਂ ਨੈਸ਼ਨਲ ਕਾਨਫਰੰਸ ਨੂੰ "ਇਕ ਤਰ੍ਹਾਂ ਦਾ ਸਮਰਥਨ" ਦਿਤੇ ਜਾਣ ਦੀ ਸੰਭਾਵਨਾ ਟਾਲੀ ਨਹੀਂ ਜਾ ਸਕਦੀ।

ਸਾਬਕਾ ਮੁਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਵਿ ਸ਼ੇ 'ਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਆਸ ਹੈ ਕਿ ਸਹੀ ਸਮਾਂ ਆਉਣ 'ਤੇ ਉਨ੍ਹਾਂ ਨੂੰ ਪ੍ਰਧਾਂਨ ਮੰਤਰੀ ਦੀ ਹਮਾਇਤ ਮਿਲੇਗੀ। ਡਾ. ਅਬਦੁੱਲਾ ਨੇ ਜੰਮੂ-ਕਸ਼ਮੀਰ ਵਿਚ ਵੱਖਵਾਦੀਆਂ ਅਤੇ ਅਤਿਵਾਦੀਆਂ ਦੀਆਂ ਸਰਗਰਮੀਆਂ ਵਿਚ ਵਾਧੇ ਲਈ ਸ਼ਾਹ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਰਾਜ ਵਿਚ ਵੱਡੀਆਂ ਸਨਅਤਾਂ ਕਾਇਮ ਕਰਕੇ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇ ਕੇ ਵੱਖਵਾਦੀਆਂ ਨੂੰ ਨੱਥ ਪਾਈ ਜਾ ਸਕਦੀ ਹੈ।

ਜ਼ਿੰਦਗੀ ਸਫ਼ਰ ਹੈ
ਤਾਂ ਤੁਰਨਾ ਹੋਵੇਗਾ
ਤੇ ਤੁਰਨ ਲਈ ਵਾਦ-ਵਿਵਾਦ ਜ਼ਰੂਰੀ ਹੈ
ਪਰ ਇਹ ਬੇ-ਦਲੀਲ ਵਾਦ-ਵਿਵਾਦ
ਤਾਂ ਇਕ ਰਾਤ ਹੈ
ਜਿਸਦੀ ਕੋਈ ਪ੍ਰਭਾਤ ਨਾ ਪਹੁ-ਫੁਟਾਲਾ

## ਅਕਾਲੀ ਸਿੰਘ ਸਿੱਖ ਸੁਸਾਇਟੀ ਵਲੋਂ ਸੂਚਨਾ

ਮੈਂਬਰ ਸਾਹਿਬਾਨ ਜੀਓ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਜੀ ਨੂੰ ਜੋ ਸਾਲ 1986 ਦੇ ਸੇਵਾਦਾਰਾਂ ਲਈ ਨੋਮੀਨੇਸ਼ਨ ਅਤੇ ਚੋਣ ਸਬੰਧੀ ਜੋ ਚਿੱਠੀ ਆਪ ਜੀ ਨੂੰ ਭੇਜੀ ਗਈ ਹੈ ਉਸਦੀ ਮਿਤੀ 1 ਨਵੰਬਰ 1985 ਸੀ ਜੋ ਕਿ ਗਲਤੀ ਨਾਲ ਪ੍ਰਿੰਟ ਨਹੀਂ ਹੋ ਸਕੀ। ਇਸ ਲਈ ਅਸੀਂ ਖਿਮਾਂ ਦੇ ਜਾਚਕ ਹਾਂ। ਸਬੰਧਤ ਸੱਜਣ ਨੋਟ ਕਰ ਲੈਣ। ਉਸ ਚਿੱਠੀ ਨੂੰ ਨਵੰਬਰ 19,1985 ਦੀ ਚਿੱਠੀ ਸਮਝਣ। ਧੰ ਧੰਨਵਾਦੀ ਹੋਵਾਂਗੇ।

ਧੰਨਵਾਦ ਸਹਿਤ

ਪ੍ਰਬੰਧਕ ਸੇਵਾਦਾਰ
ਅਕਾਲੀ ਸਿੰਘ ਸਿੱਖ ਸੁਸਾਇਟੀ

NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167

ਭਾਰਤ ਜਾਣ ਦੀ ਤਿਆਰੀ ਹੈ?
East West Travel Ltd.

ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661

5320 - 8th AVE. S.E. CALGARY, ALTA T2A 4L7

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

# ਸੰਪਾਦਕੀ

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਨ ਸੰਦੇਸ਼

ਸ੍ਰੀ ਗੁ ਗੁਰੂ ਨਾਨਕ ਦੇਵ ਜੀ ਜੋ ਸਿੱਖ ਧਰਮ ਦੇ ਬਾਨੀ ਹਨ, ਦਾ ਜਨਮ ਦਿਹਾੜਾ ਹਰ ਸਾਲ ਮਨਾਇਆ ਜਾਂਦਾ ਹੈ। ਰਸਮੀ ਤੌਰ ਅਜੇਹੇ ਮਹਾਨ ਗੁਰੂ ਦਾ ਜਨਮ ਦਿਹਾੜਾ ਮਨਾਉਣਾ ਹੋਰ ਗੱਲ ਹੈ ਪਰ ਉਸਦੇ ਸੰਦੇਸ਼ ਨੂੰ ਆਮ ਲੋਕਾਂ ਤਕ ਪਹੁੰਚਾਉਣਾ ਹਰ ਸਿੱਖ ਦਾ ਫਰਜ਼ ਹੈ। ਅਜੋਕੇ ਸਮੇਂ ਵਿਚ ਉਨ੍ਹਾਂ ਦਾ ਸੰਦੇਸ਼ ਹੋਰ ਵੀ ਮਹਾਨਤਾ ਭਰਪੂਰ ਬਣ ਗਿਆ ਹੈ ਜਦ ਕਿ ਧਰਮਾਂ ਦੇ ਨਾਂ ਉਤੇ ਲੜਾਈਆਂ ਕਰਵਾਕੇ ਕੁਝ ਲੋਕ ਆਪਣਾ ਉਲੂ ਸਿੱਧ ਕਰਨ ਉਤੇ ਲੱਗੇ ਹੋਏ ਹਨ। ਉਨ੍ਹਾਂ ਦੀ ਮਲਕ ਭਾਗੋ ਅਤੇ ਭਾਈ ਲਾਲੋ ਵਾਲੀ ਸਾਖੀ ਉਤੇ ਕਿੰਨਾ ਕੁ ਅਮਲ ਕੀਤਾ ਜਾ ਰਿਹਾ ਹੈ? ਸਰਮਾਏਦਾਰ ਲੋਕਾਂ ਬਾਰੇ ਜੋ ਬਾਬੇ ਨਾਨਕ ਨੇ ਉਚਾਰਿਆ ਹੈ — ਕੀ ਅਸੀਂ ਉਸ ਸਿਖਿਆ ਉਤੇ ਅਮਲ ਕਰ ਰਹੇ ਹਾਂ? ਉਨ੍ਹਾਂ ਦੇ ਸੰਦੇਸ਼ ਨੂੰ ਭੁਲਾਕੇ ਉਨ੍ਹਾਂ ਦੇ ਨਾਂ ਉਤੇ ਵਪਾਰ ਚਲਾਏ ਜਾ ਰਹੇ ਹਨ — ਉਨ੍ਹਾਂ ਦਾ ਸੰਦੇਸ਼ ਲਿਖਤੀ ਰੂਪ ਵਿਚ ਛਾਪਣ ਅਤੇ ਲੋਕਾਂ ਵਿਚ ਵੰਡਣ ਦੀ ਥਾਂ, ਉਨ੍ਹਾਂ ਦੀ ਤਸਵੀਰਾਂ ਵੇਚ ਕੇ ਲੋਕਾਂ ਨੂੰ ਪਰਚਾਇਆ ਜਾ ਰਿਹਾ ਹੈ।

'ਰਾਜੇ ਸ਼ੀਂਹ, ਮੁਕੱਦਮ ਕੁੱਤੇ' ਕਹਿਣ ਵਾਲੇ ਨਿਡਰ ਗੁਰੂ ਦੀ ਸਿਖਿਆ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਮਾਇਆ ਦੀ ਦੌੜ ਵਿਚ ਮਸਤ ਲੋਕ ਗੁਰੂਆਂ ਦੇ ਨਾਂ ਵਰਤਕੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਦੀਆਂ ਕੁਚਾਲਾਂ ਚਲ ਰਹੇ ਹਨ।

ਧਰਮ ਵਰਗੇ ਪਵਿਤਰ ਜਜ਼ਬੇ ਨੂੰ ਗਲਤ ਰੰਗ ਦੇ ਕੇ ਆਪਣੇ ਨਿੱਜੀ ਮੁਫਾਦਾਂ ਲਈ ਵਰਤਣ ਦੀ ਕੋਸ਼ਿਸ਼ ਸਾਜਸ਼ੀ ਲੋਕ ਹਮੇਸ਼ਾਂ ਹੀ ਚਲਦੇ ਰਹੇ ਹਨ। ਸਾਧਾਰਨ ਲੋਕ ਅਜਿਹੇ ਮਨਮਤੀਏ ਲੀਡਰਾਂ ਦੇ ਜਾਲ ਵਿਚ ਫਸ ਜਾਂਦੇ ਹਨ ਅਤੇ ਇਹ ਲੋਕ ਉਨ੍ਹਾਂ ਸਾਧਾਰਨ ਲੋਕਾਂ ਨੂੰ ਵਰਤਕੇ ਮਨ ਆਈਆਂ ਕਰਦੇ ਹਨ।

ਗੁਰੂ ਘਰਾਂ ਵਿਚ ਗੁਰੂਆਂ ਦੇ ਸੰਦੇਸ਼ ਦਾ ਪ੍ਰਚਾਰ ਕਰਨਾ ਜ਼ਰੂਰੀ ਹੈ — ਇਸੇ ਲਈ ਸਿਆਸੀ ਪੜਪੰਚਾਂ ਲਈ ਗੁਰੂ ਘਰਾਂ ਦੀਆਂ ਸਟੇਜਾਂ ਨੂੰ ਕਦਾਚਿਤ ਨਹੀਂ ਵਰਤਿਆ ਜਾਣਾ ਚਾਹੀਦਾ। ਸਾਧਾਰਨ ਲੋਕ ਗੁਰੂ ਘਰਾਂ ਵਿਚ ਆਪਣੀ ਮਾਨਸਿਕ ਸ਼ਾਂਤੀ ਅਤੇ ਮਾਨਸਿਕ ਤ੍ਰਿਪਤੀ ਲਈ ਜਾਂਦੇ ਹਨ। ਇਹ ਮਾਨਸਿਕ ਸ਼ਾਂਤੀ ਅਤੇ ਮਾਨਸਿਕ ਤ੍ਰਿਪਤੀ ਉਨ੍ਹਾਂ ਨੂੰ ਗੁਰੂਆਂ ਦੀ ਰਚੀ ਗੁਰਬਾਣੀ ਦਾ ਪਰਚਾਰ ਹੀ ਦੇ ਸਕਦਾ ਹੈ। ਧਾਰਮਕ ਸੂਝ ਤੋਂ ਕੋਰੇ ਵਿਅਕਤੀ ਜਦ ਗੁਰੂ ਘਰਾਂ ਦੀਆਂ ਸਟੇਜਾਂ ਦਾ ਸ਼ਿਗਾਰ ਬਣਦੇ ਹਨ ਉਸ ਸਮੇਂ ਹੀ ਗੁਰੂ ਘਰਾਂ ਦਾ ਵਾਤਾਵਰਣ ਦੂਸਿਤ ਹੁੰਦਾ ਹੈ।

ਇਸ ਲਈ ਗੁਰੂਆਂ ਦੇ ਜਨਮ ਉਤਸਵਾਂ ਉਤੇ ਉਨ੍ਹਾਂ ਦੀਆਂ ਮਹਾਨ ਸਿਖਿਆਵਾਂ ਨੂੰ ਅਮਲੀ ਜ਼ਿੰਦਗੀ ਵਿਚ ਲਾਗੂ ਹੋਣ ਵਾਲੇ ਉਪਦੇਸ਼ ਦਿਤੇ ਜਾਣੇ ਚਾਹੀਦੇ ਹਨ। ਇਨ੍ਹਾਂ ਨਾਲ ਹੀ ਗੁਰੂ ਘਰਾਂ ਦਾ ਮਾਹੌਲ ਵੀ ਸ਼ਾਂਤ ਹੋਵੇਗਾ ਅਤੇ ਨਾਲ ਹੀ ਲੋਕਾਂ ਨੂੰ ਮਾਨਸਿਕ ਸ਼ਾਂਤੀ ਮਿਲ ਸਕੇਗੀ।

## ਕਣਕ ਦਾ 93 ਲੱਖ ਟਨ ਉਤਪਾਦਨ ਦਾ ਨਿਸ਼ਾਨਾ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਇਸ ਵਾਰ ਕਣਕ ਦੇ ਉਤਪਾਦਨ ਲਈ 97 ਲੱਖ ਟਨ ਦਾ ਟੰਚਾ ਮਿਥਿਆ ਹੈ। ਪਿਛਲੇ ਸਾਲ 93 ਲੱਖ ਟਨ ਕਣਕ ਉਤਪਾਦਨ ਕਰਨ ਦਾ ਫੈਸਲਾ ਸੀ ਪ੍ਰੰਤੂ ਭਰਵੀਂ ਫਸਲ ਕਾਰਨ 101.93 ਲੱਖ ਟਨ ਕਣਕ ਦੀ ਪੈਦਾਵਾਰ ਹੋਈ ਸੀ। ਇਹ ਜਾਣਕਾਰੀ ਖੇਤੀਬਾੜੀ ਬੁਲਾਰੇ ਨੇ ਦਿਤੀ ਹੈ।

## 'ਇੰਡੋ ਕਨੇਡੀਅਨ ਵਿਚ ਛਪੇ ਕੂ-ਕਲਕਸ ਕਲੈਨ ਦੇ ਖਤ ਦੇ ਪ੍ਰਤੀਕਰਮ ਵਿਚ

ਸੰਪਾਦਿਕ ਕੈਨੇਡਾ ਦਰਪਣ,

ਸ੍ਰੀ ਮਾਨ ਅਸੀਂ ਇਹ ਖਤ ਇਥੋਂ ਨਿਕਲਦੇ ਅਖਬਾਰ ਇੰਡੋ-ਕਨੇਡੀਅਨ ਦੇ ਨਵੰਬਰ 15 ਵਾਲੇ ਅੰਕ ਦੇ ਸਫਾ 15 ਉਪਰ ਛਪੀ ਇਕ ਚਿੱਠੀ ਦੇ ਸਬੰਧ ਵਿਚ ਲਿਖ ਰਹੇ ਹਾਂ। ਇਹ ਚਿੱਠੀ ਅਮਰੀਕਾ/ਕੈਨੇਡਾ ਦੀ ਇਕ ਨਸਲਵਾਦੀ ਸੰਸਥਾ ਕੂ ਕਲੱਕਸ ਕਲੈਨ ਦੇ ਇਕ ਲੀਡਰ ਏਸਿਕਸਨਾ ਨੇ ਕਿਨਸਿੰਗਟਨ ਓਨਟੇਰਿਓ ਦੀ ਜੇਲ ਵਿਚੋਂ ਸਿੱਖਾਂ ਦੇ ਨਾਂ ਲਿਖਿਆ ਹੈ। ਇਸ ਖਤ ਵਿਚ ਇਸ ਨਸਲਵਾਦੀ ਗੋਰੇ ਨੇ ਕੂ ਕਲਕਸ ਕਲੈਨ ਨੂੰ ਸਿੱਖਾਂ ਦਾ ਦੋਸਤ ਕਿਹਾ ਹੈ ਅਤੇ ਉਹਨਾਂ ਦੇ ਧਰਮਯੁੱਧ ਵਿਚ ਮਦਦ ਕਰਨ ਦਾ ਵਾਇਦਾ ਕੀਤਾ ਹੈ। ਖਤ ਵਿਚ ਉਸ ਨੇ ਇਹ ਹੈਰਾਨੀ ਵੀ ਪਰਗਟ ਕੀਤੀ ਹੈ ਕਿ ਸਿਖ ਕਲੈਨ ਦੇ ਵਿਰੁੱਧ ਕਿਉਂ ਹਨ। ਉਹ ਲਿਖਦਾ ਹੈ: "ਪਰ ਮੈਨੂੰ ਇਕ ਗੱਲ ਦੀ ਸਮਝ ਨਹੀਂ ਲੱਗੀ ਕਿ ਸਿਖ ਸਾਡੇ ਖਿਲਾਫ ਕਿਉਂ ਹਨ। ਮੈਨੂੰ ਅੰਦਾਜ਼ਾ ਲਗਦਾ ਹੈ ਕਿ ਸਿਖ ਸਾਡੇ ਬਾਰੇ ਕੁਝ ਨਹੀਂ ਜਾਣਦੇ।" ਸਿਕਸਨਾ ਸਾਰਾ ਕਸੂਰ ਕੌਮਿਨਿਸਟਾਂ ਵਿਚ ਕੱਢਦਾ ਹੈ ਤੇ ਕਹਿਦਾ ਹੈ "ਅਸੀਂ ਕੌਮਨਿਸਟਾਂ ਦੇ ਖਿਲਾਫ ਹਾਂ ਤੇ ਹੁਣ ਜੋ ਕੁਝ ਹਿੰਦੋਸਤਾਨ ਵਿਚ ਲਾਲ ਕੁੱਤਿਆਂ ਨੇ ਸਿੱਖਾਂ ਨਾਲ ਕੀਤਾ ਹੈ ਇਹ ਵੀ ਉਹਨਾਂ ਦੇ ਖਿਲਾਫ ਆਜ਼ਾਦੀ ਪ੍ਰਾਪਤ ਕਰਨ ਤਕ ਲੜਦੇ ਰਹਿਣਗੇ। ਅਸੀਂ ਸਿੱਖਾਂ ਦੇ ਨਾਲ ਹਾਂ। ਮੈਨੂੰ ਪਤਾ ਨਹੀਂ ਜਦੋਂ ਮੈਂ ਜੇਹਲ 'ਚੋਂ ਬਾਹਰ ਆਵਾਂਗਾ ਤਾਂ ਕਿੰਨਾ ਰਾਜਨੀਤਕ ਕੰਮ ਕਰਨ ਦੀ ਸਰਕਾਰ ਇਜਾਜ਼ਤ ਦੇਵੇਗੀ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਸਿਖਾਂ ਦੇ ਵਿਰੁੱਧ ਕਦੇ ਕੁਝ ਨਹੀਂ ਕਿਹਾ ਤੇ ਨਾ ਹੀ ਕਦੇ ਸਿਖਾਂ ਦੇ ਖਿਲਾਫ ਕੁਝ ਕਹਾਂਗੇ।" (ਸਿਕਸਨਾ ਦੇ ਖਤ ਵਿਚੋਂ)

ਜੋ ਲੋਕ ਕੂਲ ਕਲਕਸ ਕਲੈਨ ਦੇ 120-25 ਸਾਲ ਦੇ ਇਤਿਹਾਸ ਤੋਂ ਵਾਕਿਫ ਹਨ ਉਹ ਭਲੀਭਾਂਤ ਜਾਣਦੇ ਹਨ ਕਿ ਇਸ ਸੰਸਥਾ ਦੇ ਲੀਡਰ ਦੀਆਂ ਗੱਲਾਂ ਵਿਚ ਕਿੰਨੀ ਕੁ ਸਚਾਈ ਹੈ। ਉਹ ਇਹ ਵੀ ਜਾਣਦੇ ਹਨ ਕਿ ਇਹ ਸੰਸਥਾ ਕਿਉਂ ਸ਼ੁਰੂ ਹੋਈ, ਕੀ ਕਰਦੀ ਰਹੀ ਹੈ, ਕੀ ਕਰਦੀ ਹੈ ਤੇ ਕੀ ਕਰਨਾ ਚਾਹੁੰਦੀ ਹੈ। ਕਲੈਨ ਬਾਰੇ ਥੋੜੀ ਬਹੁਤੀ ਜਾਣਕਾਰੀ ਰੱਖਣ ਵਾਲੇ ਲੋਕ ਵੀ ਇਹ ਜਾਣਦੇ ਹਨ ਕਿ ਕਿਸ ਸਿਕਸਨਾ ਦੇ ਇਸ ਕਥਨ "ਅਸੀਂ ਬਲੈਕ ਮਿਲੀਟੈਂਟ ਮਾਰਟਨ ਲੂਥਰ ਕਿੰਗ ਦੀ ਤਰਾਂ ਹੀ ਹਾਂ", ਵਿਚ ਕਿੰਨੀ ਭਿਆਨਕ ਕਿਸਮ ਦਾ ਝੂਠ ਛੁਪਿਆ ਹੋਇਆ ਹੈ। ਕੂ ਕਲਕਸ ਕਲੈਨ ਦੀ ਅਸਲੀਅਤ ਜਾਨਣ ਲਈ ਇਹ ਜ਼ਰੂਰੀ ਹੈ ਕਿ ਉਹਨਾਂ ਦੇ ਇਤਿਹਾਸ ਉਪਰ ਇਕ ਸੰਖੇਪ ਨਜ਼ਰ ਮਾਰੀ ਜਾਵੇ:

ਅਮਰੀਕਾ ਦੀ 1861-65 ਤੱਕ ਦੀ ਘਰੇਲੂ-ਜੰਗ ਵਿਚ ਦੱਖਣੀ ਸੂਬਿਆਂ ਦੀ ਹਾਰ ਪਿਛੋਂ ਕਾਲੇ ਗੁਲਾਮਾਂ ਨੂੰ ਦਬਾਅ ਕੇ ਰੱਖਣ ਲਈ ਕਈ ਕਿਸਮ ਦੀਆਂ ਜੱਥੇਬੰਦੀਆਂ ਹੋਂਦ ਵਿਚ ਆਈਆਂ। ਜਿਹਨਾਂ ਵਿਚੋਂ ਕੁਝ ਇਕ ਦੇ ਨਾਂ ਸਨ, 'ਨਾਈਟਸ ਆਫ ਦੀ ਬਲੈਕ ਕਰਾਸ' 'ਨਾਈਟਸ ਆਫ ਦੀ ਵਾਈਟ ਕਾਮੇਲੀਆ' 'ਨਾਈਟਸ ਆਫ ਦੀ ਵਾਈਟ ਰੋਜ਼' 'ਪੇਲ ਫੇਸਸ', 'ਰੈਡ ਜੈਕਟਸ' ਅਤੇ 'ਵਾਈਟ ਬਰੱਦਰਹੁੱਡ' ਆਦਿ ਕੂ ਕਲਕਸ ਕਲੈਨ ਵੀ ਇਹਨਾਂ ਵਰਗੀ ਹੀ ਇਕ ਸੰਸਥਾ ਸੀ ਜਿਹੜੀ 1865 ਨੂੰ ਪੁਲਾਸ਼ਕੀ ਟੈਨੇਸੀ ਵਿਚ ਸਿਵਲ ਵਾਰ ਦੇ ਜੰਗੀਆਂ ਜਿਹਨਾਂ ਦਾ ਲੀਡਰ ਜੈਨਰਲ ਬੈਡਫੋਰਡ ਫੋਰਸਟ ਸੀ ਨੇ ਖੜੀ ਕੀਤੀ। ਕੂ ਕਲਕਸ ਇਕ ਗਰੀਕ ਅੱਖਰ 'ਕੁਕਲਧੋਫ' ਦਾ ਵਿਗੜਿਆ ਅੰਗਰੇਜ਼ੀ ਰੂਪ ਹੈ ਜਿਸਦਾ ਮਤਲਬ ਹੈ ਘੇਰਾ। ਬਾਕੀਆਂ ਨਾਲੋਂ ਇਸ ਸੰਸਥਾ ਦੇ ਬਹੁਤਾ ਮਸ਼ਹੂਰ ਹੋਣ ਦਾ ਸਿੱਧਾ ਕਾਰਨ ਸੀ ਕਿ ਇਸਨੂੰ ਸਾਊਥ ਦੇ ਕਪਾਹ ਬੀਜਣ ਵਾਲਿਆਂ ਵਲੋਂ ਪੂਰੀ ਹਮਾਇਤ ਮਿਲੀ। ਇਹਨਾਂ ਦਾ ਤਰੀਕਾ ਬੜਾ ਸਿੱਧਾ ਸੀ। ਇਹ ਕਾਲੇ ਲੋਕਾਂ ਨੂੰ ਤਸ਼ੱਦਦ ਰਾਹੀਂ ਡਰਾ ਦਬਾ ਕੇ ਰੱਖਦੇ ਤਾਂ ਕਿ ਉਹਨਾਂ ਤੋਂ ਪਹਿਲਾਂ ਵਾਂਗ ਹੀ ਗੁਲਾਮਾਂ ਵਾਲਾ ਕੰਮ ਲਿਆ ਜਾ ਸਕੇ। ਇਹ ਰਾਤ ਵੇਲੇ ਸਿਰ ਮੂੰਹ ਚਿੱਟੇ ਬੁਰਕਿਆਂ ਵਿਚ ਲਪੇਟ, ਹਥਿਆਰ ਬੰਦ ਹੋ ਤੇ ਘੋੜਸਵਾਰ ਹੋ ਕੇ ਸੁੱਤੇ ਪਏ ਕਾਲੇ ਲੋਕਾਂ ਦੇ ਘਰਾਂ ਉਪਰ ਹਮਲੇ ਕਰਦੇ। ਉਹਨਾਂ ਨੂੰ ਕੁੱਟਦੇ, ਹੱਡ ਪੈਰ ਭੰਨਦੇ, ਜ਼ਖਮੀ ਕਰਦੇ, ਔਰਤਾਂ ਬੱਚਿਆਂ ਤੇ ਬੇ-ਹਥਿਆਰੇ ਮਨੁੱਖਾਂ ਨੂੰ ਗੋਲੀਆਂ ਨਾਲ ਉਡਾਉਂਦੇ ਦਰਖਤਾਂ ਨਾਲ ਟੰਗ ਕੇ ਫਾਹੇ ਲਾਉਂਦੇ, ਜਿਉਂਦਿਆਂ ਨੂੰ ਸਾੜਦੇ। ਇਸ ਤਰ੍ਹਾਂ ਦੇ ਅਣਮਨੁੱਖੀ ਤਰੀਕਿਆਂ ਨਾਲ ਕਾਲੇ ਲੋਕਾਂ ਵਿਚ ਤਸ਼ੱਦਦ ਫੈਲਾ ਕੇ ਉਹਨਾਂ ਨੂੰ ਆਪਣੇ ਹੱਕ ਮੰਗਣ ਤੋਂ ਰੋਕਦੇ। ਚੋਣਾਂ ਵੇਲੇ ਹਰ ਤਰੀਕਾ ਵਰਤ ਕੇ ਕਾਲੇ ਲੋਕਾਂ ਨੂੰ ਵੋਟ ਪਾਉਣ ਤੋਂ ਰੋਕਦੇ। ਮਿਸੀ ਸਿਪੀ ਦੇ ਇਕ ਛੋਟੇ ਜਿਹੇ ਸ਼ਹਿਰ ਵਿਕਸਵਰਗ ਵਿਚ 1874 ਦੀਆਂ ਸ਼ਹਿਰ ਦੀਆਂ ਚੋਣਾਂ ਵੇਲੇ 200 ਕਾਲਾ ਸ਼ਰੇਆਮ ਮਾਰ ਦਿਤਾ ਗਿਆ। ਇਸ ਤਰ੍ਹਾਂ ਦੇ ਹੋਰ ਵੀ ਅਨੇਕਾਂ ਮੌਕਿਆਂ ਵੇਲੇ ਵੱਡੀ ਗਿਣਤੀ ਵਿਚ ਕਾਲਿਆਂ ਨੂੰ ਮਾਰਿਆ ਗਿਆ। ਇਕੱਲੇ ਦੁਕੱਲੇ ਕੇਸ ਤਾਂ ਨਿੱਤ ਦੀ ਘਟਨਾ ਸਨ ਜਿਹਨਾਂ ਦਾ ਕਿਸੇ ਪਾਸੇ ਕੋਈ ਰੀਕਾਰਡ ਵੀ ਨਹੀਂ ਮਿਲਦਾ।

ਅਮਰੀਕਾ ਦੀ ਕੇਂਦਰੀ ਸਰਕਾਰ ਵਲੋਂ 1870 ਦੇ ਸ਼ੁਰੂ ਵਿਚ ਇਸ ਸੰਸਥਾ ਨੂੰ ਗੈਰਕਾਨੂੰਨੀ ਕਰਾਰ ਦੇ ਦਿਤਾ ਗਿਆ ਸੀ। ਪਰ ਇਸ ਨਾਲ ਕੋਈ ਫਰਕ ਨਹੀਂ ਪਿਆ। ਇਹ ਫਿਰ ਪਹਿਲਾਂ ਵਾਂਗ ਹੀ ਕਾਰਵਾਈਆਂ ਕਰਦੇ ਰਹੇ ਕਿਉਂਕਿ ਸਾਊਥ-ਸਟੇਟਸ ਦੇ ਵੱਡੇ ਵੱਡੇ ਜ਼ਮੀਨਦਾਰਾਂ ਦੀ ਇਹਨਾਂ ਨੂੰ ਪੂਰੀ ਪੂਰੀ ਹਮਾਇਤ ਹਾਸਿਲ ਸੀ। ਬਹੁਤ ਸਾਰੇ ਗਰੀਬ ਗੋਰੇ ਵੀ ਕਾਲਿਆਂ ਦੇ ਘੋਲ ਦੀ ਹਮਾਇਤ ਕਰਦੇ ਸਨ। ਇਹਨਾਂ ਗੋਰਿਆਂ ਨੂੰ ਅਮੀਰਾਂ ਤੇ ਉਹਨਾਂ ਦੇ ਹਥਿਆਰ ਕੂ ਕਲਕਸ ਕਲੈਨ ਹੱਥੋਂ ਮਾਰ ਖਾਣੀ ਪੈਂਦੀ। ਗਰੀਬ ਗੋਰੇ ਲੋਕਾਂ ਨੂੰ ਜਿਹੜੇ ਕਾਲਿਆਂ ਦੀ ਮੱਦਦ ਕਰਦੇ ਸਨ 'ਕਾਰਪਟ ਬੈਗਰ' ਸਦਿਆ ਜਾਂਦਾ ਸੀ।

ਇਸ ਸਭ ਕਿਸਮ ਦੇ ਤਸ਼ੱਦਦ ਪਿਛੇ ਸਿਆਸੀ ਤੇ ਆਰਥਿਕ ਕਾਰਨ ਸਨ। ਜਦੋਂ ਤੱਕ ਨਾਰਥ-ਸਟੇਟਸ ਦੇ ਕਾਰਖਾਨੇਦਾਰਾਂ ਨੂੰ ਇਸ ਗੱਲ ਦਾ ਯਕੀਨ ਨਹੀਂ ਹੋ ਗਿਆ ਕਿ ਉਹਨਾਂ ਨੇ ਸਾਊਥ ਦੇ ਜ਼ਿਮੀਦਾਰਾਂ ਦੀ ਤਾਕਤ ਨੂੰ ਪੂਰੀ ਤਰ੍ਹਾਂ ਨੱਪ ਲਿਆ ਹੈ ਉਹ ਕਾਲੇ ਲੋਕਾਂ ਦੀ ਮਾੜੀ ਹਾਲਤ ਨੂੰ ਹਥਿਆਰ ਦੇ ਤੌਰ ਤੇ ਵਰਤਦੇ ਰਹੇ ਤੇ ਕਾਲੇ ਲੋਕਾਂ ਲਈ ਦਰਦ ਦਾ ਇਜ਼ਹਾਰ ਕਰਦੇ ਰਹੇ। ਪਰ ਜਦੋਂ ਉਹਨਾਂ ਦਾ ਆਪਣਾ ਮਤਲਬ ਹੱਲ ਹੋ ਗਿਆ ਤਾਂ ਉਹਨਾਂ ਨੇ ਕਾਲੇ ਲੋਕਾਂ ਵੱਲ ਧਿਆਨ ਦੇਣਾ ਛੱਡ ਦਿਤਾ। 1877 ਤੋਂ ਬਾਅਦ ਸਾਊਥ ਵਿਚ ਪਹਿਲਾਂ ਵਾਲੀਆਂ ਹਾਲਤਾਂ ਕਾਇਮ ਹੋ ਗਈਆਂ। ਕੂ ਕਲਕਸ ਕਲੈਨ ਇਸ ਸਾਰੀ ਜਦੋ ਜਹਿਦ ਵਿਚ ਕਾਲੇ ਲੋਕਾਂ ਨੂੰ ਦਬਾਅ ਕੇ ਰੱਖਣ ਦਾ ਸਭ ਤੋਂ ਵੱਡਾ ਤੇ ਵਧੀਆ ਹਥਿਆਰ ਸੀ ਜਿਸ ਨੂੰ ਕਿ ਪੂਰੀ ਖੁਲ੍ਹ ਨਾਲ ਵਰਤਿਆ ਗਿਆ। ਸਾਊਥ ਸਟੇਟਸ ਵਿਚ 1866 ਤੋਂ 1875 ਤੱਕ ਕਲੈਨ ਨੇ 3500 ਤੋਂ ਉਪਰ ਕਾਲੇ ਲੋਕਾਂ ਦਾ ਖੂਨ ਕੀਤਾ। ਇਹ ਬੰਦੇ ਨੂੰ ਮਾਰਦੇ ਇਸ ਤਰੀਕੇ ਨਾਲ ਸਨ ਕਿ ਬਾਕੀ ਜਿਉਂਦਿਆਂ ਉਪਰ ਡਰ ਨਾਲ ਕਾਬੂ ਪਾਇਆ ਜਾ ਸਕੇ।

ਦੁਨੀਆਂ ਦੀ ਪਹਿਲੀ ਵੱਡੀ ਵੱਡੀ ਲੜਾਈ ਵੇਲੇ ਅਮਰੀਕਾ ਦੇ ਕਾਮਿਆਂ ਨੇ ਯੂਨੀਅਨਾਂ ਵਿਚ ਜਥੇਬੰਦ ਹੋ ਕੇ ਕਾਫੀ ਹੱਕ ਜਿੱਤ ਲਏ ਸਨ। ਪਰ ਲੜਾਈ ਤੋਂ ਬਾਅਦ ਸਰਮਾਏਦਾਰਾਂ ਨੇ ਕਾਮਿਆਂ ਨੂੰ ਮੁੜ ਕਾਬੂ ਕਰਨ ਲਈ ਇਕ ਬਹੁਤ ਵੱਡੀ ਮੁਹਿਮ ਚਲਾਈ ਜਿਹਦੇ ਵਿਰੁੱਧ ਕਾਮਿਆਂ ਵਲੋਂ ਵੀ ਜ਼ਬਰਦਸਤ ਮੁਕਾਬਲਾ ਕੀਤਾ ਗਿਆ। 1919 ਤੋਂ . 1922 ਤੱਕ ਦੱਸ ਮਿਲੀਅਨ ਕਾਮਿਆਂ ਨੇ ਸਟਰਾਈਕਾਂ ਕੀਤੀਆਂ। ਇਹ ਅਮਰੀਕਾ ਦੇ ਇਤਿਹਾਸ ਵਿਚ ਆਪਣੀ ਮਿਸਾਲ ਹੈ। ਇਸੇ ਸਮੇਂ ਦੌਰਾਨ ਆਏ ਆਰਥਿਕ ਮੰਦਵਾੜੇ ਵੇਲੇ ਹਜ਼ਾਰਾਂ ਜਥੇਬੰਦ ਲੋਕਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ। ਸਰਮਾਏਦਾਰੀ ਦੀ ਇਸ ਮੁਹਿਮ ਦਾ ਕਾਲੇ ਲੋਕਾਂ ਨੂੰ ਸਭ ਤੋਂ ਵੱਧ ਸ਼ਿਕਾਰ ਹੋਣਾ ਪਿਆ। ਕਾਲੇ ਲੋਕਾਂ ਨੂੰ ਦਬਾਉਣ ਲਈ ਕੂ ਕਲਕਸ ਕਲੈਨ ਨੂੰ ਫੇਰ ਖੁਲ੍ਹੇ ਤੌਰ ਤੇ ਵਰਤਿਆ ਗਿਆ। ਸਾਊਥ ਦੇ ਸਾਰੇ ਸੂਬਿਆਂ ਵਿਚ ਕਲੈਨ ਦੀ ਸਰਦਾਰੀ ਸੀ। ਇਸ ਸਮੇਂ ਇਸ ਸੰਸਥਾ ਦੇ ਮੈਂਬਰਾਂ ਦੀ ਗਿਣਤੀ ਪੰਜ ਮਿਲੀਅਨ (ਪੰਜਾਹ ਲੱਖ) ਸੀ ਸਾਰੇ ਸਾਊਥ ਵਿਚ ਤਸ਼ੱਦਦ ਜਾਰੀ ਸੀ।

ਪਹਿਲੀ ਵੱਡੀ ਲੜਾਈ ਵਿਚ ਕਾਲੇ ਫੌਜੀ ਵੀ ਭਾਰੀ ਗਿਣਤੀ ਵਿਚ ਸਨ ਉਹ ਜਦੋਂ ਯੂਰਪ ਤੋਂ ਵਾਪਿਸ ਆਏ ਤਾਂ ਕਈਆਂ ਨੂੰ ਯੂਰਪ ਵਿਚੋਂ ਖਾਸ ਕਰ ਫਰਾਂਸ ਵਿਚੋਂ ਸਮਾਜਕ ਬਰਾਬਰਤਾ ਦਾ ਪਤਾ ਲੱਗਾ। ਉਹ ਇਥੇ ਆ ਕੇ ਵੀ ਉਸ ਸਮਾਜਕ ਬਰਾਬਰਤਾ ਨੂੰ ਲਾਗੂ ਕਰਨਾ ਚਾਹੁੰਦੇ ਸਨ। ਕਾਲੇ ਫੌਜੀਆਂ ਦੇ ਇਸ ਭੁਲੇਖੇ ਨੂੰ ਦੂਰ ਕਰਨ ਲਈ ਕਲੈਨ ਵਲੋਂ ਉਹਨਾਂ ਉਪਰ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਕਈ ਕਾਲੇ ਅਜੇ ਫੌਜੀ ਵਰਦੀਆਂ 'ਚ ਹੀ ਸਨ ਜਦੋਂ ਉਹਨਾਂ ਨੂੰ ਲੋਕਾਂ ਵਿਚ ਖੁੱਲੀਆਂ ਥਾਵਾਂ ਤੇ ਫਾਹੇ ਲਾਇਆ ਗਿਆ। ਦਰੱਖਤਾਂ ਨਾਲ ਬੰਨ੍ਹ ਕੇ ਜਿਉਂਦੇ ਸਾੜਿਆ ਗਿਆ ਤਾਂ ਕਿ ਉਹਨਾਂ ਦੇ ਦਿਮਾਗਾਂ ਵਿਚੋਂ ਸਮਾਜਕ ਬਰਾਬਰਤ ਦਾ ਭੁਲੇਖਾ ਕੱਢਿਆ ਜਾ ਸਕੇ।

ਅਮਰੀਕਾ ਅਤੇ ਕੈਨੇਡਾ ਦੇ ਹੋਰ ਹਿੱਸਿਆਂ ਵਾਂਗ ਬੀ. ਸੀ. ਵਿਚ ਵੀ ਕੂ ਕਲਕਸ ਕਲੈਨ ਦੀ ਹੋਂਦ ਦਾ ਇਹੋ ਕਾਰਨ ਹੈ। ਪਹਿਲੀ ਵੱਡੀ ਜੰਗ ਤੋਂ ਬਾਅਦ ਜਦੋਂ ਅਮਰੀਕਾ ਵਿਚ ਕਲੈਨ ਦੀ ਗਿਣਤੀ ਪੰਜ ਮਿਲੀਅਨ ਸੀ ਤਾਂ ਬੀ. ਸੀ. ਤੇ ਕੈਨੇਡਾ ਵੀ ਇਸ ਵਿਚ ਪਿਛੇ ਨਹੀਂ ਸੀ। ਇਕੱਲੇ ਸਸਕੈਚਵਨ ਸੂਬੇ- ਵਿਚ ਕਲੈਨ ਦੀ ਗਿਣਤੀ 40,000 ਤੋਂ ਉਪਰ ਸੀ। ਬੀ. ਸੀ. ਦੀ ਉਸ ਸਮੇਂ ਦੀ ਥੋੜੀ ਜਿਹੀ ਵਸੋਂ ਵਿਚੋਂ ਵੀ ਇਕ ਹਜ਼ਾਰ ਤੋਂ ਉਪਰ ਕਲੈਨ ਦੇ ਮੈਂਬਰ ਸਨ ਜਿਹਨਾਂ ਵਿਚੋਂ ਪੰਜ ਐਮ. ਐਲ. ਏ. ਸਨ। ਸੰਸਾਰ ਦੀ ਦੂਜੀ ਵੱਡੀ ਜੰਗ ਤੋਂ ਬਾਅਦ ਕਿਉਂਕਿ ਕੈਨੇਡਾ ਅਮਰੀਕਾ ਦੀ ਆਰਥਿਕ ਹਾਲਤ ਕਾਫੀ ਖੁਸ਼ਹਾਲ ਰਹੀ ਇਸ ਕਰਕੇ ਕਲੈਨ ਵਰਗੀਆਂ ਸੰਸਥਾਵਾਂ ਦੀ ਕੋਈ ਲੋੜ ਨਹੀਂ ਸੀ। ਤੇ ਇਹੀ ਕਾਰਨ ਸੀ ਕਿ ਇਸ ਸਮੇਂ ਦੌਰਾਨ ਕਾਮਿਆਂ ਵਿਚ ਫੁੱਟ ਪਾਊ ਇਹਨਾਂ ਸੰਸਥਾਵਾਂ ਦਾ ਹਾਲ ਕਾਫੀ ਮੰਦਾ ਰਿਹਾ ਹੈ। ਪਰ ਹੁਣ ਪਿਛਲੇ ਦਹਾਕੇ ਤੋਂ ਇਥੇ ਆਰਥਿਕ ਮੰਦਵਾੜਾ ਵਧਣਾ ਸ਼ੁਰੂ ਹੋਇਆ ਹੈ ਇਹ ਸੰਸਥਾਵਾਂ ਵੀ ਖੁੰਬਾਂ ਵਾਂਗ ਉਠ ਰਹੀਆਂ ਹਨ।

ਕੂ ਕਲਕਸ ਕਲੈਨ ਦੇ ਇਤਿਹਾਸ ਉਪਰ ਇਹ ਸੰਖੇਪ ਜਿਹੀ ਝਾਤ ਵੀ ਉਹਨਾਂ ਦੀ ਅਸਲੀਅਤ ਬਾਰੇ ਜਾਂ ਉਹਨਾਂ ਦੇ ਇਰਾਦਿਆਂ ਬਾਰੇ ਕਿਸੇ ਕਿਸਮ ਦੀ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੀ। ਨਾਲ ਹੀ ਇਹ ਗੱਲ ਵੀ ਸਾਫ ਹੋ ਜਾਂਦੀ ਹੈ ਕਿ ਮਨੁੱਖ ਨੂੰ ਮਨੁੱਖ ਦੇ ਬਰਾਬਰ ਦੇਖਣ ਵਾਲੇ ਲੋਕਾਂ ਨੂੰ ਸਿਕਸਨਹਾ ਲਾਲ ਕੁਤੇ ਕਿਉਂ ਕਹਿੰਦਾ ਹੈ। ਜਿਵੇਂ ਆਪਾਂ ਦੇਖਿਆ ਹੈ ਕਿ ਇਸ ਸੰਸਥਾ ਦੇ ਹੋਂਦ ਵਿਚ ਆਉਣ ਦਾ ਇਕੋ ਇਕ ਕਾਰਨ ਸੀ ਕਿ ਚਿੱਟੇ ਮਾਲਕ ਕਾਲੇ ਲੋਕਾਂ ਤੋਂ ਗੁਲਾਮਾਂ ਵਾਂਗ ਮੁਫਤ ਵਿਚ ਹੀ ਕੰਮ ਕਰਾਉਣਾ ਚਾਹੁੰਦੇ ਸਨ ਜਦੋਂ ਕਿ ਕਾਨੂੰਨੀ ਤੌਰ ਤੇ ਗੁਲਾਮੀ ਦਾ ਖਾਤਮਾ ਹੋ ਚੁੱਕਾ ਸੀ। ਇਹ ਲੋਕ ਮਨੁੱਖ ਨੂੰ ਮਨੁੱਖ ਦੇ ਤੌਰ 'ਤੇ ਨਹੀਂ ਦੇਖਦੇ ਸਗੋਂ ਇਕ 'ਗੋਰਾ ਮਨੁੱਖ' ਤੇ 'ਕਾਲਾ ਮਨੁੱਖ' ਵਜੋਂ ਦੇਖਦੇ ਹਨ। ਤੇ ਇਹਨਾਂ ਦੀ ਸਮਝ ਮੁਤਾਬਕ ਕਾਲਾ ਮਨੁੱਖ ਗੋਰੇ ਨਾਲੋਂ ਕੁਦਿਰਤੀ ਤੌਰ ਤੇ ਘਟੀਆ ਹੈ ਇਸ ਕਰਕੇ ਕਾਲੇ ਮਨੁੱਖ ਨੂੰ ਗੋਰੇ ਦੀ ਸੇਵਾ ਕਰਨੀ ਚਾਹੀਦੀ ਹੈ ਇਹ ਉਹੋ ਸੋਚ ਹੈ ਜਿਸ ਵਿਰੁੱਧ ਲੜਦੇ ਦਖਣੀ ਅਫਰੀਕਾ ਦੇ

(ਬਾਕੀ ਪੰਨਾ 5 'ਤੇ)




AMIN LADHA

AMIN ON MARINE

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

dueck
CHEVROLET-OLDSMOBILE-CADILLAC LTD.
86 SE Marine Dr., [between Main & Cambie]
Ph: 324-7222
Res.: 433-1681
Pager 687-7711 Pager #2122
DUECK CHEVROLET OLDSMOBILE CADILLAC LTD.

FIDELTY REALTY LTD.
5316 Victoria Drive
Vancouver, B.C.
BUYING & SELLING
Always Remember
Ph. 324-3888
HARPAL S. TOOR
Member Medallion Club
R.E. Board of Greater Vancouver
437-3350

(ਪੰਨਾ 4 ਦੀ ਬਾਕੀ)

ਬਹਾਦਰ ਕਾਲੇ ਲੋਕ ਦਰਜਨਾਂ ਦੀ ਗਿਣਤੀ ਵਿਚ ਨਿਤ ਆਪਣੀਆਂ ਜਾਨਾਂ ਕੁਰਬਾਨ ਕਰ ਰਹੇ ਹਨ। ਇਹ ਉਹੋ ਸੋਚ ਹੈ ਜਿਹੜੀ ਭਾਰਤ ਦੀਆਂ ਲੁਟੇਰੀਆਂ ਜਮਾਤਾਂ ਨੇ ਜਾਤਪਾਤ ਰਾਹੀਂ ਲੋਕਾਂ ਦੇ ਵੱਡੇ ਹਿਸੇ ਤੇ ਠੋਕ ਕੇ ਉਹਨਾਂ ਨੂੰ ਨਵੇਂ ਦਰਜੇ ਦੇ ਮਨੁੱਖ ਸਾਬਤ ਕਰ ਰੱਖਿਆ ਹੈ ਅਤੇ ਜਿਸ ਵਿਰੁੱਧ ਇਹ ਅਖਬਾਰ ਦਾ ਸੰਪਾਦਿਕ ਖੁਦ ਧਰਮ ਯੁੱਧ ਵਿਢੀ ਬੈਠਾ ਹੈ। ਸੋ ਇਸ ਵਿਚ ਕੋਈ ਹੈਰਾਨੀ ਨਹੀਂ ਕਿ ਕੂ ਕਲਕਸ ਕਲੈਨ 'ਮਨੁੱਖ ਨੂੰ ਮਨੁੱਖ ਦੇ ਬਰਾਬਰ ਦਾ ਦਰਜਾ ਦੇਣ ਵਾਲੇ ਨੂੰ ਲਾਲ ਕੁੱਤਾ ਦਸਦੇ ਹਨ। ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਕੋਈ ਸਾਡੇ ਮਹਾਨ ਚਿੰਤਕ ਗੁਰੂ ਨਾਨਕ ਦੇਵ ਦੀ ਫਿਲਾਸਫੀ ਇਹਨਾਂ ਕਲੈਨ ਵਾਲਿਆਂ ਨੂੰ ਦਸ ਦੇਵੇ ਤਾਂ ਇਹ ਉਸ ਨੂੰ ਵੀ ਇਹੋ ਕੁਝ ਕਹਿਣਗੇ ਕਿਉਂਕਿ ਇਹਨਾਂ ਮੁਤਾਬਕ 'ਸਰਬੱਤ ਦਾ ਭਲਾ' ਚਾਹੁਣ ਵਾਲਾ ਹਰ ਕੋਈ ਲਾਲ ਕੁੱਤਾ ਹੈ।

ਆਪਣੇ ਨਵੇਂ ਬਣੇ ਦੋਸਤ ਦੀ ਹਾਂ 'ਚ ਹਾਂ ਰਲਾਉਣ ਲਈ ਅਖਬਾਰ ਦਾ ਸੰਪਾਦਿਕ ਬੜਾ ਕਾਹਲਾ ਜਾਪਦਾ ਹੈ। ਅੱਜ ਕੱਲ੍ਹ ਉਹ ਵੀ ਹਿੰਦੋਸਤਾਨ ਵਿਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਕਮਿਊਨਿਸਟਾਂ ਦੇ ਸਿਰ ਲਾ ਰਿਹਾ ਹੈ। ਇਸ ਵਿਚ ਕਿੰਨੀ ਸਚਾਈ ਹੈ ਉਹ ਭਾਰਤ ਵਿਚ ਵਸਦਾ ਹਰ ਸਿੱਖ ਜਾਣਦਾ ਹੈ। ਪਰ ਅਜ ਕੱਲ ਹੀ ਵਾਪਰੀਆਂ ਘਟਨਾਵਾਂ ਨੂੰ ਇਸ ਤਰਾਂ ਪੇਸ਼ ਕਰਕੇ ਇਹ ਸੰਪਾਦਿਕ ਕੀ ਸਾਬਤ ਕਰਨਾ ਚਾਹੁੰਦਾ ਹੈ ਇਸ ਬਾਰੇ ਪੱਕੇ ਤੌਰ ਤੇ ਕੁਝ ਵੀ ਕਹਿਣਾ ਬੜਾ ਮੁਸ਼ਕਲ ਹੈ। ਪਰ ਇਸ ਬਾਰੇ ਕੁਝ ਅੰਦਾਜ਼ੇ ਜ਼ਰੂਰ ਲਾਏ ਜਾ ਸਕਦੇ। ਸਿੱਧਾ ਅੰਦਾਜ਼ਾ ਤਾਂ ਇਹ ਲਗਦਾ ਹੈ ਕਿ ਇਹ ਸਖਸ਼ ਸਿਰਫ ਆਪਣੀ ਅਖਬਾਰ ਚਲਾਉਣੀ ਚਾਹੁੰਦਾ ਹੈ ਇਸ ਤੋਂ ਵੱਧ ਇਸ ਨੂੰ ਕਿਸੇ ਚੀਜ਼ ਨਾਲ ਮਤਲਬ ਨਹੀਂ। ਜੇ ਇਹ ਗੱਲ ਨਾ ਹੁੰਦੀ ਤਾਂ ਉਹ ਕਲੈਨ ਵਰਗੀ ਸੰਸਥਾ ਵਲੋਂ ਆਏ ਖਤ ਨਾ ਛਾਪਦਾ ਕਿਉਂਕਿ ਇਹਦੇ ਵਿਚ ਸਿੱਧਾ ਉਹਨਾਂ ਲੋਕਾਂ ਦਾ ਨੁਕਸਾਨ ਹੈ ਜਿਹਨਾਂ ਦੇ ਭਵਿਖ ਬਾਰੇ ਇਹ ਫਿਕਰਮੰਦ ਹੋਣ ਦਾ ਦਾਅਵਾ ਕਰਦਾ ਹੈ। ਇਸ ਖਤ ਬਾਰੇ ਇਕ ਹੋਰ ਗੱਲ ਵੀ ਵਿਚਾਰਨ ਵਾਲੀ ਹੈ। ਇਸ ਖਤ ਦੀ ਅਸਲੀਅਤ 'ਤੇ ਵੀ ਸ਼ੱਕ ਕੀਤੀ ਜਾ ਸਕਦੀ ਹੈ। ਇਸ ਸੰਸਥਾ ਅਸਲੀ ਪੂਰਾ ਨਾਂ 'ਕੂ ਕਲਕਸ ਕਲੈਨ' ਹੈ। ਬਹੁਤੇ ਲੋਕ ਭੁਲੇਖੇ ਨਾਲ ਕੂ ਦੀ ਥਾਂ ਕੁਲੂ ਕਹਿ ਦਿੰਦੇ ਹਨ। ਪਰ ਕਲੈਨ ਦਾ ਕੋਈ ਲੀਡਰ ਖੁਦ ਇਹ ਗਲਤੀ ਨਹੀਂ ਕਰ ਸਕਦਾ। ਅਖਬਾਰ ਵਿਚ ਵੀ ਕੁਲੂ ਛਪਿਆ ਹੈ। ਸੋ ਇਹ ਵੀ ਸ਼ੱਕ ਵਾਲੀ ਗੱਲ ਹੈ ਕਿ ਇਹ ਖਤ ਸੱਚ ਮੁੱਚ ਹੀ ਕਲੈਨ ਦਾ ਲਿਖਿਆ ਜਾਂ ਅਖਬਾਰ ਦਾ ਆਪਣਾ ਹੀ ਪਬਲੀਸਿਟੀ ਸਟੰਟ ਹੈ? ਇਹ ਵੀ ਧਿਆਨ ਨਾਲ ਸੋਚਣ ਵਾਲੀ ਗੱਲ ਹੈ।

ਸਿਰਫ ਰੰਗ ਦੇ ਆਧਾਰ ਤੇ ਦੂਜਿਆਂ ਨੂੰ ਆਪਣੇ ਨਾਲੋਂ ਘਟੀਆ ਦੱਸਣ ਵਾਲੀ ਤੇ ਉਹਨਾਂ ਨੂੰ ਮਾਰ ਮੁਕਾਉਣ ਵਾਲੀ ਇਸ ਸੰਸਥਾ ਦੇ ਲੀਡਰ ਵਲੋਂ ਸਿੱਖ ਲੋਕਾਂ ਦੇ ਨਾਂ ਦੋਸਤਾਨਾ ਖਤ ਲਿਖਣਾ ਆਪਣੇ ਆਪ ਵਿਚ ਇਕ ਹੈਰਾਨੀ ਵਾਲੀ ਗੱਲ ਹੈ। ਪਰ ਸ਼ਾਇਦ ਇਹ ਇਨੀ ਹੈਰਾਨੀ ਵਾਲੀ ਗੱਲ ਵੀ ਨਹੀਂ ਕਿਉਂਕਿ ਇਹੋ ਜਿਹੇ ਲੋਕ ਜਿਹਨਾਂ ਨੂੰ ਆਪਣੇ ਦੁਸ਼ਮਣ ਸਮਝਦੇ ਹਨ ਉਹਨਾਂ ਨੂੰ ਆਪਸ ਵਿਚ ਪਾੜ ਕੇ ਤੇ ਇਕ ਪਾਸੇ ਦੀ ਮੱਦਦ ਕਰਕੇ ਹਮੇਸ਼ਾਂ ਆਪਣਾ ਉੱਲੂ ਸਿੱਧਾ ਕਰਦੇ ਹਨ। ਅਸਲ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਹ ਖਤ ਇਕ ਪੰਜਾਬੀ ਅਖਬਾਰ ਵਿਚ ਛਪਿਆ ਹੈ। ਤੇ ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਜਿਹੜੀ ਘੱਟੋ ਘੱਟ ਸਾਡੀ ਸਮਝ ਤੋਂ ਬਾਹਰ ਹੈ ਉਹ ਹੈ ਵਰਲਡ ਸਿੱਖ ਆਰਗੇਨਾਈਜੇਸ਼ਨ (WSO) ਦੇ ਇਕ ਸਥਾਨਕ ਲੀਡਰ ਦਲਜੀਤ ਸਿੰਘ ਸੰਧੂ ਵਲੋਂ ਕਲੈਨ ਦੇ ਖਤ ਉੱਤੇ ਸ਼ਰੇਆਮ ਖੁਸ਼ੀ ਜਾਹਰ ਕਰਨੀ। ਵੈਨਕੂਵਰ ਸੰਨ (NOV. 13) ਵਿਚ ਛਪੇ ਇਕ ਬਿਆਨ ਮੁਤਾਬਕ ਉਹਨਾਂ ਕਿਹਾ ਹੈ ਕਲੈਨ ਲੀਡਰ "ਸਿਕਸਨਾ ਦਾ ਖਤ ਸਾਡੇ ਲਈ ਇਕ ਖੁਸ਼ਖਬਰੀ ਹੈ। ਘੱਟੋ ਘੱਟ ਕੁਝ (something) ਤਾਂ ਸਾਡੀ ਮੱਦਦ ਕਰਨ ਲੱਗਾ।"

ਕੀ ਅਸੀਂ ਇਹ ਸਮਝ ਲਈਏ ਕਿ ਅਖਬਾਰ ਦੇ ਸੰਪਾਦਕ ਤਾਰਾ ਸਿੰਘ ਹੇਅਰ ਤੇ WSO ਦੇ ਲੀਡਰ ਦਲਜੀਤ ਸਿੰਘ ਸੰਧੂ ਨੂੰ ਕੂ ਕਲਕਸ ਕਲੈਨ ਦੀ ਅਸਲੀਅਤ ਬਾਰੇ ਜਾਣਕਾਰੀ ਨਹੀਂ ਹੈ। ਇਹ ਗੱਲ ਮੰਨਣੀ ਥੋੜੀ ਮੁਸ਼ਕਲ ਹੈ। ਕਿਉਂਕਿ ਪਿਛਲੇ ਕੁਝ ਸਾਲਾਂ ਵਿਚ ਕਲੈਨ ਨੇ ਕੈਨੇਡਾ ਵਿਚ ਵਸਦੇ ਸਿੱਖਾਂ ਉਪਰ ਕਈ ਘਿਨਾਉਣੇ ਹਮਲੇ ਕੀਤੇ ਹਨ। ਜਿਵੇਂ 1980 ਵਿਚ ਟਰਾਂਟੋ ਵਿਚ ਇਕ ਛੇ ਸਾਲ ਦੇ ਸਿਖ ਲੜਕੇ ਹਰਪ੍ਰੀਤ ਫਲੌਰਾ ਦਾ ਕਤਲ। ਬੀ. ਸੀ. ਵਿਚ ਕਲੈਨ ਵਲੋਂ ਸਿਖਾਂ ਉਪਰ ਕਿੰਨੇ ਹੀ ਹਮਲੇ ਕੀਤੇ ਗਏ। ਜਿਵੇਂ 1981 ਵਿਚ ਲੈਡਨਰ ਵਿਖੇ ਸਿਖਾਂ ਦੇ ਇਕ ਘਰ ਉਪਰ ਫਾਇਰਬੰਬ ਨਾਲ ਹਮਲਾ ਕੀਤਾ ਗਿਆ। ਸਰੀ ਵਿਚ ਵੀ ਇਹੋ ਜਿਹੇ ਕਈ ਹਮਲੇ ਹੋਏ। ਵੈਨਕੂਵਰ ਇਕ ਬਜ਼ੁਰਗ ਸਿਖ ਦੇ ਢਿੱਡ ਵਿਚ ਦੂਰੋਂ ਗੰਨ ਨਾਲ ਸੂਈ ਮਾਰੀ ਗਈ। ਇਹ ਤਾਂ ਸਿਰਫ ਕੁਝ ਇਕ ਉਦਾਹਰਣਾਂ ਹਨ। ਕੀ ਹੇਅਰ ਤੇ ਸੰਧੂ ਇਹਨਾਂ ਬਾਰੇ ਵਾਕਫੀ ਨਹੀਂ ਰੱਖਦੇ। ਜੇ ਉਹ ਸੱਚ ਮੁੱਚ ਇਹਨਾਂ ਘਟਨਾਵਾਂ ਬਾਰੇ ਤੇ ਕਲੈਨ ਦੇ ਇਤਿਹਾਸ ਬਾਰੇ ਕੁਝ ਨਹੀਂ ਜਾਣਦੇ ਤਾਂ ਜਿਹਨਾਂ ਲੋਕਾਂ ਦੇ ਇਹ ਸੰਪਾਦਕ ਤੇ ਲੀਡਰ ਹਨ ਉਹਨਾਂ ਵਿਚਾਰਿਆਂ ਦੀ ਮਾੜੀ ਕਿਸਮਤ ਬਾਰੇ ਤਾਂ ਅਫਸੋਸ ਹੀ ਜਾਹਿਰ ਕੀਤਾ ਜਾ ਸਕਦਾ ਹੈ। ਪਰ ਜੇ ਦੂਜੇ ਪਾਸੇ ਇਹਨਾਂ ਨੂੰ ਪੂਰੀ ਜਾਣਕਾਰੀ ਹੈ ਕਿ ਕਲੈਨ ਕੀ ਚੀਜ਼ ਹੈ ਤੇ ਇਹ ਜਾਣ ਕੇ ਵੀ ਉਹਨਾਂ ਨਾਲ ਗਲਵਕੜੀ ਪੈ ਰਹੇ ਹਨ ਤਾਂ ਮਨ 'ਚ ਆਪਣੇ ਆਪ ਇਹ ਸੁਆਲ ਉਠਦਾ ਹੈ ਕਿ ਇਹ ਮਾਜਰਾ ਕੀ ਹੈ? ਅਸੀਂ ਇਹਨਾਂ ਬਾਰੇ ਬਾਹਲਾ ਕੁਝ ਕਹਿਣਾ ਫਾਇਦੇ ਮੰਦ ਨਹੀਂ ਸਮਝਦੇ ਕਿਉਂਕਿ ਜਿੰਨਾ ਚਿਰ ਸਾਰੇ ਲੋਕ ਜਿਹੜੇ ਇਹਨਾਂ ਨੂੰ ਆਪਣੇ ਲੀਡਰ ਮੰਨਦੇ ਹਨ, ਚੁਣਦੇ ਹਨ, ਵੋਟ ਦਿੰਦੇ ਹਨ, ਇਹਨਾਂ ਦੇ ਕਹੇ ਮਰਨ ਮਾਰਨ ਲਈ ਤਿਆਰ ਰਹਿੰਦੇ ਹਨ, ਜਿੰਨਾ ਚਿਰ ਉਹ ਇਹਨਾਂ ਤੋਂ ਇਸ ਕਿਸਮ ਦੀਆਂ ਬੇਹੂਦਾ ਗੱਲਾਂ ਬਾਰੇ ਨਹੀਂ ਪੁੱਛਦੇ ਉਨਾ ਚਿਰ ਇਹ ਆਪਣੀਆਂ ਮਨ ਮਰਜ਼ੀਆਂ ਕਰਨਗੇ।

ਇਹ ਸੰਭਵ ਹੈ ਕਿ ਕੱਲ੍ਹ ਨੂੰ ਇਹਨਾਂ ਸੰਪਾਦਕਾਂ ਤੇ ਲੀਡਰਾਂ ਨੇ ਖੁਦ ਆਪਣੇ ਨਿਸ਼ਾਨੇ ਲਈ ਲੜਨ ਖਾਤਰ ਕੈਨੇਡਾ ਛੱਡ ਜਾਣਾ ਹੋਵੇ ਪਰ ਇਥੇ ਆਏ ਬਹੁ ਗਿਣਤੀ ਭਾਰਤੀਆਂ ਜਿਹਨਾਂ ਵਿਚ ਸਿੱਖਾਂ ਦੀ ਗਿਣਤੀ ਸਭ ਤੋਂ ਵੱਧ ਹੈ, ਨੇ ਇਥੇ ਹੀ ਰਹਿਣਾ ਹੈ ਤੇ ਉਹਨਾਂ ਦੀਆਂ ਅਗਲੀਆਂ ਪੀਹੜੀਆਂ ਨੇ ਤੇ ਅਜੇ ਹੋਰ ਆਉਣ ਵਾਲੇ ਇਮੀਗਰੇਂਟਾਂ ਨੇ ਇਥੇ ਹੀ ਰਹਿਣਾ ਹੈ। ਅੱਜ ਇਹ ਲੋਕ ਕਲੈਨ ਵਰਗੀਆਂ, ਅਣਮਨੁੱਖੀ ਆਸ਼ਿਆਂ ਵਾਲੀਆਂ, ਹਿਟਲਰ ਨੂੰ ਪੂਜਣ ਵਾਲੀਆਂ ਜਥੇਬੰਦੀਆਂ ਨਾਲ ਯਰਾਨਾ ਪਾ ਕੇ ਲੋਕਾਂ ਦੇ ਕੈਨੇਡਾ ਵਿਚਲੇ ਭਵਿਖ ਨੂੰ ਹਨੇਰਾ ਕਰ ਰਹੇ ਹਨ। ਅਤੇ ਕਰ ਵੀ ਇਹ ਸਭ ਕੁਝ ਧਰਮ ਦੇ ਨਾਂ ਤੇ ਰਹੇ ਹਨ। ਤੇ ਧਰਮ ਵੀ ਉਹ ਜਿਹੜਾਂ ਗੁਰੂ ਨਾਨਕ ਨੇ ਬੀਜਿਆ ਤੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਖੂਨ ਨਾਲ ਸਿੰਜਿਆ। ਇਹਨਾਂ ਮਹਾਨ ਗੁਰੂਆਂ ਦੀ ਸਿੱਖਿਆ ਤੇ ਚੱਲਣ ਵਾਲਾ ਕੋਈ ਮਨੁੱਖ ਕਲੈਨ ਵਰਗੀਆਂ ਜਥੇਬੰਦੀਆਂ ਦਾ ਦੋਸਤ ਹੋ ਸਕਦਾ ਹੈ? ਹਰ ਸਿੱਖ ਲਈ ਇਸ ਸਵਾਲ ਦਾ ਜਵਾਬ ਜਾਨਣਾ ਜ਼ਰੂਰੀ ਹੈ। ਜੇ ਗੁਰੂ ਨਾਨਕ ਦੇਵ ਦੀ ਸਿੱਖਿਆ 'ਤੇ ਚੱਲਣ ਵਾਲੇ ਕਲੈਨ ਦੇ ਦੋਸਤ ਹੋ ਸਕਦੇ ਹਨ ਤਾਂ ਫੇਰ ਭਾਈ ਲਾਲੋ ਤੇ ਮਾਲਕ ਭਾਗੋ 'ਚ ਫਰਕ ਦੱਸਣ ਵਾਲੇ ਗੁਰੂ ਦੀ ਸਿੱਖਿਆ ਲੋਕਾਂ ਨੂੰ ਦੇਣੀ ਬੰਦ ਕਰ ਕਰ ਦੇਣੀ ਚਾਹੀਦੀ ਹੈ।

ਅਖੀਰ ਵਿਚ ਅਸੀਂ ਪੰਜਾਬੀ ਪਾਠਕਾਂ ਨੂੰ ਇਹ ਹੀ ਕਹਿਣਾ ਚਾਹਾਂਗੇ ਕਿ ਇਹ ਜੋ ਭਵਿਖ ਗੰਧਲਾ ਕਰ ਰਹੇ ਹਨ ਉਹ ਤੁਹਾਡਾ ਹੈ, ਉਹ ਆਪਣਾ ਸਾਰਿਆਂ ਦਾ ਹੈ। ਕੀ ਅਸੀਂ ਆਪਣੀਆਂ ਅੱਖਾਂ ਸਾਹਮਣੇ ਆਪਣਾ ਭਵਿਖ ਤਬਾਹ ਹੁੰਦਾ ਦੇਖਦੇ ਰਹਾਂਗੇ ਥੱਕੇ ਹੋਏ ਤਮਾਸ਼ਬੀਨਾਂ ਦੀ ਤਰ੍ਹਾਂ?

ਵੱਲੋਂ: ਸਾਧੂ, ਸੁਖਵੰਤ ਹੁੰਦਲ, ਸਰਵਣ ਬੋਲ, ਮੱਖਣ ਟੁੱਟ

# 16 ਮੁਲਾਜ਼ਮ ਬਰਤਰਫ

ਰੋਹਤਕ — ਮਹਾਂਰਿਸ਼ੀ ਦਯਾਨੰਦ ਯੂਨੀਵਰਸਿਟੀ ਦੇ ਸੋਲਾਂ ਅੰਦੋਲਨਕਾਰੀ ਮੁਲਾਜ਼ਮਾਂ ਦੀਆਂ ਸੇਵਾਵਾਂ ਤੁਰੰਤ ਖਤਮ ਕਰ ਦਿਤੀਆਂ ਗਈਆਂ ਹਨ। ਯੂਨੀਵਰਸਿਟੀ ਦੇ ਰਜਿਸਟਰਾਰ ਨੇ ਦੱਸਿਆ ਕਿ ਇਨ੍ਹਾਂ ਮੁਲਾਜ਼ਮਾਂ ਦਾ ਵਤੀਰਾ ਠੀਕ ਨਹੀਂ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਮੁਲਾਜ਼ਮਾਂ ਨੇ 25 ਅਕਤੂਬਰ ਨੂੰ ਯੂਨੀਵਰਸਿਟੀ ਦੇ ਪ੍ਰਬੰਧਕੀ ਦਫਤਰ ਵਿਚ ਦਾਖਲ ਹੋ ਕੇ ਮੌਕੇ ਉਤੇ ਹੀ ਹਾਜ਼ਰ ਸਟਾਫ ਦੀ ਖਿਚ-ਧੂਹ ਕੀਤੀ ਸੀ। ਇਸ ਪਿਛੋਂ ਵੀ ਇਹ ਮੁਲਾਜ਼ਮ ਵਿਖਾਵੇ ਕਰਦੇ ਰਹੇ ਅਤੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਧਮਕੀਆਂ ਦਿੰਦੇ ਰਹੇ ਅਤੇ ਉਨ੍ਹਾਂ ਵਿਰੁਧ ਗੰਦੀ ਭਾਸ਼ਾ ਦੀ ਵਰਤੋਂ ਕਰਦੇ ਰਹੇ।

---

ਇਹ ਵਰ੍ਹਾ ਵੀ ਨਾਲ ਉਮਰਾਂ ਬੇਵਫਾਈ ਕਰ ਗਿਆ।  
ਜਾਂਦਾ ਜਾਂਦਾ ਜ਼ਿਹਨ ਵਿਚ ਨਸ਼ਤਰ ਸੁਲਗਦਾ ਧਰ ਗਿਆ।

ਵੇਖੀਏ, ਇਤਿਹਾਸ ਦੇ ਖਾਤੇ 'ਚ ਕੀ ਕੁਝ ਜੋੜਦਾ,  
ਕੌਡੀ ਕੌਡੀ ਸਾਂਝ ਦੇ ਖਾਤੇ ਚੋਂ ਮਨਫੀ ਕਰ ਗਿਆ।

---

# ਪੈਟਰੋਲ ਪੰਪ ਲੁੱਟਣ ਵਾਲੇ ਦੋ ਲੁਟੇਰੇ ਕਾਬੂ

ਜਲੰਧਰ — (ਯੂ. ਐਨ. ਆਈ.) ਚਾਰ ਯੁਵਕਾਂ ਨੇ ਕਪੂਰਥਲਾ ਜ਼ਿਲੇ ਵਿਚ ਸੁਲਤਾਨਪੁਰ ਲੋਧੀ ਵਿਖੇ ਪਿਸਤੌਲ ਦੀ ਨੋਕ 'ਤੇ ਇਕ ਪੈਟਰੋਲ ਪੰਪ ਵਿਚੋਂ ਤੇਰਾਂ ਹਜ਼ਾਰ ਰੁਪਏ ਲੁੱਟ ਲਏ। ਪੁਲੀਸ ਅਨੁਸਾਰ ਲੁਟੇਰੇ ਪੈਦਲ ਆਏ ਅਤੇ ਜੁਰਮ ਕਰਨ ਪਿਛੋਂ ਬਚ ਨਿਕਲੇ। ਇਸੇ ਦੌਰਾਨ ਪੁਲੀਸ ਸੂਤਰਾਂ ਨੇ ਦੱਸਿਆ ਕਿ ਲੁਟੇਰਿਆਂ ਵਿਚੋਂ ਦੋ ਨੂੰ ਇਕ ਰੇਲਵੇ ਸਟੇਸ਼ਨ ਤੇ ਕਾਬੂ ਕਰਕੇ ਉਨ੍ਹਾਂ ਪਾਸੋਂ ਪਿਸਤੌਲ ਬਰਾਮਦ ਕਰ ਲਿਆ ਗਿਆ ਹੈ। ਪਰ ਬਾਕੀ ਦੇ ਲੁਟੇਰੇ ਲੁੱਟੀ ਹੋਈ ਰਕਮ ਸਮੇਤ ਅਜੇ ਤਕ ਪੁਲੀਸ ਦੀ ਗ੍ਰਿਫਤ ਵਿਚ ਨਹੀਂ ਆ ਸਕੇ।

# ਛੇ ਨੂੰ ਉਮਰ ਕੈਦ

ਮੋਗਾ — ਫਰੀਦਕੋਟ ਦੇ ਐਡੀਸ਼ਨਲ ਜੱਜ ਵਲੋਂ ਪੈਟਰੋਲ ਪੰਪ ਡੀਲਰ ਸ੍ਰੀ ਸੁਰਿੰਦਰ ਕੁਮਾਰ ਦੇ ਕਤਲ ਦੇ ਦੋਸ਼ ਹੇਠ ਛੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸ੍ਰੀ ਸੁਰਿੰਦਰ ਕੁਮਾਰ ਨੂੰ ਸੱਤ ਦਸੰਬਰ 1983 ਨੂੰ ਮੋਗਾ ਕੋਟਕਪੂਰਾ ਸੜਕ ਉਤੇ ਉਸ ਦੇ ਪੈਟਰੋਲ ਪੰਪ ਉਤੇ ਹੀ ਗੋਲੀ ਨਾਲ ਉਡਾ ਦਿਤਾ ਸੀ। ਦੋਸ਼ੀਆਂ ਵਿਚ ਅੰਗਰੇਜ਼ ਸਿੰਘ, ਜੀਂ ਜੋਗਿੰਦਰ ਸਿੰਘ, ਜਲਤਾਰ ਸਿੰਘ, ਸੁਖਦੇਵ ਸਿੰਘ ਨਿਰਮਲ ਸਿੰਘ ਅਤੇ ਜਸਬੀਰ ਸਿੰਘ ਸ਼ਾਮਲ ਸਨ।

---

ਖੁਰ ਗਿਆ ਇਨਸਾਨੀਅਤ ਦੇ ਮੁਖੜੇ ਮਲ ਕੇ ਕਾਲਖਾਂ  
ਪਰ ਸਿਆਸੀ ਕਪਟ ਦੇ ਸਿਰ ਤਾਜ-ਸ਼ਾਹੀ ਧਰ ਗਿਆ।

ਕਰ ਗਿਆ ਸੂਹਾ ਗੁਲਾਬੀ ਫੁਲ ਇਹ ਸਿਵਿਆਂ ਦੀ ਭੇਂਟ  
ਪੱਗ ਲਾਹ ਬਾਪੂ ਦੀ, ਪੈਰੀਂ ਘੁੰਚਰਾਂ ਦੇ ਧਰ ਗਿਆ।


ਡੈਲਟਾ-ਸਰੀ-ਨੀਊਟਨ ਨਿਵਾਸੀਆਂ ਲਈ ਖੁਸ਼ਖਬਰੀ

ਡਰੀਮ ਫਲਾਵਰਜ਼ ਐਂਡ ਗਿਫਟਸ ਦੀ

ਨਵੀਂ ਦੁਕਾਨ ਨੀਊਟਨ ਸਕੁਐਰ ਵਿਚ ਖੁਲ੍ਹ ਗਈ ਹੈ

- ਕੀਮਤਾਂ ਬਹੁਤ ਵਾਜਬ ਹਨ
- ਗਿਫਟ ਦੇਣ ਲਈ
- ਵਿਆਹ ਸ਼ਾਦੀਆਂ ਦੇ ਸਮੇਂ ਤੋਹਫੇ ਵਜੋਂ ਦੇਣ ਲਈ
- ਗਰੈਜੂਏਸ਼ਨ ਸਮੇਂ
- ਹਸਪਤਾਲ ਆਰਡਰ
- ਤਾਜ਼ੇ, ਸੁੱਕੇ ਅਤੇ ਸਿਲਕ ਦੇ ਫੁੱਲਾਂ ਦਾ ਪ੍ਰਬੰਧ

226 - 7093 King George HWY.
SURREY, B.C. [located in Newton Square]
Ph. 591-7112

Goyal Travels Inc.
4152 Fraser Street, Vancouver, B.C., Canada V5V 4E8
PH: (604) 872-7658 CABLE: GOYALTRAVE
B.C. Toll Free Number 112-800-663-9079
Alberta 1-800-663-9079
Cheapest Fares to India & Pakistan

IATA

THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

FOGG MOTORS
60 - 10th Street, New Westminster

ਸਾਡੇ ਕੋਲੋਂ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ, ਪਿਕ ਅਪ ਤੇ ਵੈਨਾਂ ਬੜੀ ਸਸਤੀ ਕੀਮਤ ਤੇ ਮਿਲ ਸਕਦੀਆਂ ਹਨ

ਚੰਗੀਆਂ ਕਾਰਾਂ, ਵੈਨਾਂ ਤੇ ਪਿਕ ਅਪ (ਨਵੀਆਂ ਜਾਂ ਪੁਰਾਣੀਆਂ) ਖ੍ਰੀਦਣ ਵਾਸਤੇ ਆਪਣੀ ਕਮਿਊਨਿਟੀ ਦੇ ਜਾਣੇ ਪਛਾਣੇ ਭਰੋਸੇਯੋਗ ਸੇਲਜ਼ਮੈਨ ਨੂੰ ਸਦਾ ਯਾਦ ਰੱਖੋ। GMC Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਸਲਾਹ ਦੇ ਕੇ ਫ਼ਖਰ ਮਹਿਸੂਸ ਕਰਦੇ ਹਨ। ਕਾਰਾਂ ਸਸਤੇ ਰੇਟ ਤੇ ਅਸਾਨ ਕਿਸ਼ਤਾਂ ਵੀ ਮਿਲ ਸਕਦੀਆਂ ਹਨ।

ਅਸੀਂ ਹਰ ਐਤਵਾਰ 11 ਵਜੇ ਸਵੇਰ ਤੋਂ ਲੈ ਕੇ 4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।

ਇਕ ਵਾਰ ਜ਼ਰੂਰ ਦਰਸ਼ਨ ਦਿਓ



Sukhjinder Bath (Sukhi)
Bus: 522-2821 Res: 594-7712

## ਨੂਰੀ ਦਰਸ਼ਨ



ਇਕਓਂਕਾਰ ਪੁਕਾਰਨ ਵਾਲਾ ।
ਜੜ੍ਹ ਦੂਈ ਦੀ ਮਾਰਨ ਵਾਲਾ ।
ਢੱਠੇ ਧਰਮ ਉਸਾਰਨ ਵਾਲਾ ।
ਰੁੜ੍ਹਦੇ ਬੇੜੇ ਤਾਰਨ ਵਾਲਾ ।
ਜਗ ਦਾ ਜਿਸ ਅੰਧੇਰ ਮਿਟਾਇਆ ।
ਅਰਸ਼ਾਂ ਤੀਕਰ ਨੂਰ ਖਿੰਡਾਇਆ ।

(ਫੀਰੋਜ਼ਦੀਨ ਸ਼ਰਫ਼)

# ਅਮਨ ਦੇ ਦੇਵਤਾ ਗੁਰੂ ਨਾਨਕ

■ ਸਵਰਨ ਸਿੰਘ 'ਸਨੇਹੀ' ਐਮ. ਏ.

ਗੁਰੂ ਨਾਨਕ ਆਗਮਨ ਦੇ ਸਮੇਂ ਨਾਲੋਂ ਅੱਜ ਪਤਾ ਨਹੀਂ ਅਮਨ ਸ਼ਬਦ ਦੀ ਵਰਤੋਂ ਕਿੰਨੇ ਗੁਣਾਂ ਵਧੇਰੀ ਹੁੰਦੀ ਹੋਵੇ । ਜਿਉਂ ਜਿਉਂ ਪਿਛਲੀਆਂ ਸਦੀਆਂ ਵਿੱਚ ਵਿਦਿਆ ਦੇ ਚਾਨਣ ਨਾਲ ਲੋਕਾਂ ਦੀ ਸੂਝ ਬੂਝ ਵਿੱਚ ਵਾਧਾ ਹੋਇਆ ਹੈ ਤਿਉਂ ਤਿਉਂ ਹੀ ਅਮਨ ਪ੍ਰਤੀ ਉਹਨਾਂ ਦੀ ਜਿਗਿਆਸਾ ਵੀ ਵਧੀ ਹੈ ਜੇ ਇੱਕ ਪਾਸੇ ਵਿਗਿਆਨ ਨੇ ਮਨੁੱਖ ਨੂੰ ਸੁੱਖ-ਸਾਧਨ ਪੈਦਾ ਕਰਕੇ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਰੱਖੀ ਤਾਂ ਦੂਜੇ ਪਾਸੇ ਮਨੁੱਖ ਦੀ ਤਬਾਹੀ ਨੂੰ ਵੀ ਹੋਰ ਘ੍ਰਿਣਾਤਮਕ ਬਣਾ ਕੇ ਨੇੜੇ ਲੈ ਆਂਦਾ ਹੈ । ਇਹ ਪ੍ਰਮਾਣੂ ਤੇ ਵਿਸਫੋਟਕ ਹਥਿਆਰ ਕਿਸੇ ਅਨਪੜ੍ਹ ਦਿਮਾਗ ਦੀ ਕਾਢ ਨਹੀਂ ਹਨ ਜਿੰਨ੍ਹਾਂ ਦੀ ਦੌੜ ਖਤਮ ਹੋਣੀ ਤਾਂ ਇੱਕ ਪਾਸੇ, ਇਸ ਨੂੰ ਮੱਠਿਆਂ ਕਰਨ ਸੰਬੰਧੀ ਵੀ ਫੈਸਲੇ ਨਹੀਂ ਹੋ ਰਹੇ। ਦੁਨੀਆਂ ਦੀਆਂ ਵੱਡੀਆਂ ਤਾਕਤਾਂ ਦਾ ਤਾਂ ਸਾਰਾ ਤਾਣ ਹੀ ਇਸ ਪਾਸੇ ਲੱਗ ਰਿਹਾ ਹੈ ।

ਇਸ ਦਾ ਇਹ ਭਾਵ ਨਹੀਂ ਕਿ ਅੱਜ ਤੋਂ ਪੰਜ ਸਦੀਆਂ ਪਹਿਲਾਂ ਇਹ ਖਤਰਾ ਨਹੀਂ ਸੀ । ਜੰਗਾਂ-ਯੁੱਧਾਂ ਦੀ ਬੀਮਾਰੀ ਤਾਂ ਉਦੋਂ ਵੀ ਹੈ ਸੀ, ਪਰ ਫਰਕ ਕੇਵਲ ਇਨਾਂ ਕੁ ਸੀ ਕਿ ਉਦੋਂ ਲੋਕ ਡਾਂਗਾਂ-ਸੋਟਿਆਂ, ਤਲਵਾਰਾਂ ਬਰਛਿਆਂ ਨਾਲ ਲੜਦੇ ਸਨ; ਜਿਸ ਕਰਕੇ ਜਿੱਥੇ ਤੇ ਜਿੰਨ੍ਹਾਂ ਲੋਕਾਂ ਵਿੱਚ ਲੜਾਈ ਲੜੀ ਜਾਂਦੀ ਸੀ ਬਹੁਤਾ ਅਸਰ ਉਸ ਦਾ ਉਨ੍ਹਾਂ ਤੇ ਹੀ ਹੁੰਦਾ ਸੀ, ਦੂਜਿਆਂ ਦੀ ਨੀਂਦ ਘੱਟ ਹਰਾਮ ਹੁੰਦੀ ਸੀ ਪਰ ਹੁਣ ਤਾਂ ਦੁਨੀਆਂ ਦੇ ਇੱਕ ਸਿਰੇ ਤੇਂ ਲੱਗੀ ਹੋਈ ਲੜਾਈ ਦੂਜੇ ਸਿਰੇ ਤੇ ਵੱਸਦੇ ਲੋਕਾਂ ਲਈ ਵੀ ਚਿੰਤਾ ਦਾ ਕਾਰਨ ਬਣੀ ਰਹਿੰਦੀ ਹੈ ।

ਨਿਰਸੰਦੇਹ ਗੁਰੂ ਨਾਨਕ ਦੇਵ ਜੀ ਦਾ ਮਨੋਰਥ ਲੋਕਾਂ ਵਿੱਚ ਧਾਰਮਿਕ ਭਾਵਨਾ ਜਗਾਉਣੀ, ਦੰਭ ਨੂੰ ਖਤਮ ਕਰਨਾ ਤੇ ਉਨ੍ਹਾਂ ਨੂੰ ਮਾਨਸਿਕ ਸੁੱਖ ਤੇ ਆਤਮਿਕ ਸ਼ਾਂਤੀ ਦਾ ਰਸਤਾ ਦਿਖਾਉਣਾ ਸੀ । ਗੁਰੂ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਜਿੰਨਾਂ ਚਿਰ ਮਨੁੱਖੀ ਮਨ ਵਿੱਚ ਭਟਕਣਾ ਹੈ ਉਨਾ ਚਿਰ ਇਹ ਅਮਨ ਵਿੱਚ, ਟਿਕ ਕੇ ਬਹਿਣ ਦੀ ਥਾਂ ਦੂਜਿਆਂ ਦੇ ਗਲ ਪੈ ਕੇ ਆਪਣੀ ਹਵਸ਼ ਪੂਰੀ ਕਰਦਾ ਰਹੇਗਾ ਤੇ ਇੱਥੋਂ ਹੀ ਲੜਾਈਆਂ ਦਾ ਮੁੱਢ ਬੱਝਦਾ ਹੈ। ਇਸ ਲਈ ਗੁਰੂ ਜੀ ਨੇ ਆਤਮਿਕ ਸੁੱਖ ਸ਼ਾਂਤੀ ਦੇਣ ਵਾਲੀ ਦਵਾਈ 'ਨਾਮ' ਖੁਲ੍ਹੇ ਹੱਥੀਂ ਵਰਤਾਈ, ਪਰ ਸਮਾਜਿਕ ਪੱਖੋਂ ਵੀ ਉਹ ਅਵੇਸਲੇ ਨਹੀਂ ਸਨ ।

ਗੁਰੂ ਨਾਨਕ ਦਾ ਅਮਨ ਦੋ ਤਰ੍ਹਾਂ ਦਾ ਸੀ - ਆਤਮਿਕ ਅਰਥਾਤ ਅੰਤ੍ਰੀਵ ਤੇ ਸਮਾਜਕ, ਅਰਥਾਤ ਬਾਹਰ-ਮੁੱਖੀ । ਜੇ ਉਹ ਮਲਕ ਭਾਗੋ ਦੇ ਪੂੜਿਆਂ ਵਿੱਚੋਂ ਗਰੀਬਾਂ ਦੀ ਲੁੱਟ-ਖਸੁੱਟ ਦੇ ਖੂਨ ਨੂੰ ਪਛਾਣ ਕੇ ਉਸ ਤੇ ਦੁੱਖ ਅਨੁਭਵ ਕਰ ਸਕਦੇ ਸਨ ਤਾਂ ਉਹ ਇਹ ਕਿਵੇਂ ਦੇਖ ਸਕਦੇ ਸਨ ਕਿ ਲਹੂ ਮੁੜ੍ਹਕੇ ਦੀ ਕੀਤੀ ਹੋਈ ਪੰਜਾਬੀਆਂ ਤੇ ਭਾਰਤੀਆਂ ਦੀ ਕਮਾਈ ਕਿਸੇ ਲਾਲਚੀ ਜਰਵਾਣੇ ਤੇ ਹਮਲਾਵਰ ਦੇ ਭੰਡਾਰ ਭਰੇ? ਤੇ ਜੰਗਾਂ ਵਿੱਚ ਕੀ ਹੁੰਦਾ ਸੀ? ਇੱਕ ਦੂਜੀ ਧਿਰ ਦੇ ਬੰਦੇ ਮਾਰਨ ਪਿੱਛੋਂ ਜੇਤੂ ਹਮਲਾਵਰ ਉਥੋਂ ਲੁੱਟ-ਖਸੁੱਟ ਦਾ ਮਾਲ ਆਪਣੇ ਦੇਸ਼ ਨੂੰ ਨਾਲ ਚੁੱਕ ਲਿਜਾਂਦੇ ਸਨ । ਭਾਰਤ ਉਤੇ ਮਹਿਮੂਦ ਦੇ ਸਤਾਰਾਂ ਹਮਲਿਆਂ ਦਾ ਮੁੱਖ ਕਾਰਨ ਇਹੋ ਲੁੱਟ-ਖਸੁੱਟ ਹੀ ਤਾਂ ਸੀ ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਲੜੀ ਗਈ ਇਕ ਮਹਾਨ ਜੰਗ ਸੀ - ਬਾਬਰ ਦਾ ਹਿੰਦ ਤੇ ਹਮਲਾ ਜਿਸ ਦਾ ਅਸਰ ਭਾਰਤ ਉਤੇ ਕਈ ਸਦੀਆਂ ਤੱਕ ਰਿਹਾ । ਗੁਰੂ ਨਾਨਕ ਨੇ ਇਸ ਹਮਲੇ ਦਾ ਡਟ ਕੇ ਵਿਰੋਧ ਕੀਤਾ । ਆਪਣੀ ਰਚਨਾ ਵਿੱਚ ਉਹਨਾਂ ਨੇ ਹਮਲਾਵਰਾਂ ਲਈ ਬੜੀ ਕਠੋਰ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜਦ ਕਿ ਮਜ਼ਲੂਮਾਂ ਪ੍ਰਤੀ ਵਰਤੀ ਗਈ ਉਨ੍ਹਾਂ ਦੀ ਸ਼ਬਦਾਵਲੀ ਹਮਦਰਦੀ-ਪ੍ਰਗਟਾਊ ਹੈ । ਇਤਿਹਾਸਾਂ ਅਨੁਸਾਰ ਗੁਰੂ ਜੀ ਉਦੋਂ ਸੈਦਪੁਰ ਸਨ ਤੇ ਬਾਕੀ ਲੋਕਾਂ ਦੇ ਨਾਲ ਉਨ੍ਹਾਂ ਨੂੰ ਵੀ ਕੁਝ ਚਿਰ ਬਾਬਰ ਦੀ ਜੇਲ੍ਹ ਦੀਆਂ ਚੱਕੀਆਂ ਪੀਹਣੀਆਂ ਪਈਆਂ ਸਨ । ਮੁਗਲ ਹਮਲਾਵਰਾਂ ਨੂੰ ਗੁਰੂ ਜੀ ਨੇ ਜਮਾਂ ਤੇ ਕੁਤਿਆਂ ਨਾਲ ਤੁਲਨਾਂ ਦਿੰਦਿਆਂ ਲਿਖਿਆ ਹੈ -

ਆਪੇ ਦੋਸੁ ਨ ਦੇਈ ਕਰਤਾ ਜਮ ਕਰਿ ਮੁਗਲੁ ਚੜਾਇਆ ॥ ਅਤੇ

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ।

(ਬਾਕੀ ਪੰਨਾ 20 ਉੱਤੇ)

# ਸਹਿਜਧਾਰੀ ਸਿਖ

ਮੇਹਰ ਸਿੰਘ ਸੰਧੂ, ਵੈਨਕੂਵਰ

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਿਤਨੇ ਪੁਰਸ਼ ਗੁਰੂ ਸਾਹਿਬ ਦੇ ਉਪਦੇਸ਼ ਧਾਰਨੀ ਬਣੇ, ਉਨ੍ਹਾਂ ਦੀ ਸੰਗਿਆ ਸਿਖ, ਸ਼ਿਸ਼, ਵਿਦਿਆਰਥੀ ਅਥਵਾ ਜਗਿਆਸੂ ਪੈ ਗਈ । "ਸਿੰਘ" ਪਰੰਪਰਾ 1699 ਈ: ਦੀ ਵਿਸਾਖੀ ਵਾਲੇ ਦਿਨ, ਖੰਡੇ ਦੀ ਪਾਹੁਲ ਛਕਣ ਤੋਂ ਮਗਰੋਂ ਪ੍ਰਾਰੰਭ ਹੋਈ ।

ਭਾਰਤੀ ਸੰਸਕ੍ਰਿਤ ਵਿਚ ਇਸ ਤੋਂ ਪਹਿਲਾਂ 'ਸਿੰਘ' ਲਕੁਬ ਰਾਜਪੂਤ ਲੋਕ ਆਪਣੇ ਨਾਂ ਨਾਲ ਵਰਤਦੇ ਸਨ । ਇਸ ਲਕੁਬ ਨਾਲ ਆਮ ਤੌਰ ਤੇ ਜੰਗੀ ਯੋਧਿਆਂ ਪ੍ਰਤੀ ਹੀ ਪ੍ਰਗਟਾਵਾ ਹੁੰਦਾ ਸੀ । ਪਰ ਦਸਮ ਪਾਤਸ਼ਾਹ ਨੇ 'ਸਿੰਘ' ਲਕੁਬ ਨੂੰ ਜੰਗੀ ਅਤੇ ਧਾਰਮਕ ਦੋਹਾਂ ਦੇ ਸਮੁਦਾਏ ਦੇ ਤੌਰ ਤੇ ਵਰਤਿਆ ਸੀ ।

### "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ"

ਦਾ ਕਰਤਾ ਕੇਸਰ ਸਿੰਘ ਛਿੱਬਰ ਸਿਖਾਂ ਨੂੰ ਚਾਰ ਵਰਗਾਂ ਵਿਚ ਵੰਡਦਾ ਹੈ। ਇਹ ਪੁਸਤਕ ਭਾਈ ਕੇਸਰ ਸਿੰਘ ਛਿੱਬਰ ਨੇ 1769 ਈ: ਵਿਚ ਲਿਖੀ ਜਦੋਂ ਸਿਖ ਮਿਸਲਾਂ ਵਿਚ ਵੰਡੇ ਹੋਣ ਕਰਕੇ, ਰਾਜਸੀ ਤਰੁੱਟੀਆਂ ਦਾ ਸ਼ਿਕਾਰ ਹੋਏ ਸਨ।)

### 1 ਦੀਦਾਰੀ ਅਤੇ 2 ਮੁਕਤੇ ਸਿਖ

ਸੁੰਦਰ ਸਰੂਪ, ਸਰੀਰਕ ਤੌਰ ਤੇ ਅਰੋਗ, ਕਦ ਕਾਠ ਦੇ ਸਡੌਲ ਅਤੇ ਸਤਿਗੁਰਾਂ ਦੇ ਅੰਗ-ਰਖਿਅਕ (ਬਾਡੀ ਗਾਰਡ) ਅਥਵਾ ਤੇਗ ਦੇ ਧਨੀ, ਸੰਤ ਸਿਪਾਹੀ, ਖੰਡੇ ਦੀ ਪਾਹਲੁ ਦੇ ਧਾਰਨੀ, ਸ਼ਾਸ਼ਤਰਧਾਰੀ, ਹਰ ਸਮੇਂ ਮਰਨ ਮਾਰਨ ਲਈ ਤਿਆਰ-ਬਰ-ਤਿਆਰ, ਜਿਨ੍ਹਾਂ ਨੇ ਸਤਿਗੁਰਾਂ ਨੂੰ ਸਿਰ ਸੌਂਪਿਆ ਹੋਇਆ ਸੀ ਦੀਦਾਰੀ ਅਤੇ ਮੁਕਤੇ ਸਿਖ ਬਣੇ

3. ਮਾਇਕੀ ਸਿੱਖ : ਰਾਜ ਸਤਾ ਆਉਣ ਕਰਕੇ ਜਿਨ੍ਹਾਂ ਸਿੱਖਾਂ ਵਿਚ ਰਾਜਸੀ ਅਤੇ ਧਾਰਮਿਕ ਪੱਧਰ ਤੇ ਕੁਰੀਤੀਆਂ ਆ ਗਈਆਂ ਅਤੇ ਜਿਹੜੇ ਆਪਣੇ ਅਸਲ ਟੀਚੇ ਤੋਂ ਉਖੜ ਗਏ

4. ਮੁਰੀਦ ਸਿਖ : ਇਹ ਉਹ ਗੁਰਮੁਖ ਸਹਿਜਧਾਰੀ ਸਿਖ ਸਨ ਜਿਹੜੇ ਮਾਇਆ ਵਿਚ ਨਿਰਲੇਪ ਅਤੇ ਨਿਰਵਿਕਾਰੀ ਰਹਿੰਦੇ ਸਨ। ਜਿਨ੍ਹਾਂ ਨੂੰ ਸਹਿਜ ਅਵਸਥਾ ਪ੍ਰਾਪਤ ਸੀ ।

"ਸਹਿਜਧਾਰੀ" ਸ਼ਬਦ "ਸਹਿਜ" ਅਤੇ "ਧਾਰੀ" ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਇਹ ਦੋਵੇਂ ਸ਼ਬਦ ਗੁਰਬਾਣੀ ਵਿਚ ਬਹੁਤ ਥਾਈਂ ਵਰਤੇ ਗਏ ਹਨ। ਸਹਿਜਧਾਰੀ ਸ਼ਬਦ ਦੇ ਸਮੁੱਚੇ ਅਰਥ ਹਨ — ਸਹਜ (ਗਿਆਨ) ਧਾਰਣ ਵਾਲਾ, ਵਿਚਾਰਵਾਨ, ਸੁਖਾਲੀ ਧਾਰਨਾ ਵਾਲਾ, ਸੌਖੀ ਰੀਤਿ ਅੰਗੀਕਾਰ ਕਰਨ ਵਾਲਾ, ਸਿੱਖਾਂ ਦਾ ਇਕ ਅੰਗ, ਜੋ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕਰਦਾ ਅਤੇ ਕੱਛਾ ਕਿਰਪਾਨ ਦੀ ਰਹਿਤ ਨਹੀਂ ਰਖਦਾ । ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਆਪਣੀ ਹੋਰ ਧਰਮ-ਪੁਸਤਕ ਨਹੀਂ ਮੰਨਦਾ ।

ਪੰਜਾਬ ਅਤੇ ਸਿੰਧ ਵਿਚ ਸਹਿਜਧਾਰੀ ਬਹੁਤ ਗਿਣਤੀ ਵਿਚ ਹਨ। ਖਾਸ ਕਰਕੇ ਸਿੰਧ ਦੇ ਸਹਿਜਧਾਰੀ ਵੱਡੇ ਪ੍ਰੇਮੀ ਅਤੇ ਸ਼ਰਧਾਵਾਨ ਹਨ । ਜੋ ਸਿੰਘ, ਸਹਿਜਧਾਰੀਆਂ ਨੂੰ ਨਫਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿਖ ਧਰਮ ਤੋਂ ਅਣਜਾਣ ਹਨ (ਦੇਖੋ ਮਹਾਨ ਕੋਸ਼ ਪੰਨਾ 103)

"ਗੁਰਮਤਿ ਮਾਰਤੰਡ" ਵਿਚ, ਸਹਿਜਧਾਰੀ ਪ੍ਰਾਕਰਣ ਹੇਠਾਂ, ਭਾਈ ਕਾਨ੍ਹ ਸਿੰਘ ਨਾਭਾ, ਲਿਖਦੇ ਹਨ, ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘਾਂ ਦੇ ਮੁਕਾਬਲੇ "ਸਹਿਜਧਾਰੀ" ਸ਼ਬਦ ਉਨ੍ਹਾਂ ਸਿੱਖਾਂ ਲਈ ਵਰਤਿਆ ਗਿਆ, ਜੋ ਕੇਸ, ਕਿਰਪਾਨ, ਕੱਛ ਦੀ ਪੂਰੀ ਰਹਿਤ ਨਹੀਂ ਰਖਦੇ ਸਨ, ਅਰ ਬਾਕੀ ਸਾਰੇ ਨਿਯਮ ਸਿਖ ਧਰਮ ਦੇ ਦ੍ਰਿੜ ਧਾਰਨ ਕਰਦੇ ਸਨ। ਸਿੱਖਾਂ ਤੋਂ ਸਿੰਘਾਂ ਤੋਂ ਛੁੱਟ, ਸਹਿਜਧਾਰੀ ਸੰਗਿਆ ਅੰਦਰ ਸਾਰੇ ਗੁਰੂ ਨਾਨਕ ਪੰਥੀ ਆ ਜਾਂਦੇ ਹਨ ਜੋ ਅਸਾਡੇ ਅੰਗ ਰੂਪ ਅਤੇ ਪਿਆਰੇ ਗੁਰ ਭਾਈ ਹਨ ।

"ਗੁਰਮਤਿ ਮਾਰਤੰਡ" ਵਿਚ ਹੀ ਜ਼ਿਕਰ ਆਉਂਦਾ ਹੈ ਕਿ ਭਾਈ ਮਨੀ ਸਿੰਘ ਜੀ ਦੀ ਲਿਖੀ ਭਗਤਾਵਲੀ ਵਿਚ, ਸਹਿਜਧਾਰੀ ਪਦ ਉਨ੍ਹਾਂ ਸਿਖਾਂ ਲਈ ਵਰਤਿਆ ਗਿਆ ਹੈ, ਜੋ ਖੰਡੇ ਦੀ ਪਾਹਲੁ ਅਤੇ ਕਕਾਰਾਂ ਦੇ ਦ੍ਰਿੜ ਧਾਰਨੀ ਨਹੀਂ ਸਨ ।

ਭਾਈ ਸੰਤੋਖ ਸਿੰਘ ਜੀ "ਨਾਨਕ ਪ੍ਰਕਾਸ਼" ਵਿਚ ਅਧਿਆਤਮਕ ਫੌਜ ਦਾ ਇਉਂ ਵਰਨਣ ਕਰਦੇ ਹਨ :-

ਸਹਿਜ-ਮਾਰਗ ਤੇ ਚਲਣ ਵਾਲੇ ਗੁਰਮੁਖਾਂ ਦਾ ਕਾਫਲਾ ਗੁਰੂ ਨਾਨਕ ਦੇ ਸਮੇਂ ਹੀ ਆਪਣੇ ਪੰਧ ਤੇ ਤੁਰ ਪਿਆ ਅਤੇ ਖੰਡੇ ਦੀ ਪਾਹਲੁ ਛਕਣ ਵਾਲੇ ਸਿੰਘਾਂ ਤੋਂ ਇਲਾਵਾ ਇਸ ਪੰਧ ਦੇ ਰਾਹੀਆਂ ਨੂੰ ਸਿਖੀ ਪਰੰਪਰਾ ਵਿਚ ਸਹਿਜ-ਧਾਰੀ ਲਕੁਬ ਨਾਲ ਯਾਦ ਕੀਤਾ ਜਾਂਦਾ ਹੈ ।

'ਸਿੰਘ' ਸੰਸਥਾ ਜੰਗਾਂ ਵਿਚ ਜੂਝਣ ਤੇ ਸਿਰ ਤਲੀ ਤੇ ਰਖ ਕੇ ਮੁਗਲਈ ਸਾਮਰਾਜ ਨਾਲ ਟੱਕਰ ਲੈਣ ਲਈ ਕਾਇਮ ਕੀਤੀ ਗਈ ਸੀ ।

ਇਹ ਇਤਿਹਾਸਕ ਸਚਾਈ ਹੈ ਕਿ ਜਦੋਂ ਸਿੰਘਾਂ ਦੇ ਸਿਰਾਂ ਦਾ ਮੁੱਲ ਪੈ ਰਿਹਾ ਸੀ, ਇਹ ਸਹਿਜਧਾਰੀ ਹੀ ਸਨ, ਜਿਨ੍ਹਾਂ ਦੇ ਡੇਰਿਆਂ ਵਿਚ ਸਿੰਘ ਚੁਪ-ਚਪਾਤੇ, ਉਨ੍ਹਾਂ ਪਾਸ ਨਿਵਾਸ ਕਰਨ ਲਈ ਜਾਂਦੇ ਅਤੇ ਸਮੇਂ ਦੀ ਸਰਕਾਰ ਨੂੰ ਪਤਾ ਵੀ ਨਹੀਂ ਸੀ ਲਗਣ ਦੇਂਦੇ ।

ਸਹਿਜਧਾਰੀ ਸਿਖ, ਸ਼ਸ਼ਤਰਧਾਰੀ ਸਿੰਘਾਂ ਲਈ ਯੁੱਧਾਂ ਜੰਗਾਂ ਵਿਚ ਲੰਗਰ, ਮਰਹੱਮ-ਪੱਟੀ ਅਥਵਾ ਹੋਰ ਸੇਵਾਵਾਂ ਦਾ ਪ੍ਰਬੰਧ ਕਰਦੇ ਸਨ । ਇਸ ਦੇ ਨਾਲ ਨਾਲ ਹੀ ਇਨ੍ਹਾਂ ਸਹਿਜਧਾਰੀ ਸਿੱਖਾਂ ਨੇ ਗੁਰਮਤਿ ਦਾ ਪ੍ਰਚਾਰ ਹਿਮਾਲੀਆ ਦੀਆਂ ਖੁੰਦਰਾਂ ਤੋਂ ਲੈ ਕੇ ਰਾਜਸਥਾਨ ਅਤੇ ਸਿੰਧ ਦੇ ਮਾਰੂਥਲਾਂ ਤੀਕਰ ਕਰਕੇ, ਸਿਖ ਧਰਮ ਦੇ ਪ੍ਰਚਮ ਨੂੰ ਉਚਾ ਝੁਲਾਈ ਰਖਿਆ । ਇਨ੍ਹਾਂ ਦੇ ਯਤਨਾਂ ਸਦਕਾ, ਗੁਰੂ ਨਾਨਕ ਨਾਮ ਲੇਵਾ ਸਿੱਖਾਂ ਦੀ ਗਿਣਤੀ ਭਾਰਤ ਤੇ ਬਾਹਰਲੇ ਦੇਸ਼ਾਂ ਵਿਚ ਲੱਖਾਂ ਤੋਂ ਉਪਰ ਟੱਪ ਗਈ। । ਵਿਦੇਸ਼ਾਂ ਨੂੰ ਛੱਡ ਕੇ ਲਾਹਸਾ, ਤਿੱਬਤ ਦੀਆਂ ਪਹਾੜੀਅਲਾਂ ਤੋਂ ਲੈ ਕੇ ਬਬੰਈ ਕਲਕੱਤਾ ਦੇ ਵਿਚਕਾਰ ਭੀਲਾਂ ਦੇ ਦੇਸ਼ ਅਤੇ ਕੰਨਿਆਂ ਕੁਮਾਰੀ ਤਕ, ਕਰੋੜਾਂ ਦੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਵਸਦੇ ਹਨ। ਪ੍ਰਚਾਰ ਵਲੋਂ ਅਵੇਸਲੇ ਹੋਣ ਕਰਕੇ, ਭਾਵੇਂ ਇਨ੍ਹਾਂ ਲੋਕਾਂ ਨੂੰ ਗੁਰਮਤਿ ਦੀ ਪੂਰੀ ਜਾਣਕਾਰੀ ਨਹੀਂ ਰਹੀ ਪਰ ਉਹ ਹੁਣ ਵੀ ਗੁਰੂ ਨਾਨਕ ਨੂੰ ਮੰਨਦੇ ਹਨ, ਜਾਣਦੇ ਹਨ ਤੇ ਸਿਮਰਦੇ ਹਨ, ਗੁਰੂ ਘਰ ਨਾਲ ਪਿਆਰ ਜਤਲਾਉਂਦੇ ਹਨ ।

ਸਿੱਖ ਭਾਵੇਂ "ਅੰਮ੍ਰਿਤਧਾਰੀ ਸਿੰਘ" ਹੈ ਤੇ ਭਾਵੇਂ "ਸਹਿਜਧਾਰੀ" ਇਨ੍ਹਾਂ ਨੂੰ ਦਰਜੇ ਦੇ ਕੇ ਵੰਡਣਾ ਭੁਲ ਹੈ। ਇਕ ਨੂੰ ਵੱਡਾ ਤੇ ਦੂਜੇ ਨੂੰ ਛੋਟਾ ਸਮਝਣਾਂ ਗੁਰਆਸ਼ੇ ਦੇ ਵਿਰੁੱਧ ਅਤੇ ਸਮੁੱਚੇ ਪੰਥ ਲਈ ਹਾਨੀਕਾਰਕ ਹੈ ।

ਦਸਮ ਪਾਤਸ਼ਾਹ ਨੇ ਫੌਜੀ ਜਥੇਬੰਦੀ ਦਾ ਨਵ-ਨਿਰਮਾਣ ਕੀਤਾ ਤੇ "ਸਿੰਘਾਂ" ਲਈ ਕਕਾਰਾਂ ਦੀ ਧਾਰਨਾਂ ਨੂੰ ਦ੍ਰਿੜਤਾ ਨਾਲ ਨਿਭਾਉਣ ਦਾ ਆਦੇਸ਼ ਦਿਤਾ ਪਰ ਜਿੰਨ੍ਹਾਂ ਨੇ ਖੰਡੇ ਦੀ ਪਾਹਲੁ ਨਹੀਂ ਛਕੀ ਅਤੇ ਨਾ ਹੀ ਪ੍ਰਣ ਧਾਰਨ ਕੀਤਾ ਹੈ, ਉਹ ਕਕਾਰ ਨਾ ਰਖਦੇ ਹੋਏ ਵੀ ਸਿਖ ਸਨ ਤੇ ਹਨ। ਸ਼ਰਤ ਇਕ ਹੈ ਜੋ ਸਭ ਲਈ ਹੈ ਕਿ ਗੁਰੂ ਗ੍ਰੰਥ ਸਾਹਿਬ ਤੇ ਭਰੋਸਾ ਰਖਦੇ ਹੋਏ ਗੁਰਮਤਿ ਧਾਰਨੀ ਹੋਣ।

ਸਾਨੂੰ ਠੰਡੇ ਦਿਲ ਨਾਲ ਵਿਚਾਰਨਾ ਚਾਹੀਦਾ ਹੈ ਅਤੇ ਸਹਿਜਧਾਰੀਆਂ ਨੂੰ ਧਾਰਮਕ ਖੇਤਰ ਵਿਚ ਬਰਾਬਰ ਦਾ ਦਰਜਾ ਦੇਣਾ ਚਾਹੀਦਾ ਹੈ ਨਹੀਂ ਤਾਂ ਅਸੀਂ ਦਸਾਂ ਪਾਤਸ਼ਾਹੀਆਂ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੇ ਆਸ਼ੇ ਤੋਂ ਦੂਰ ਹੋ ਜਾਵਾਂਗੇ ।

ਪ੍ਰਦੇਸ਼ਾਂ ਵਿਚ ਵਸਦੇ ; ਸਿਖ ਜੋ ਅੰਮ੍ਰਿਤਧਾਰੀ ਨਹੀਂ ਤੇ ਕੇਸਾਂ ਦੀ ਰਹਿਤ ਨਹੀਂ ਰਖਦੇ ਉਨ੍ਹਾਂ ਨੂੰ ਭੰਡਣਾ ਤੇ ਫਿਟਕਾਰ ਕੇ ਸਿਖੀ ਤੋਂ ਦੂਰ ਰਖਣ ਦਾ ਬੀੜਾ ਕਈ ਪੁਰਸ਼ਾਂ ਨੇ ਆਪਣੇ ਜ਼ਿਮੇਂ ਲਿਆ ਹੋਇਆ ਹੈ ਪਰ ਉਨ੍ਹਾਂ ਪੁਰਸ਼ਾਂ ਦੇ ਆਪਣੇ ਆਚਰਨ ਦੀ ਪੜਚੋਲ ਕਰਨ ਤੇ ਪਤਾ ਲਗਦਾ ਹੈ ਕਿ ਉਨ੍ਹਾਂ ਭਦਰ ਪੁਰਸ਼ਾਂ ਨੇ ਆਪ ਅੰਦਰਲੀ ਰਹਿਤ ਨੂੰ ਤਾਂ ਤਲਾਂਜਲੀ ਦਿਤੀ ਹੋਈ ਹੈ — ਤੇ ਆਪਣੇ ਅਵਗੁਣ ਤੇ ਪਰਦਾ ਪੋਸ਼ੀ ਲਈ ਦੂਜਿਆਂ ਦੇ ਛਿਦਰ ਕੱਢਦੇ ਹਨ! ਇਹੋ ਜਿਹੇ ਸਜਣਾਂ ਦੀ ਜਿੰਦਗੀ ਗੁਰ ਸਿਖੀ ਮਾਰਗ ਤੋਂ ਸੱਖਣੀ ਹੈ ਤੇ ਬਾਹਰਲੇ ਦੰਭ ਦਾ ਆਸਰਾ ਇਨ੍ਹਾਂ ਦਾ ਸਹਾਰਾ ਹੈ ।

ਗੁਰ ਸਿਖੀ ਪ੍ਰੇਮ ਦਾ ਮਾਰਗ ਹੈ । ਫਿਕੇ ਬੋਲ ਕਬੋਲ ਦੀ ਗੁਰੂ ਘਰ ਵਿਚ ਮਨਾਹੀ ਹੈ । ਗੁਰੂ ਵਾਕ ਹੈ :

ਨਿਵਣੁ ਸੁ ਅਖਰ ਖਿਵਣ ਗੁਣੁ ਜਿਹਬਾ ਮਣੀਆ ਮੰਤ

ਸਿਰਫ ਪੰਜ ਕਕਾਰ ਰੱਖ ਲੈਣ ਨਾਲ ਸਿਖ ਨਹੀਂ ਹੋ ਜਾਈਦਾ, ਸਿਖੀ ਦੇ ਮੁਖ ਚਿੰਨ੍ਹ ਨਿਮਰਤਾ ਤੇ ਮਧੁਰ ਬਚਨ ਹਨ

ਖਿਮਾ ਹਮਾਰੀ ਮਾਤਾ ਕਹੀਏ ਸੰਤੋਖ ਹਮਾਰਾ ਪਿਤਾ ।ਾ।
ਸਤਿ ਹਮਾਰਾ ਚਾਚਾ ਕਹੀਏ ਜਿਸ ਸੰਗ ਮਨੂਆ ਜਿਤਾ ।।


## FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU

# ਲੁਧਿਆਣਾ ਜ਼ਿਲੇ ਵਿਚ ਇਕੋ ਰਾਤ ਖੋਹ ਦੀਆਂ ਪੰਜ ਘਟਨਾਵਾਂ

ਲੁਧਿਆਣਾ —

ਲੁਧਿਆਣਾ — ਜ਼ਿਲਾ ਲੁਧਿਆਣਾ ਵਿਚ ਲੁੱਟ ਖੋਹ ਦੀਆਂ ਪੰਜ ਘ ਟਨਾਂਵਾਂ ਵਾਪਰੀਆਂ। ਕੂ ਮਕਲਾਂ ਅਤੇ ਭਾਮੀਆਂ ਕਲਾਂ ਵਿਚ ਸ਼ਰਾਬ ਦੇ ਠੇਕਿਆਂ ਤੋਂ ਤਿੰਨ ਸਕੂਟਰ-ਸਵਾਰ ਹਥਿਆਰਬੰਦ ਲੁਟੇਰਿਆਂ ਨੇ ਨਕਦੀ ਲੁੱਟੀ। ਪਿੰਡ ਜਮਾਲਪੁਰ ਤੇ ਫੋਕਲ ਪੁਆਇੰਟ ਢੰਡਾਰੀ ਕਲਾਂ ਵਿਖੇ ਇਕ ਸਕੂਟਰ ਅਤੇ ਇਕ ਮੋਪਡ ਖੋਹਿਆ ਗਿਆ। ਰਾਹੋਂ ਰੋਡ ਤੋਂ ਕਥਿਤ ਚੁੰਗੀ ਤ ਤੇ ਲੁਟੇਰਿਆਂ ਨੇ ਪਿਸਤੌਲ ਦੀ ਨੋਕ ਨਾਲ ਦੋ ਹਜ਼ਾਰ ਰੁਪਏ ਤੋਂ ਵੱਧ ਦੀ ਨਕਦੀ ਲੁੱਟੀ।

# ਯੁਵਕਾਂ ਉਤੇ ਪੁਲੀਸ ਜਬਰ ਜਾਰੀ — ਅਕਾਲੀ ਆਗੂ ਦਾ ਦੋਸ਼

ਮੋਗਾ — ਸੀਨੀਅਰ ਅਕਾਲੀ ਆਗੂ ਸੁਰਜਨ ਸਿੰਘ ਠੇਕੇਦਾਰ ਨੇ ਪੰਜਾਬ ਪੁਲੀਸ ਉਤੇ ਦੋਸ਼ ਲਾਇਆ ਹੈ ਕਿ ਉਹ ਸਿਖ ਯੁਵਕਾਂ 'ਤੇ ਅਤਿਆਚਾਰ ਕਰ ਰਹੀ ਹੈ। ਇਥੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸ਼ਹੀਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਸੁਰ ਸੁਰਜਨ ਸਿੰਘ ਨੇ ਕਿਹਾ ਕਿ ਸਿੱਖ ਯੁਵਕਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ।

ਉਨ੍ਹਾਂ ਰਾਜ ਵਿਚ ਦਹਿਸ਼ਤਪਸੰਦੀ ਦੀਆਂ ਤਾਜ਼ਾ ਘਟਨਾਵਾਂ ਪਿਛੇ ਕਾਂਗਰਸ ਦਾ ਹੱਥ ਹੋਣ ਦਾ ਦੋਸ਼ ਲਾਹਇਆ ਅਤੇ ਕਿਹਾ ਕਿ ਰੂਪੋਸ਼ ਯੁਵਕਾਂ ਨੂੰ ਪੁਲੀਸ ਜਾਂ ਅਧਿਕਾਰੀਆਂ ਅੱਗੇ ਆਤਮ ਸਮਰਪਣ ਕਰਨ ਲਈ ਕਹਿਣ ਦੀ ਬਜਾਏ ਐਮ. ਮੁਆਫੀ ਦੇ ਦੇਣੀ ਚਾਹੀਦੀ ਹੈ ਤਾਂ ਜੋ ਉਹ ਰੂਪੋਸ਼ੀ ਤਿਆਗ ਕੇ ਆਮ ਨਾਗਰਿਕਾਂ ਵਾਲਾ ਜੀਵਨ ਬਸਰ ਕਰ ਸਕਣ।

ਉਨ੍ਹਾਂ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਵਾਰ-ਵਾਰ ਪੁਲੀਸ ਦਾਖਲੇ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਪੁਲਸ ਦਾਖਲੇ ਸਬੰਧੀ ਉਨਾਂ (ਮੁੱਖ ਮੰਤਰੀ) ਦੇ ਭਰੋਸੇ ਦੀ ਉਲੰਘਣਾ ਕਰਨ ਵਾਲੇ ਪੁਲੀਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ। ਇਸ ਤੋਂ ਪਹਿਲਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਨਿਧੜਕ ਸਿੰਘ ਬਰਾੜ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚਿਤਾਵਨੀ ਦਿਤੀ ਕਿ ਭਵਿਖ ਵਿਚ ਦਰਬਾਰ ਸਾਹਿਬ ਵਿਚ ਪੁਲੀਸ ਦਾਖਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਸੀ. ਪੀ. ਐਮ. ਦੇ 30 ਕਾਰਕੁਨਾਂ ਵਲੋਂ ਅ ਸਤੀਫੇ

ਅੰਮ੍ਰਿਤਸਰ — ਸੀ. ਪੀ. ਐਮ. ਦੇ ਸਥਾਨਕ ਤੀਹ ਆਗੂਆਂ ਨੇ ਪਾਰਟੀ ਤੋਂ ਅਸਤੀਫੇ ਦੇ ਦਿੱਤੇ ਹਨ। ਇਥੇ ਇਕ ਲਿਖਤੀ ਬਿਆਨ ਵਿਚ ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਪਾਰਟੀ ਆਪਣੇ ਮੁੱਢਲੇ ਸਿਧਾਂਤ ਛੱਡ ਕੇ ਤਾਨਾਸ਼ਾਹੀ ਰਵੱਈਆ ਅਪਣਾ ਰਹੀ ਹੈ। ਅਸਤੀਫੇ ਦੇਣ ਵਾਲਿਆਂ ਵਿਚ ਬਹੁਗਿਣਤੀ ਪਾਰਟੀ ਦੀ ਸ਼ਹਿਰੀ ਕਮੇਟੀ ਦੇ ਮੈਂਬਰਾਂ ਦੀ ਹੈ। ਇਨ੍ਹਾਂ ਵਿਚ ਸੁਰਜੀਤ ਸਿੰਘ, ਕਾਂਤਾ ਪ੍ਰਸ਼ਾਦ ਤੇ ਨੱਥਾ ਸਿੰਘ ਸ਼ੱਾਮਲ ਹਨ।

# ਤਾਮਿਲਨਾਡੂ 'ਚ 85000 ਕੱਪੜਾ ਮਜ਼ਦੂਰਾਂ ਦੀ ਹੜਤਾਲ

ਕੋਇੰਮਬਟੂਰ — ਵਧੇਰੇ ਬੋਨਸ ਦਿਤੇ ਜਾਣ ਤੀ ਮੰਗ ਨੂੰ ਲੈ ਕੇ ਤਾਮਿਲਨਾਡੂ ਦੇ ਕੋਇੰਮ ਬਟੂਰ ਅਤੇ ਪੇਰੀਯਾਰ ਜ਼ਿਲਿਆਂ ਵਿਚ ਅੱਸਾ ਕੱਪੜਾ ਮਿੱਲਾਂ ਦੇ ਕੋਈ 85000 ਕਾਮਿਆਂ ਨੇ ਅਣਮਿਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿਤੀ ਹੈ।

ਮੁਲਾਜ਼ਮ ਨੇਤਾਵਾਂ ਨੇ ਮੁਕੰਮਲ ਹੜਤਾਲ ਦਾ ਦਾਅਵਾ ਕੀਤਾ ਹੈ। ਮੁਨਾਜ਼ਮ ਨੇਤਾ ਸ੍ਰੀ ਦੁਰੈਈਸਵਾਮੀ ਨੇ ਕਿਹਾ ਹੈ ਕਿ ਮਾਲਕਾਂ ਵਲੋਂ ਅਪਣਾਏ ਗਏ ਵਤੀਰੇ ਕਾਰਨ ਮੁਲਾਜ਼ਮਾਂ ਪਾਸ ਹੜਤਾਲ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਹੀ ਬਾਕੀ ਨਹੀਂ ਰਹਿ ਗਿਆ ਸੀ।

# ਇਕ ਰੀਪੋਰਟ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਦਾ ਸਾਲਾਨਾ ਬੈਨੀਫਿਟ

19 ਅਕਤੂਬਰ ਦੀ ਸ਼ਾਮ ਨੂੰ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਵਲੋਂ ਰਿਚਮੰਡ ਵਿਖੇ ਇਕ ਕਲਚਰਲ ਪਰੋਗਰਾਮ ਕੀਤਾ ਗਿਆ। ਇਸ ਪਰੋਗਰਾਮ ਦੇ ਦੋ ਮੰਤਵ ਸਨ : (1) ਯੂਨੀਅਨ ਲਈ ਫੰਡ ਇਕੱਠਾ ਕਰਨਾ (2) ਹੋਰ ਮਜ਼ਦੂਰ ਜਥੇਬੰਦੀਆਂ, ਕਮਿਊਨਿਟੀਆਂ ਗਰੁੱਪਾਂ ਅਤੇ ਹੋਰ ਸਮਰਥਕਾਂ ਨਾਲ ਖੇਤ ਮਜ਼ਦੂਰਾਂ ਦੀਆਂ ਅਜੋਕੀਆਂ ਹਾਲਤਾਂ ਬਾਰੇ ਵਿਚਾਰ ਸਾਂਝੇ ਕਰਨਾ ਸੀ।

ਸ਼ਾਮ ਦੇ ਸਾਢੇ ਪੰਜ ਵਜੇ ਦੇ ਕਰੀਬ ਹੀ ਲੋਕ ਆਉਣੇ ਸ਼ੁਰੂ ਹੋ ਗਏ ਜਦੋਂ ਕਿ ਹਾਲ ਖੁਲ੍ਹਣ ਦਾ ਵਕਤ ਛੇ ਵਜੇ ਦਾ ਦਿਤਾ ਹੋਇਆ ਸੀ। ਇਸ ਤਰ੍ਹਾਂ ਸਾਢੇ ਛੇ ਕੁ ਵਜੇ ਤੱਕ 600 ਦੇ ਲਗਭਗ ਲੋਕ ਹਾਲ ਵਿਚ ਪਹੁੰਚ ਚੁਕੇ ਸਨ। ਇਹ ਲੋਕ ਵੱਖ ਵੱਖ ਯੂਨੀਅਨਾਂ ਅਤੇ ਕਮਿਊਨਿਟੀ ਗਰੁੱਪਾਂ ਵਲੋਂ ਆਏ ਸਨ। ਵੈਨਕੂਵਰ ਦੇ ਆਸ ਪਾਸ ਦੇ ਇਲਾਕੇ ਵਿਚ ਕੋਈ ਵੀ ਯੂਨੀਅਨ ਅਜਿਹੀ ਨਹੀਂ ਸੀ ਜਿਸ ਵਲੋਂ ਲੋਕ ਇਸ ਪਰੋਗਰਾਮ ਵਿਚ ਸ਼ਾਮਲ ਨਾ ਹੋਏ ਹੋਣ। ਸਾਢੇ ਛੇ ਵਜੇ ਖਾਣੇ ਦੀ ਸ਼ੁਰੂਆਤ ਹੋਈ ਅਤੇ ਅੱਠ ਵਜੇ ਤਕ ਚਲਦੀ ਰਹੀ। ਆਏ ਹੋਏ ਸਾਰੇ ਲੋਕਾਂ ਨੇ ਭਾਰਤੀ ਖਾਣਿਆਂ ਦਾ ਸੁਆਦ ਬੜੇ ਅਨੰਦ ਨਾਲ ਮਾਣਿਆ। ਖਾਣੇ ਤੋਂ ਬਾਅਦ ਪੰਜਾਬ ਕਲਚਰਲ ਐਸੋਸੀਏਸ਼ਨ ਦੀ ਭੰਗੜੇ ਦੀ ਟੀਮ ਨੇ ਆਪਣਾ ਭੰਗੜਾ ਪੇਸ਼ ਕੀਤਾ ਜਿਸਨੂੰ ਆਏ ਹੋਏ ਸਭ ਲੋਕਾਂ ਨੇ ਸਲਾਹਿਆ।

ਇਸ ਤੋਂ ਬਾਅਦ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਹੁਰਾਂ ਆਪਣਾ ਭਾਸ਼ਨ ਦਿਤਾ। ਭਾਸ਼ਨ ਦੇ ਅਰੰਭ ਵਿਚ ਉਨ੍ਹਾਂ ਯੂਨਾਇਟਿਡ ਫਾਰਮ ਵਰਕਰਜ਼ ਆਫ ਅਮਰੀਕਾ ਦੇ ਪ੍ਰਧਾਨ ਸੀਜ਼ਰ ਸਾਵੇਜ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਜੀ ਆਇਆਂ ਆਖਿਆ ਜੋ ਕਿ ਕਨੇਡਾ ਵਿਚ ਅੰਗੂਰਾਂ ਦਾ ਬਾਈਕਾਟ ਪਰਮੋਟ (Permote) ਕਰਨ ਲਈ ਇਕ ਮਹੀਨੇ ਦਾ ਕਨੇਡਾ ਦਾ ਦੌਰਾ ਕਰਕੇ ਵਾਪਿਸ ਵੈਨਕੂਵਰ ਆਏ ਸਨ। ਰਾਜ ਚੌਹਾਨ ਹੁਰਾਂ ਉਨ੍ਹਾਂ ਨੂੰ ਯਕੀਨ ਦਵਾਇਆ ਕਿ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਇਸ ਬਾਈਕਾਟ ਨੂੰ ਕਾਮਯਾਬ ਕਰਨ ਲਈ ਅਮਰੀਕਾ ਦੇ ਖੇਤ ਮਜ਼ਦੂਰਾਂ ਦੀ ਯੂਨੀਅਨ ਦਾ ਪੂਰਾ ਪੂਰਾ ਸਾਥ ਦੇਵੇਗੀ।

ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਬੀ. ਸੀ. ਵਿਚ ਖੇਤ ਮਜ਼ਦੂਰਾਂ ਦੀ ਜੱਦੋ ਜਹਿਦ ਕਾਫੀ ਗੰਭੀਰ ਹਾਲਤ ਵਿਚ ਹੈ। ਅੱਜ ਦੀਆਂ ਆਰਥਿਕ ਹਾਲਤਾਂ, ਬੇਰੁਜ਼ਗਾਰੀ ਵਿਚ ਵਾਧਾ ਆਦਿ ਖੇਤ ਮਜ਼ਦੂਰਾਂ ਜਦੋ ਜਹਿਦ ਉਪਰ ਕਾਫੀ ਵੱਡਾ ਅਸਰ ਪਾ ਰਹੀ ਹੈ। ਇਸਦੇ ਨਾਲ ਬੀ. ਸੀ. ਦੀ ਸੋਕਰਡ ਸਰਕਾਰ ਵੱਲੋਂ ਬਣਾਈਆਂ ਗਈਆਂ ਨਵੀਆਂ ਪਾਲਸੀਆਂ ਸਾਡੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਕਰ ਰਹੀਆਂ ਹਨ। ਇਸ ਸਰਕਾਰ ਵੱਲੋਂ ਬੀ. ਸੀ. ਦੇ ਲੇਬਰ ਕੋਡ ਵਿਚ ਕੀਤੀਆਂ ਤਬਦੀਲੀਆਂ ਅਤੇ ਲੇਬਰ ਰੀਲੇਸ਼ਨ ਬੋਰਡ ਵੱਲੋਂ ਫੈਸਲੇ ਕਰਨ ਸਮੇਂ ਦੇਰੀ ਸਾਡੀ ਆਪਣੇ ਹੱਕਾਂ ਦੀ ਲੜਾਈ ਵਿਚ ਕਾਫੀ ਰੁਕਾਵਟਾਂ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਲੇਬਰ ਕੋਡ ਵਿਚ ਤਬਦੀਲੀਆਂ ਅਤੇ ਲੇਬਰ ਰੀਲੇਸ਼ਨ ਬੋਰਡ ਦੀ ਦੇਰੀ ਇਕੱਲੇ ਖੇਤ ਮਜ਼ਦੂਰਾਂ ਲਈ ਹੀ ਨਹੀਂ ਸਗੋਂ ... ਸਾਰੀ ਮਜ਼ਦੂਰ ਜਮਾਤ ਲਈ ਇਕ ਖਤਰਾ ਬਣ ਗਈ ਹੈ। ਅਤੇ ਇਸ ਖਤਰੇ ਨੂੰ ਦੂਰ ਕਰਨ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਲੜਨਾ ਪਵੇਗਾ। ਅਖੀਰ ਵਿਚ ਉਨ੍ਹਾਂ ਆਏ ਹੋਏ ਸਭ ਲੋਕਾਂ ਨੂੰ ਯਕੀਨ ਦਵਾਇਆ ਕਿ ਭਾਵੇਂ ਸਾਨੂੰ ਕਿੰਨੀਆਂ ਹੀ ਮੁਸ਼ਕਿਲਾਂ ਆ ਰਹੀਆਂ ਹਨ। ਫਿਰ ਵੀ ਸਾਡੀ ਖੇਤ ਮਜ਼ਦੂਰਾਂ ਦੀ ਜਦੋ ਜਹਿਦ ਜਾਰੀ ਰਹੇਗੀ ਜਦੋਂ ਤਕ ਅਸੀਂ ਆਪਣੇ ਹੱਕ ਨਹੀਂ ਲੈ ਲੈਂਦੇ। ਉਨ੍ਹਾਂ ਕਿਹਾ ਕਿ ਤੁਹਾਡੇ ਸਾਰਿਆਂ ਦਾ ਏਥੇ ਏਡੀ ਵੱਡੀ ਗਿਣਤੀ ਵਿਚ ਆਉਣਾ ਸਾਡੇ ਹੌਂਸਲੇ ਵਧਾਉਣ ਵਿਚ ਬਹੁਤ ਸਹਾਈ ਹੋਵੇਗਾ।

ਉਹਨਾਂ ਤੋਂ ਬਾਅਦ ਬੀ. ਸੀ. ਫੈਡਰੇਸ਼ਨ ਆਫ ਲੇਬਰ ਦੇ ਪਰੈਜੀਡੈਂਟ ਆਰਟ ਕੂਬੀ ਹੁਰਾਂ ਆਪਣੇ ਵਿਚਾਰ ਪ੍ਰਗਟਾਏ। ਉਨ੍ਹਾਂ ਕਿਹਾ ਕਿ ਬੀ. ਸੀ., ਫੈਡਰੇਸ਼ਨ ਆਫ ਲੇਬਰ ਹਰ ਪੱਖ ਤੋਂ ਖੇਤ ਮਜ਼ਦੂਰਾਂ ਦੀ ਮਦਦ ਪੂਰੀ ਸਰਗਰਮੀ ਨਾਲ ਕਰਦੀ ਰਹੇਗੀ।

ਫਿਰ ਇਸ ਪਰੋਗਰਾਮ ਦੇ ਮੇਨ ਸਪੀਕਰ ਅਮਰੀਕਾ ਦੀ ਖੇਤ ਮਜ਼ਦੂਰਾਂ ਦੀ ਯੂਨੀਅਨ ਦੇ ਪ੍ਰਧਾਨ ਸੀਜ਼ਰ ਸਾਵੇਜ਼ ਹੁਰਾਂ ਆਪਣੇ, ਵਿਚਾਰ ਪ੍ਰਗਟਾਏ। ਉਨ੍ਹਾਂ ਦੱਸਿਆ ਕਿ ਉਹ ਇਕ ਮਹੀਨੇ ਤੋਂ ਕਨੇਡਾ ਵਿਚ ਕੈਲੇਫੋਰਨੀਆਂ ਵਿਚ ਉਗਾਏ ਜਾਂਦੇ ਅੰਗੂਰਾਂ (Table Grapes) ਦੇ ਬਾਈਕਾਟ ਨੂੰ Permote ਕਰਨ ਆਏ ਸਨ। ਉਨ੍ਹਾਂ ਕਿਹਾ ਕਿ ਕੈਲੇਫੋਰਨੀਆਂ ਦੇ ਗਵਰਨਰ ਅਤੇ ਫਾਰਮ ਮਾਲਕਾਂ ਦੀਆਂ ਵਧੀਕੀਆਂ ਕਾਰਨ ਉਨ੍ਹਾਂ ਨੂੰ ਤੀਜੀ ਵਾਰੀ ਅੰਗੂਰਾਂ ਦਾ ਬਾਈਕਾਟ ਕਰਨਾ ਪੈ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਕੈਲੇਫੋਰਨੀਆ ਦੇ ਅੰਗੂਰ ਨਾਂ ਖਰੀਦਣ ਜਿੰਨੀ ਦੇਰ ਤਕ ਉਹ ਬਾਈਕਾਟ ਵਾਪਸ ਨਹੀਂ ਲੈਂਦੇ। ਯਾਦ ਰਹੇ ਕਿ ਕਨੇਡਾ ਵਿਚ ਅੰਗੂਰਾਂ ਦੇ ਇਸ ਬਾਈਕਾਟ ਨੂੰ ਸ਼ੁਰੂ ਕਰਨ ਸਮੇਂ ਇਸ ਬਾਈਕਾਟ ਨੂੰ ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਨੇ ਸਪਾਂਸਰ ਕੀਤਾ ਸੀ। ਸੀਜ਼ਰ ਸਾਵੇਜ਼ ਹੁਰਾਂ ਬੀ. ਸੀ. ਵਿਚ ਖੇਤ ਮਜ਼ਦੂਰਾਂ ਦੀ ਜੱਦੋ ਜਹਿਦ ਨਾਲ ਆਪਣੀ ਸਾਂਝ ਪ੍ਰਗਟਾਈ।

ਉਨ੍ਹਾਂ ਤੋਂ ਬਾਅਦ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵੱਲੋਂ ਜੋਆਨ ਮਿਲਾਰਡ ਹੁਰਾਂ ਉਨ੍ਹਾਂ ਸੱਭ ਲੋਕਾਂ ਅਤੇ ਜਥੇਬੰਦੀਆਂ ਦਾ ਧੰਨਵਾਦ ਕੀਤਾ ਜਿਨਾ ਇਸ ਪਰੋਗਰਾਮ ਨੂੰ ਕਾਮਯਾਬ ਬਨਾਉਣ ਵਿਚ ਯੂਨੀਅਨ ਦੀ ਮਦਦ ਕੀਤੀ ਸੀ। ਸਟੇਜ਼ ਸਕੱਤਰ ਦੀ ਜਿੰਮੇਵਾਰੀ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਸੈਕਟਰੀ ਟਰਿਜਰਜ ਸਰਵਨ ਬੋਲ ਹੁਰਾਂ ਨਿਭਾਈ।

ਸਪੀਚਾਂ ਦੇ ਦੌਰ ਤੋਂ ਬਾਅਦ ਡਾਂਸ ਦਾ ਪਰੋਗਰਾਮ ਸ਼ੁਰੂ ਹੋਇਆ। ਜਿਸ ਵਿਚ ਆਏ ਸਭ ਲੋਕਾਂ ਨੇ ਹਿੱਸਾ ਲਿਆ। ਡਾਂਸ ਦਾ ਪਰੋਗਰਾਮ ਇਕ ਵਜੇ ਤਕ ਚਲਦਾ ਰਿਹਾ। ਇਸ ਦੌਰਾਨ ਵੱਖ ਵੱਖ ਯੂਨੀਅਨਾਂ ਅਤੇ ਕਮਿਊਨਿਟੀ ਗਰੁੱਪਾਂ ਵੱਲੋਂ ਆਏ ਹੋਏ ਲੋਕਾਂ ਨੂੰ ਇਕ ਦੂਜੇ ਨਾਲ ਗੈਰ ਰਾਜਸੀ ਤੌਰ ਤੇ ਮਿਲਣ ਦਾ ਮੌਕਾ ਮਿਲਿਆ।

ਇਸ ਪਰੋਗਰਾਮ ਵਿਚ ਐਡੀ ਵੱਡੀ ਗਿਣਤੀ ਵਿਚ ਮਜ਼ਦੂਰ ਲਹਿਰ ਦੇ ਲੋਕਾਂ ਵਲੋਂ ਆਉਣਾ ਇਸ ਗੱਲ ਦਾ ਗਵਾਹ ਹੈ ਕਿ ਸਾਰੀ ਮਜ਼ਦੂਰ ਲਹਿਰ ਅਤੇ ਖੇਤ ਮਜ਼ਦੂਰਾਂ ਦੀ ਜੱਦੋ ਜਹਿਦ ਦੀ ਪੂਰੇ ਜ਼ੋਰ ਨਾਲ ਮਦਦ ਕਰਨਾ ਚਾਹੁੰਦੀ ਹੈ ਅਤੇ ਕਰਦੀ ਹੈ ਤੇ ਹੁਣ ਲੋੜ ਹੈ ਕਿ ਖੇਤ ਮਜ਼ਦੂਰ ਆਪਣੇ ਹੱਕਾਂ ਦੀ ਲੜਾਈ ਲੜਨ ਲਈ ਅੱਗੇ ਆਉਣ ਅਤੇ ਇਸ ਮਦਦ ਤੋਂ ਲਾਭ ਉਠਾਉਣ।

**ਵੱਲੋਂ : ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ**

# ਕੰਪਲੈਕਸ 'ਚ ਪੁਲੀਸ ਦਾਖਲੇ ਦੀ ਨਿੰਦਾ

ਲੁਧਿਆਣਾ — ਪੰਜਾਬ ਦੇ ਸਿਖ ਵਕੀਲਾਂ ਦੀ ਜਥੇਬੰਦੀ ਦੀ ਜ਼ਿਲਾ ਇਕਾਈ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਪੁਲੀਸ ਦੇ ਵਾਰ ਵਾਰ ਦਾਖਲੇਹੈ ਦੀ ਕਰੜੀ ਨਿਖੇਧੀ ਕੀਤੀ ਹੈ। ਇਥੇ ਕਾਰਕਾਰਨੀ ਦੀ ਹੰਗਾਮੀ ਮੀਟਿੰਗ ਵਿਚ ਇੀਸ ਗੱਲ ਲਈ ਸਰਕਾਰ ਦੀ ਨੁਕਤਾਚੀਨੀ ਕੀਤੀ ਗਈ ਕਿ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਵਲੋਂ ਯਕੀਨ ਦਿਵਾਉਣ ਦੇ ਬਾਵਜੂਦ ਪੁਲੀਸ ਆਏ ਆਪਣੀ ਮਨਮਰਜ਼ੀ ਨਾਲ ਕੰਪਲੈਕਸ ਵਿਚ ਦਾਖਲ ਹੋ ਜਾਂਦੀ ਹੈ। ਤੇ ਇਸ ਕਾਰਵਾਈ ਨਾਲ ਸਿੱਖ ਕੌਮ ਵਿਚ ਬੇਚੈਨੀ ਫੈਲ ਰਹੀ ਹੈ।

ਮਤੇ ਵਿਚ ਸ੍ਰੀ ਬਰਨਾਲਾ ਨੂੰ ਇਸ ਸਬੰਧ ਵਿਚ ਆਪਣਾ ਸਟੈਂਡ ਸਪਸ਼ਟ ਕਰਨਾ ਲਈ ਕਿਹਾ ਗਿਆ ਹੈ। ਇਸੇ ਦੌਰਾਹਨ ਕੌਂਸਲ ਦੇ ਸਕੱਤਰ ਸ੍ਰੀ ਡੀ. ਐਸ. ਗਿੱਲ ਨੇ ਇਕ ਬਿਆਨ ਵਿਚ ਜਲੰਧਰ ਦੇ ਪੁਲੀਸ ਇਂਸਪੈਕਟਰ ਵਲੋਂ ਇਕ ਵਕੀਲ ਦੇ ਮੁਨਸ਼ੀ ਨਾਲ ਮਾਰ ਕੁੱਟ ਦੀ ਨਿੰਦਾ ਕੀਤੀ ਹੈ। ਉਨ੍ਹਾਂ ਹਰਿਆਣਾ ਸਰਕਾਰ ਵਲੋਂ ਪੀਂਗ ਰਸਾਲੇ ਦੇ ਐਡੀਟਰ ਨੂੰ ਤੰਗ ਪਰੇਸ਼ਾਨ ਤਹੇ ਗ੍ਰਿਫਤਾਰ ਕੀਤੇ ਜਾਣ ਦੀ ਵੀ ਆਲੋਚਨਾ ਕੀਤੀ ਹੈ।

---

ਨੀ ਲਹਿਰੇ ਅਮਨ ਦੀਏ !
ਰਖਵਾਲੀ ਚਮਨ ਦੀਏ !!

ਪਰ ਵੈਰਨ ਜੰਗਾਂ ਦੀ
ਬੇਹੂਦਾ ਦਮਨ ਦੀਏ !

# ਖੇਤ ਮਜ਼ਦੂਰਾਂ ਲਈ ਅੰਗਰੇਜ਼ੀ ਸਿੱਖਣ ਦਾ ਸੁਨਹਿਰੀ ਮੌਕਾ

ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਖੇਤ ਮਜ਼ਦੂਰਾਂ ਅੰਗਰੇਜ਼ੀ ਸਿੱਖਣ ਦੀਆਂ ਕਲਾਸਾਂ ਇਸ ਸਾਲ ਚੌਥੀ ਵਾਰ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਹ ਕਾਲਸਾਂ ਜਨਵਰੀ 1986 ਤੋਂ ਸ਼ੁਰੂ ਹੋ ਕੇ ਅਪਰੈਲ 1986 ਤੱਕ ਚਲਣਗੀਆਂ। ਇਨਾਂ ਕਲਾਸਾਂ ਦੌਰਾਨ ਯੂਨੀਅਨ ਵੱਲੋਂ ਵਲੰਟੀਅਰ ਟੀਚਰ ਤੁਹਾਡੇ ਘਰ ਆ ਕੇ ਹਫਤੇ ਵਿਚ ਦੋ ਵਾਰੀ ਅੰਗਰੇਜ਼ੀ ਪੜ੍ਹਾਇਆ ਕਰਨਗੇ। ਅੰਗਰੇਜ਼ੀ ਸਿੱਖ ਕੇ ਤੁਸੀਂ ਬਿਨਾਂ ਕਿਸੇ ਦੀ ਮਦਦ ਤੋਂ ਬੱਸ ਵਿਚ ਸਫਰ ਕਰ ਸਕਦੇ ਹੋ, ਬੈਂਕ ਵਿਚ ਜਾ ਕੇ ਪੈਸੇ ਕਢਾ ਜਾਂ ਜਮਾਂ ਕਰਾ ਸਕਦੇ ਹੋ ਅਤੇ ਕੀਤੇ ਕੰਮ ਦਾ ਹਿਸਾਬ ਕਿਤਾਬ ਰਖ ਸਕਦੇ ਹੋ। ਇਨ੍ਹਾਂ ਕਲਾਸਾਂ ਦੀ ਕੋਈ ਫੀਸ ਨਹੀਂ। ਜੇ ਤੁਸੀਂ ਅੰਗਰੇਜ਼ੀ ਸਿਖਣਾ ਚਾਹੁੰਦੇ ਹੋ ਤਾਂ ਅੱਜ ਹੀ ਯੂਨੀਅਨ ਦੇ ਦਫਤਰ ਫੋਨ ਕਰੋ :

ਫੋਨ : 430-6055

# 1 - 4725 Kingsway Burnaby, B.C.

---

ਸੰਸਾਰ ਵਿਆਪੜੀਏ !
ਤੇ ਮੁਕਤੀ ਦਾਤੜੀਏ !!
ਤੈਨੂੰ ਪਰਨਾਮ ਕਰਾਂ

ਤੇ ਸੂਹੇ ਸ਼ਬਦਾਂ ਦਾ
ਭੇਟਾ ਇਕ ਜਾਮ ਕਰਾਂ


**DOSANJH & PIRANI**

#202 - 5887 Victoria Drive, Vancouver, B.C. V5P 3W5

**Phone 327-6381**

- ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ
- ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
- ਵਿਉਪਾਰਕ ਮਸਲੇ
- ਪ੍ਰਵਾਰ ਤੇ ਤਲਾਕ
- ਫੌਜਦਾਰੀ ਤੇ ਸਿਵਲ
- ਕੋਰਟ ਟਰਾਇਲ

**ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ**

## ਹਾਜ਼ਰ ਹਾਂ ਦੋਸਤੋ

o

## ਜ਼ਿਕਰ ਪੰਜਾਬੀ ਲੇਖਕਾਂ ਦਾ

o

**ਭੂਸ਼ਨ**

ਸਾਹਿਬੋ ! ਤੁਸੀਂ ਜਾਣਦੇ ਹੋ, ਬੰਦਾ ਸਾਹਿੱਤ ਦੀਆਂ ਗਲੀਆਂ ਦਾ ਝਾੜੂ-ਬਰਦਾਰ ਹੈ। ਝਾੜੂ-ਬਰਦਾਰ ਦੀ ਹੋਂਦ ਤੋਂ ਤੁਸੀਂ ਮੁੱਕਰ ਸਕਦੇ ਹੋ, ਉਹਦੀ ਲੋੜ ਤੋਂ ਮੁਨਕਰ ਨਹੀਂ ਹੋ ਸਕਦੇ। ਤੁਸੀਂ ਉਸਨੂੰ ਝਿੜਕ ਸਕਦੇ ਹੋ; ਦਬਾ ਸਕਦੇ ਹੋ, ਹਟਾ ਸਕਦੇ ਹੋ,...ਜੇਕਰ ਉਹ ਤੁਹਾਡੇ ਟੁਕੜਿਆਂ ਦੀ ਤਲਬ ਰੱਖਦਾ ਹੋਵੇ ਜਾਂ ਕਮੇਟੀ ਵਾਲਿਆਂ ਦਾ ਤਨਖਾਹੀਆ ਹੋਵੇ ! ਜੇਕਰ ਇਹ ਕਰਮ ਉਹ ਬਿਨਾਂ ਕਿਸੇ ਡਰ, ਲਾਲਚ ਜਾਂ ਸਵਾਰਥ ਦੇ 'ਸਵਾਂਤ: ਸੁਖਾਯ' ਹੀ ਕਰਦਾ ਹੋਵੇ ਤਾਂ ਉਸਦੇ ਕਰਤਵ ਵਾਂਗ ਤੁਹਾਡਾ ਅਧਿਕਾਰ ਵੀ ਸੀਮਿਤ ਹੋ ਜਾਂਦਾ ਹੈ। ਤੁਹਾਡੀ ਹਸਤੀ ਉਹਦੀ ਹੈਸੀਅਤ ਨੂੰ ਚੁਣੌਤੀ ਨਹੀਂ ਦੇ ਸਕਦੀ ! ਤੁਸੀਂ ਖੁਦ ਨੂੰ ਸਾਹਿਬ ਸਮਝਦੇ ਹੋ। ਬੰਦਾ ਵੀ ਤੁਹਾਨੂੰ ਸਾਹਿਬ ਸਮਝਦਾ ਹੈ। ਬੰਦਾ ਝਾੜੂ-ਬਰਦਾਰ ਹੈ। ਤੁਸੀਂ ਉਹਨੂੰ ਝਾੜੂ-ਬਰਦਾਰ ਤਾਂ ਸਮਝੋ !

''' ''' '''

ਮੇਰੇ ਸਾਹਿਬੋ ! ਅੱਜ ਤੋਂ ਪੰਝੀ-ਤੀਹ ਵਰ੍ਹੇ ਪਹਿਲਾਂ ਦੀ ਗੱਲ ਹੈ, ਡਾਕਟਰ ਨਿਰੰਜਣ ਦਾਸ ਨੇ ਸਾਡੇ ਪਿੰਡ ਡਾਕਟਰੀ ਦੀ ਦੁਕਾਨ ਖੋਲ੍ਹੀ ਸੀ। ਡਾਕਟਰਾਂ ਦੀਆਂ ਦੁਕਾਨਾਂ ਪਿੰਡ ਵਿਚ ਪਹਿਲਾਂ ਵੀ ਸਨ ਪਰ ਉਹ ਆਪਣਾ ਵਕਤ ਸ਼ਤਰੰਜ ਜਾਂ ਤਾਸ਼ ਖੇਡਣ ਵਿਚ ਖਰਚ ਕਰਦੇ ਸਨ ਤੇ ਜਾਂ ਤਾਸ਼ ਖੇਡਣ ਵਿਚ ਖ਼ਰਚ ਕਰਦੇ ਸਨ ਤੇ ਜਾਂ ਫੇਰ ਹੁੱਕਾ ਪੀਂਦੇ ਰਹਿੰਦੇ ਸਨ। ਮਰੀਜ਼ ਆਇਆ; ਤੋਰਿਆ ਤੇ ਫੇਰ ਆਪਣੇ ਕੰਮ ਵਿਚ ਮਸਰੂਫ਼ ।...ਡਾਕਟਰ ਨਿਰੰਜਣ ਦਾਸ ਦਾ ਦਿਨ ਹੋਰ ਤਰ੍ਹਾਂ ਚੜ੍ਹਦਾ ਸੀ। ਪਿੰਡ ਦੇ ਸੁੱਤਿਆਂ ਸੁੱਤਿਆਂ ਹੀ ਉਹ ਝਾੜੂ ਤੇ ਬਾਲਟੀ ਲੈ ਕੇ ਪਿੰਡ ਦੇ ਇਕ ਸਿਰੇ 'ਤੇ ਪਹੁੰਚ ਜਾਂਦਾ, ਨਲਕਾ ਗੇੜ੍ਹਦਾ ਤੇ ਗੰਦ ਧੋਣਾ ਸ਼ੁਰੂ ਕਰ ਦੇਂਦਾ। ਜਿਉਂ ਜਿਉਂ ਗਲੀਆਂ ਨਾਲੀਆਂ ਧੋਈ ਜਾਂਦਾ, ਨਲਕਿਆਂ ਵਾਲੇ ਘਰਾਂ ਦੇ ਦਰਵਾਜ਼ੇ ਖੜਕਾਈ ਜਾਂਦਾ, ਨਲਕੇ ਗੇੜੀ ਜਾਂਦਾ, ਬਾਲਟੀਆਂ ਰੋੜ੍ਹੀ ਜਾਂਦਾ ਨਾਲ ਨਾਲ ਤੁਲਸੀ ਰਾਮਾਇਣ ਦੀਆਂ ਚੌਪਾਈਆਂ ਪੜ੍ਹੀ ਜਾਂਦਾ। ਕੁਝ ਮੁੰਡੇ ਸ਼ਰਮ-ਬ-ਸ਼ਰਮੀ ਉਹਦੇ ਨਾਲ ਰਲ ਜਾਂਦੇ। ਜਦੋਂ ਪਿੰਡ ਜਾਗਦਾ ਤਾਂ ਡਾਕਟਰ ਨਿਰੰਜਣ ਦਾਸ ਨਹਾ ਧੋ ਕੇ ਆਪਣੀ ਦੁਕਾਨ ਵਿਚ ਅਗਰ-ਬੱਤੀਆਂ ਧੁਖਾ ਰਿਹਾ ਹੁੰਦਾ।

ਇਹ ਪੰਝੀ-ਤੀਹ ਸਾਲ ਪਹਿਲਾਂ ਦੀ ਗੱਲ ਹੈ।

ਡਾਕਟਰ ਅਜੇ ਵੀ ਓਥੇ ਹੈ, ਪਰ ਗਲੀਆਂ ਨਾਲੀਆਂ ਵਿਚ ਗੰਦ ਹੈ।

ਝਾੜੂ-ਬਰਦਾਰ ਬੁੱਢਾ ਹੋ ਗਿਆ ਹੈ !

''' ''' '''

ਓਹਨੀਂ ਦਿਨੀਂ ਹੀ ਇਕ ਹੋਰ ਦਰਵੇਸ਼ ਆਇਆ ਸੀ ਸਾਡੇ ਪਿੰਡ। ਉਸਦੇ ਤੇੜ ਲੰਗੋਟੀ ਹੁੰਦੀ ਸੀ; ਹੱਥ ਵਿਚ ਚਿਲਮ ਤੇ ਮੋਢੇ ਉਤੇ ਕਹੀ। ਨਾਂ ਤਾਂ ਉਹਦਾ ਕੁਝ ਹੋਰ ਸੀ, ਪਰ ਅਸੀਂ ਉਹਨੂੰ 'ਬਾਬਾ ਗ਼ਰੀਬੂ' ਕਹਿੰਦੇ ਹੁੰਦੇ ਸਾਂ; ਕਿਉਂਕਿ ਉਹ ਹਰ ਵੇਲੇ 'ਗ਼ਰੀਬੂ'— ਗ਼ਰੀਬੂ' ਬੋਲਦਾ ਰਹਿੰਦਾ ਸੀ। ਗਲੀ ਬਾਜ਼ਾਰ ਵਿਚ ਜਿਥੇ ਵੀ ਗੰਦ ਵੇਖਦਾ, ਕਹੀ ਨਾਲ ਇਕ ਪਾਸੇ ਇਕੱਠਾ ਕਰ ਦੇਂਦਾ ਤੇ ਗ਼ਰੀਬੂ-ਗ਼ਰੀਬੂ ਕਹੀ ਜਾਂਦਾ। ਜਿਹੜੇ ਘਰ ਦੇ ਮੂਹਰੇ ਗੰਦ ਨਹੀਂ ਸੀ ਹੁੰਦਾ, ਉਥੇ ਉਹ ਰੁਕਦਾ ਨਹੀਂ ਸੀ। ਲੋਕਾਂ ਦਾ ਵਿਸ਼ਵਾਸ ਸੀ ਕਿ ਜਿਸ ਘਰ ਦੇ ਸਾਹਮਣੇ ਰੁਕ ਕੇ ਉਹ ਗ਼ਰੀਬੂ-ਗ਼ਰੀਬੂ ਕਹਿੰਦਾ ਹੈ, ਉਸ 'ਚੋਂ ਬੀਮਾਰੀ ਉਡ ਜਾਂਦੀ ਹੈ। ਇਸ ਲਈ ਲੋਕ, ਉਹਨੂੰ ਰੋਕਣ ਲਈ, ਆਪਣੇ ਘਰਾਂ ਦੇ ਸਾਹਮਣੇ ਇੱਟਾਂ- ਵੱਟੇ ਰੱਖ ਛੱਡਦੇ ਸਨ।

ਜਦੋਂ ਤੱਕ ਉਹ ਰਿਹਾ, ਪਿੰਡ ਸਾਫ਼ ਰਿਹਾ।

ਹੁਣ ਗਲੀਆਂ ਗੰਦੀਆਂ ਹਨ ਤੇ ਨਾਲੀਆਂ ਭਰੱਕੀਆਂ ਪਈਆਂ ਹਨ।

ਪੰਚਾਇਤੀ ਸਫ਼ਾਈ-ਸੇਵਕ ਤਾਂ ਬੜੇ ਹਨ, ਪਰ... 'ਗ਼ਰੀਬੂ' ਜਾ ਚੁੱਕਾ ਹੈ !

ਪਿੰਡ ਤੇ ਸ਼ਹਿਰ ਵਿੱਚ ਬੜਾ ਫ਼ਰਕ ਹੁੰਦਾ ਹੈ।

ਧਿਆਨਪੁਰ ਤੇ ਚੰਡੀਗੜ੍ਹ ਵਿੱਚ ਬੜਾ ਫ਼ਰਕ ਹੈ। ਝਾੜੂ-ਬਰਦਾਰਾਂ ਵਿੱਚ ਵੀ ਫ਼ਰਕ ਹੈ।

ਚੰਡੀਗੜ੍ਹ, ਵਿੱਚ ਨਾਲੀਆਂ ਤਾਂ ਜ਼-ਮੀਨ ਦੇ ਥੱਲੇ ਹਨ ਪਰ ਗਲੀਆਂ ਦੋ ਪਾਸੇ ਹਨ। ਘਰਾਂ-ਦਰਾਂ ਦੇ ਮੂਹਰੇ ਤਾਂ ਸੜਕ ਹੈ, ਜਿਸਨੂੰ ਵਰਦੀ ਵਾਲਾ ਜਮਾਦਾਰ, ਡਾਂਗ ਨਾਲ ਬੰਨ੍ਹਿਆ ਝਾੜੂ ਫੇਰ ਕੇ, ਸਾਫ਼ ਕਰ ਜਾਂਦਾ ਹੈ, ਪਰ ਮਕਾਨਾਂ ਦੀਆਂ ਕਤਾਰਾਂ ਦੇ ਪਿਛਵਾੜੇ ਦੋ ਧਿਰਾਂ ਦੀ ਸਾਂਝੀ ਗਲੀ ਵੀ ਹੁੰਦੀ ਹੈ, ਜੀਹਨੂੰ ਕੋਈ ਸਾਫ਼ ਨਹੀਂ ਕਰਦਾ। ਘਰ ਦਾ ਕੂੜ-ਕਬਾੜ ਕੰਧੋਂ ਪਾਰ ਡਿੱਗਦਾ ਰਹਿੰਦਾ ਹੈ। ਜਮ੍ਹਾਂ ਹੁੰਦਾ ਰਹਿੰਦਾ ਰਹਿੰਦਾ ਹੈ।...ਨੰਗੇ ਪੈਰਾਂ ਵਾਲੇ ਬੱਚੇ, ਗਲਾਂ ਵਿੱਚ ਬਗਲੀਆਂ ਬੰਨ੍ਹੀ, ਢੇਰ ਫਰੋਲਦੇ ਰਹਿੰਦੇ ਨੇ, ਆਪਣੇ ਕੰਮ ਦੀਆਂ ਚੀਜ਼ਾਂ ਲੱਭਦੇ ਰਹਿੰਦੇ ਨੇ; ਕਾਵਾਂ ਤੇ ਕੁੱਤਿਆਂ ਵਾਂਗ ਢੇਰ ਖਿਲਾਰ ਕੇ ਹੋਰ ਗੰਦ ਪਾ ਜਾਂਦੇ ਨੇ। ਘਰਾਂ ਵਾਲੇ ਸਾਹਿਬਾਨ ਸੁਖ ਦੀ ਨੀਂਦ ਸੌਂ ਜਾਂਦੇ ਨੇ !

ਪੰਦਰਾਂ ਸੈਕਟਰ ਦੇ ਸਾਊਆਂ ਦੀ ਕੁਝ ਦਿਨਾਂ ਤੋਂ ਨੀਂਦ ਹਰਾਮ ਹੋ ਗਈ ਹੈ। ਪਿਛਵਾੜੇ ਵਾਲੀਆਂ ਗਲੀਆਂ ਵਿੱਚ ਇੱਕ ਦੁੱਧ-ਚਿੱਟੇ ਬਸਤਰਾਂ ਵਾਲਾ ਬਜ਼ੁਰਗ ਸਵੇਰੇ ਸਵੇਰੇ ਗੇੜੇ ਮਾਰਨ ਲੱਗ ਪਿਆ ਹੈ। ਉਹਦੇ ਹੱਥ ਵਿਚ ਝਾੜੂ ਹੁੰਦਾ ਹੈ ਤੇ ਜੇਬ ਵਿੱਚ ਮਾਚਿਸ। ਉਹ ਰਾਮਾਇਣ ਦੀਆਂ ਚੌਪਾਈਆਂ ਨਹੀਂ ਪੜ੍ਹਦਾ ਤੇ ਨਾ ਹੀ ਗ਼ਰੀਬੂ-ਕਰਦਾ ਹੈ। ਉਹ ਤਾਂ ਅੱਖੀਂ ਡਿੱਠਾ ਹਾਲ, ਨਾਲੋ ਨਾਲ, ਪ੍ਰਸਾਰਿਤ ਕਰੀ ਜਾਂਦਾ ਹੈ। ਸਾਹਿਬ ਲੋਕਾਂ ਦੀ ਨੀਂਦ ਹਰਾਮ ਕਰੀ ਜਾਂਦਾ ਹੈ ! ਜ਼ਰਾ ਸੁਣੋ, ਉਹ ਕੀ ਕਹਿ ਰਿਹਾ ਹੈ :

''ਵੈਰੀ ਗੁਡ ! ਵੈਰੀ ਗੁਡ !...ਕਿਆ ਬਾਤ ਹੈ... ਬਹੁਤ...ਖ਼ੂਬ...

ਸਿਗਰਟ ਪੀਤੇ, ਡੱਬੀ ਬਾਹਰ...ਦਾਰੂ ਪੀਤੀ, ਅਧੀਆ ਬਾਹਰ...ਬਾਹਰ...ਚਾਹ ਪੀਤੀ, ਪੱਤੀ ਬਾਹਰ...

ਸਬਜ਼ੀ ਧਰ ਲਈ, ਛਿਲਕੇ ਬਾਹਰ...ਮਾਸ ਚੂੰਢਿਆ ...ਹੱਡੀਆਂ ਬਾਹਰ...

ਫ਼ੈਮਿਲੀ ਪਲੈਨਿੰਗ ਅੰਦਰ, ਗੰਦ ਗੁਬਾਰੇ ਬਾਹਰ... ਬੰਦੇ ਅੰਦਰ, ਕੁੱਤੇ ਬਾਹਰ...

# ਨੈਲਸਨ ਮੰਡੇਲਾ ਦਾ ਜੇਲ੍ਹ ਤੋਂ ਸੰਗਰਾਮ ਜਾਰੀ

ਦਖਣ ਅਫਰੀਕੀ ਹਾਕਮਾਂ ਨੇ ਕੈਦੀ ਨੰਬਰ 466/1964 ਨੂੰ, ਜਿਸ ਨੂੰ ਉਹ ਸਭ ਤੋਂ ਖਤਰਨਾਕ ਮੁਜਰਿਮ ਸਮਝਦੇ ਹਨ, 20 ਵਰ੍ਹਿਆਂ ਤੋਂ ਵਧੇਰੇ ਸਮੇਂ ਤੋਂ ਰੋਬੇਨ ਟਾਪੂਹਾਰ ਵਿਚ ਕੈਦੀ ਕੀਤਾ ਹੋਇਆ ਹੈ। ਦੋ ਵਰੇ ਪਹਿਲਾਂ ਅਧਿਕਾਰੀਆਂ ਨੇ ਉਸ ਨੂੰ ਕੇਪ ਪਰਾਵਿੰਸ ਵਿਚਲੀ ਇਕ ਉਚ ਸੁਰਖਿਆ ਜੇਲ, ਪੋਲਸਮੂਰ ਵਿਖੇ ਬਦਲ ਦਿਤਾ ਸੀ। ਉਹਨਾਂ ਲਈ ਇਹ ਅਤਿ ਖਤਰਨਾਕ ਵਿਅਕਤੀ ਨੈਲਸਨ ਮੰਡੇਲਾ ਹੈ। ਉਹ ਦਖਣ ਅਫਰੀਕੀ ਕੌਮੀ ਕਾਂਗਰਸ (ਏ. ਐਨ. ਸੀ.) ਦਾ ਇਕ ਆਗੂ ਹੈ। ਇਹ ਜਥੇਬੰਦੀ ਦੇਸ਼ ਦੇ ਸਥਾਨਕ ਵਸਨੀਕਾਂ ਦੇ ਅਧਿਕਾਰਾਂ ਲਈ ਲੜਦੀ ਹੈ।

ਅਫਰੀਕੀ ਕੌਮੀ ਕਾਂਗਰਸ ਦੇ ਆਗੂ ਨੂੰ ਕਰੜੀ ਅਲਹਿਦਗੀ ਵਿਚ ਰਖੇ ਜਾਣ ਦੇ ਲੰਮੇ ਸਮੇਂ ਦੌਰਾਨ ਨਸਲਵਾਦੀ ਹਾਕਮਾਂ ਨੇ ਅਨੇਕ ਵਾਰ ਕੋਸ਼ਿਸ਼ ਕੀਤੀ ਹੈ ਕਿ ਉਹ ਰਾਜਨੀਤਕ ਸੰਘਰਸ਼ ਦਾ ਰਾਹ ਤਿਆਗ ਦੇਵੇ। ਪਰ ਨਾ ਹੀ ਧਮਕੀਆਂ ਅਤੇ ਨਾ ਹੀ ਉਹਦੀ ਲੰਮੀ ਕੈਦ ਇਸ ਅਦਭੁਤ ਵਿਅਕਤੀ ਦਾ ਹੌਂਸਲਾ ਤੋੜ ਸਕੀਆਂ। ਫਿਰ ਹਕੂਮਤ ਦੇ ਆਗੂਆਂ ਨੇ ਇਕ ਸਾਜ਼ਿਸ਼ ਕਰਨ ਦੀ ਸੋਚੀ। ਦਖਣ ਅਫਰੀਕਾ ਦੇ ਪ੍ਰਧਾਨ, ਪੀਟਰ ਬੋਥਾ ਨੇ ਮੰਡੇਲਾ ਨੂੰ ਕੁਝ ਸ਼ਰਤਾਂ ਉਤੇ ਰਿਹਾ ਕਰਨ ਦੀ ਪੇਸ਼ਕਸ਼ ਕੀਤੀ, ਭਾਵ, ਜੇਕਰ ਉਹ 'ਹਿੰਸਾ ਤਿਆਗ ਦਿੰਦਾ ਹੈ' ਅਤੇ ਤਰਾਸਕੇਈ ਬਾਤੁਸਤਾਨ ਵਿਚ ਵਸ ਜਾਂਦਾ ਹੈ, ਜਿਹੜਾ ਰਸਮੀ ਤੌਰ ਉਤੇ ਸੁਆਧੀਨ ਮੰਨਿਆ ਜਾਂਦਾ ਹੈ ਪਰ ਉਸ ਦੇ ਵਸਨੀਕਾਂ ਨੂੰ ਗੋਰਿਆਂ ਦੇ ਦਖਣ ਅਫਰੀਕਾਂ ਦੀ ਯਾਤਰਾ ਕਰਨ ਲਈ ਵਿਸ਼ੇਸ਼ ਇਜਾਜ਼ਤ ਲੈਣੀ ਪੈਂਦੀ ਹੈ।

ਇਹ ਸਪਸ਼ਟ ਹੈ, ਬੋਥਾ ਨੂੰ ਆਸ ਸੀ ਕਿ ਕੈਦ ਕਾਰਨ ਹੌਂਸਲਾ ਟੁੱਟ ਜਾਣ ਉਤੇ ਮੰਡੇਲਾ ਜਾਲ ਵਿਚ ਫਸ ਜਾਵੇਗਾ। ਪਰ ਇਹ ਉਹਦਾ ਭੁਲੇਖਾ ਸੀ ਕਿਉਂਕਿ ਨੈਲਸਨ ਮੰਡੇਲਾ ਨੇ ਉਹ ਸਾਰੀਆਂ ਸ਼ਰਤਾਂ ਸਾਫ ਸਾਫ ਰੱਦ ਕਰ ਦਿਤੀਆਂ ਜਿਹਨਾਂ ਉਤੇ ਉਸ ਨੂੰ ਰਿਹਾ ਕਰ ਦੇਣ ਦਾ ਇਕਰਾਰ ਕੀਤਾ ਗਿਆ ਸੀ। 'ਮੈਨੂੰ ਮੇਰੇ ਲੋਕਾਂ ਦੀ ਆਜ਼ਾਦੀ ਮੇਰੀ ਖੁਦ ਦੀ ਆਜ਼ਾਦੀ ਤੋਂ ਵਧੇਰੇ ਪਿਆਰੀ ਹੈ'। ਇਹ ਗਲ ਉਸ ਨੇ ਕੈਦ ਵਿਚੋਂ ਭੇਜੇ ਗਏ ਇਕ ਬਿਆਨ ਵਿਚ ਲਿਖ ਕੇ ਭੇਜੀ ਸੀ ਜਿਸਨੂੰ ਉਹਦੀ ਧੀ ਨੇ ਜੋਹੰਸਬਰਗ ਦੇ ਇਕ ਉਪਨਗਰ ਸੋਵਤੋ ਵਿਖੇ ਇਕ ਸਮੂਹਿਕ ਇਕੱਤਰਤਾ ਵਿਚ ਪੜ੍ਹ ਕੇ ਸੁਣਾਇਆ ਸੀ।

ਨੈਲਸਨ ਮੰਡੇਲਾ ਨੇ ਆਖਿਆ, 'ਸਰਕਾਰ ਨੇ ਸਾਡੇ' ਉਤੇ ਹਥਿਆਰਬੰਦ ਸੰਘਰਸ਼ ਮੜ੍ਹਿਆ ਹੈ। ਜੇਕਰ ਅਧਿਕਾਰੀ ਚਾਹੁੰਦੇ ਹਨ ਕਿ ਅਸੀਂ ਇਸ ਨੂੰ ਬੰਦ ਕਰ ਦੇਈਏ ਤਾਂ ਪਹਿਲਾਂ ਕਦਮ ਉਹਨਾਂ ਨੂੰ ਹੀ ਚੁਕਣਾ ਪਵੇਗਾ। ਉਹਨਾਂ ਉਹਨਾਂ ਨੂੰ ਅਵੱਸ਼ ਹੀ ਸਾਨੂੰ ਕਾਨੂੰਨੀ ਰੁਤਬਾ ਦੇਣਾ ਚਾਹੀਦਾ ਹੈ, ਸਾਨੂੰ ਇਕ ਰਾਜਨੀਤਕ ਪਾਰਟੀ ਸਮਝ ਕੇ ਸਾਡੇ ਨਾਲ ਗਲਬਾਤ ਕਰਨੀ ਚਾਹੀਦੀ ਹੈ ਅਸੀਂ ਉਦੋਂ ਤਕ ਆਪਣੀ ਹਥਿਆਰਬੰਦ ਜਦੋ ਜਹਿਦ ਜਾਰੀ ਰੱਖਾਂਗੇ ਜਦ ਤਕ ਉਹ ਇਉਂ ਨਹੀਂ ਕਰਦੇ।'

ਮੰਡੇਲਾ ਨੇ ਅਫਰੀਕੀ ਕੌਮੀ ਕਾਂਗਰਸ ਪ੍ਰਤੀ ਪੀਟਰ ਬੋਥਾ ਦਾ ਝੁਕਣ ਤੇ

ਨਾਟਕ ਤੇ ਨਸਲੀ ਹਕੂਮਤ ਦੇ ਹਾਕਮਾਂ ਵਲੋਂ ਬੜੇ ਜ਼ੋਰਾਂ ਨਾਲ ਪਾਰਚਾਰੀਆਂ 'ਤਜਵੀਜ਼ਾਂ' ਦੇ ਇਕਰਾਰ ਇਕੋ ਵੇਲੇ ਕੀਤੇ ਗਏ ਅਤੇ ਪੱਛਮੀ ਪਰਚਾਰ-ਸਾਧਨਾਂ ਨੇ ਇਹ ਸਿੱਟਾ ਕੱਢ ਲਿਆ ਸੀ ਕਿ 'ਰੰਗ- -----

'ਕਾਲਿਆਂ ਨਾਲ ਗਲਬਾਤ ਕਰਨ ਦੀ ਨਵੀਂ ਵਿਧੀ' ਦਾ ਜ਼ਿਕਰ ਕੀਤਾ ਅਤੇ ਨੂੰ ਜਾਇਦਾ ਦਾ ਅਧਿਕਾਰ ਦਿਤਾ ਜਾਵੇਗਾ। ਅਸਲ ਵਿਚ ਉਸ ਨੇ ਤੁਰੰਤ ਇਹ ਗਲ ਸਪਸ਼ਟ ਕਰ ਦਿਤੀ ਸੀ ਕਿ ਇਹ ਫੋਰਮ ਕੁਝ ਨਿਸਚਿਤ ਮਨੋਰਥ ਲਈ ਹੀ, 'ਪਿਛਲੇਰੇ ਨਿਯਤ ਹੋਏ ਏਜੰਡੇ ਤੋਂ ਬਿਨਾਂ' ਅਤੇ 'ਨਿਰਦੇਸ਼ਾਤਮਕ ਅਸੂਲਾਂ' ਦੇ ਆਧਾਰ ਉਤੇ ਬੁਲਾਇਆ ਜਾਵੇਗਾ, ਜਿਹੜੇ, ਨਿਰਸੰਦੇਹ, ਗੋਰੇ ਅਧਿਕਾਰੀਆਂ ਵਲੋਂ ਕਾਇਮ ਕੀਤੇ ਜਾਣਗੇ। ਪਰ ਇਹ ਸਪਸ਼ਟ ਜਿਹਾ 'ਕੁਝ' ਵੀ ਰੰਗਭੇਦ ਭਾਵ ਦੇ ਪੱਛਮੀ ਹਿਮਾਇਤੀਆਂ ਲਈ ਇਹ ਕਹਿਣ ਦਾ ਬਹਾਨਾ ਬਣ ਗਿਆ ਹੈ ਕਿ 'ਪਰੀਟੋਰੀਆਂ ਹਕੂਮਤ ਸੁਧਾਰਾਂ ਲਈ ਤਾਂਘ ਰਹੀ ਹੈ।'

ਪਰ ਇਸ ਵਾਰ ਵੀ 'ਸੁਧਾਰਵਾਦੀ' ਬੋਥਾ ਨੇ ਸੰਸਾਰ ਨੂੰ ਬਹੁਤ ਸਮੇਂ ਲਈ ਭਰਮ ਵਿਚ ਨਹੀਂ ਰਖਿਆ। ਕੁਝ ਹਫਤਿਆਂ ਮਗਰੋਂ ਹੀ ਉਸ ਨੇ ਦਖਣ ਅਫਰੀਕੀ ਟੈਲੀਵੀਯਨ ਨਾਲ ਇਕ ਇੰਟਰਵਿਊ ਵਿਚ ਸਪਸ਼ਟ ਕਰ ਦਿਤਾ ਕਿ 'ਨਸਲਾਂ ਦੇ ਅੱਡ ਵਿਕਾਸ' ਦੇ ਮੁੱਖ ਪਹਿਲੂ ਗਲਬਾਤ ਦਾ ਵਿਸ਼ਾ ਨਹੀਂ ਹਨ। ਉਸ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਕ ਵਿਅਕਤੀ ਇਕ-ਵੋਟ ਦਾ ਅਧਿਕਾਰ ਲਾਗੂ ਕਰਨ ਦਾ ਅਤੇ ਤਿੰਨ ਮੈਂਬਰੀ ਪਾਰਲੀਮੈਂਟ ਵਿਚ ਕਾਲਿਆਂ ਲਈ ਚੌਥਾ ਚੈਂਬਰ ਕਾਇਮ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਇਸ ਤਰ੍ਹਾਂ 'ਅਫਰੀਕੀਆਂ ਲਈ ਫੋਰਮ' ਉਨਾ ਹੀ ਢਕੌਂਸਲਾ ਸਾਬਤ ਹੋਇਆ ਹੈ, ਜਿੰਨਾ ਕਿ ਨੈਲਸਨ ਮੰਡੇਲਾ ਨੂੰ; 'ਰਿਹਾ ਕਰਨ' ਦੀ ਤਜਵੀਜ਼।

ਪਰੀਟੋਰੀਆਂ ਦੀ ਇਕ ਹੋਰ 'ਖੁਲਦਿਲੀ' ਪੇਸ਼ਕਸ਼ , ਅਫਰੀਕੀਆਂ ਨੂੰ 'ਗੋਰਿਆਂ ਦੇ ਇਲਾਕਿਆਂ' ਤੋਂ ਰਾਖਵੇਂ ਖੇਤਰਾਂ ਵਿਚ ਜਬਰਨ ਮੁੜ-ਵਸਾਉਣ ਦੀ ਨੀਤੀ ਨੂੰ ਸੋਧਣ ਦਾ ਇਕਰਾਰ ਸੀ। ਪਰ ਮਸਾਂ ਕੁਝ ਹਫਤੇ ਹੀ ਬੀਤੇ ਸੀ ਕਿ ਦਖਣ ਅਫਰੀਕੀ ਪਾਰਲੀਮੈਂਟ, ਜਿਥੇ ਇਹ ਸਾਰੇ ਸ਼ਾਨਦਾਰ ਭਾਸ਼ਨ ਦਿਤੇ ਗਏ ਸੀ, ਤੋਂ ਵੀਹ ਕਿਲੋਮੀਟਰ ਦੀ ਦੂਰੀ ਉਤੇ ਹੀ ਹਥਿਆਰਬੰਦ ਪੁਲਸ ਅਫਰੀਕੀ ਸਸਤੀ ਕਰਾਸਰੋਡਜ਼ ਵਿਚ ਦਾਖਲ ਹੋ ਗਈ ਅਤੇ ਝੁਗੀਆਂ ਦੇ ਵਸਨੀਕਾਂ ਨੂੰ ਕਾਰਾਂ ਵਿਚ ਪਾ ਕੇ ਰਾਖਵੇਂ ਇਲਾਕਿਆਂ ਵੱਲ ਲੈਣ ਜਾਣ ਲੱਗੀ। ਜਦੋਂ ਕਰਾਸੋਡਜ਼ ਦੇ ਲੋਕਾਂ ਨੇ ਇਹਦਾ ਵਿਰੋਧ ਕੀਤਾ, ਨਸਲੀ ਪੁਲੀਸ ਨੇ ਉਹਨਾਂ ਉਤੇ ਗੋਲੀਆਂ ਦੀ ਬੁਛਾੜ ਕੀਤੀ। ਸਿੱਟੇ ਵਜੋਂ ਵੀਹ ਅਫਰੀਕੀ ਮਾਰੇ ਗਏ ਅਤੇ 240 ਜ਼ਖਮੀ ਹੋ ਗਏ।

ਜਿਉਂ ਹੀ ਕਰਾਸੋਡਜ਼ ਕਤਲੇਆਮ ਹੋਇਆ, ਹਕੂਮਤ ਦੀ ਗੁਪਤ ਪੁਲੀਸ ਨੇ ਸੰਯੁਕਤ ਜਮਹੂਰੀ ਮੋਰਚੇ ਦੇ ਆਗੂਆਂ ਨੂੰ ਬੰਦੀ ਬਣਾਂ ਲਿਆ। ਇਹ ਮੋਰਚਾ ਦਖਣ ਅਫਰੀਕਾ ਦੀ ਸਭ ਤੋਂ ਵੱਡੀ ਜਨਤਕ ਜਥੇਬੰਦੀ ਹੈ ਜਿਸ ਦੀਆਂ ਸਫਾਂ ਵਿਚ 600 ਤੋਂ ਵਧੇਰੇ ਰਾਜਨੀਤਕ ਧਾਰਮਿਕ ਅਤੇ ਨੌਜਵਾਨ ਜਥੇਬੰਦੀਆਂ ਇਕ ਜੁੱਟ ਹਨ। ਬੰਦੀ ਬਣਾਏ ਗਏ ਲੋਕਾਂ ਉਤੇ 'ਮਹਾਨ ਦੇਸ਼ ਧਰੋਹ' ਦਾ ਦੋਸ਼ ਲਾਇਆ ਗਿਆ ਜਿਸ ਦਾ ਅਰਥ ਸੀ, ਮੌਤ ਦੀ ਸਜ਼ਾ।

ਇਹ ਹੈ ਨਸਲੀ 'ਸੁਧਾਰਵਾਦੀ' ਦਾ ਅਤੇ ਰੰਗ ਭੇਦ ਭਾਵ ਦੇ 'ਉਦਾਰੀਕਰਣ ਦਾ ਅਸਲੀ ਚਿਹਰਾ।




**Super Star Plumbing & Electrical Heating Supply Ltd.**

4270 Fraser Street, Vancouver, B.C.

**Phone 874-0511**

ਆਪਣੀਆਂ ਹਰ ਤਰ੍ਹਾਂ ਦੀਆਂ ਪਲੰਬਿੰਗ ਅਤੇ ਬਿਜਲੀ ਦੇ ਸਮਾਨ ਆਦਿ ਦੀਆਂ ਲੋੜਾਂ ਲਈ ਹਮੇਸ਼ਾਂ ਸੁਪਰਸਟਾਰ ਪਲੰਬਿੰਗ ਵਾਲਿਆਂ ਨੂੰ ਯਾਦ ਰੱਖੋ। ਐਸਟੀਮੇਟ ਮੁਫਤ ਦਿਤਾ ਜਾਂਦਾ ਹੈ।

Gurdial Singh(Gaddey) ਅਸੀਂ ਨਵੇਂ ਤੇ ਪੁਰਾਣੇ ਘਰਾਂ ਦੀ ਪਲੰਬਿੰਗ ਅਤੇ ਬਿਜਲੀ ਦਾ ਤਸੱਲੀਬਖਸ਼ ਕੰਮ ਕਰਦੇ ਹਾਂ

**BOMBAY SWEETS**

**& Restaurants**

6556 - 6560 MAIN ST. VANCOUVER

Ph. 321-1414

874-5722

For Largest Variety in Indian Sweets

*Delicious Indian food*

# "ਵਿਚਹੁ ਮਾਰਿ ਕਢੀਆ ਬੁਰਿਆਈਆ"

ਵਲੋਂ : ਗਿਆਨੀ ਗੋਪਾਲ ਸਿੰਘ ਜੀ ਮਿੱਤਰ, ਮਾਲਬ(ਗੁੜਗਾਉਂ)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਤੋਂ ਭੁੱਲੀ ਸਾਹ ਸਤ ਤੇ ਧਰਮ-ਹੀਣ ਜਨਤਾ ਵਿਚ ਸਾਹਸ ਤੇ ਉਤਸ਼ਾਹ ਭਰਨ ਤੇ ਉਸ ਨੂੰ ਮਨੁੱਖਾ ਜਨਮ ਸਫਲ ਕਰਨ ਲਈ ਨੇਕੀ ਤੇ ਸਚਾਈ ਦੇ ਰਾਹ ਤੇ ਪਾਣ ਵਾਸਤੇ ਚਾਰ ਉਦਾਸੀਆਂ(ਪ੍ਰਚਾਰ-ਫੇਰੀਆਂ) ਧਾਰਨ ਕੀਤੀਆਂ ।

'ਚਲਿਆ ਸੋਧਣ ਧਰਤਿ ਲੁਕਾਈ ॥' (ਭਾਈ ਗੁਰਦਾਸ ਜੀ)

ਆਪ ਨੂੰ ਇਸ ਸਫਰ ਵਿਚ ਥਾਂ ਥਾਂ ਤੇ, ਰਾਖਸ਼ ਬ੍ਰਿਤੀ ਵਾਲੇ, ਜ਼ਾਲਮ ਲੋਭੀ ਲੰਪਟ, ਹੰਕਾਰੀ, ਜਾਤ ਅ ਅਭਿਮਾਨੀ, ਕਰੋਧੀ, ਈਰਖਾਲੂ, ਆਦਿ ਹਰ ਪ੍ਰਕਾਰ ਦੇ ਲੋਕਾਂ ਨਾਲ ਰਾਹ ਤੇ ਵਾਹ ਪਿਆ । ਆਪ ਨੇ ਇਕ ਸੁਘੜ ਸਿਆਣੇ ਤਜਰਬੇਕਾਰ ਵੈਦ ਵਾਂਗੂੰ ਉਨ੍ਹਾਂ ਦੇ ਹਿਰਦਿਆਂ ਵਿਚ ਘਰ ਕਰ ਚੁਕੀਆਂ ਆਤਮਕ ਬੀਮਾਰੀਆਂ ਦਾ ਇਲਾਜ ਕੀਤਾ । ਜਿਵੇਂ ਡਾਕਟਰ ਕਿਸੇ ਵੀ ਅੰਗ ਵਿਚ ਭਰ ਚੁੱਕੀ ਗੰਦਗੀ ਨੂੰ ਅਪਰੇਸ਼ਨ ਦੁਆਰਾ ਕੱਢ ਕੇ ਰੋਗੀ ਨੂੰ ਅਰੋਗ ਕਰ ਦੇਂਦਾ ਹੈ । ਇਸੇ ਤਰ੍ਹਾਂ ਆਪ ਨੇ ਸਮੇਂ ਦੇ ਵਾਤਾਵਰਨ ਅਨੁਸਾਰ ਆਪਣੇ ਜੀਵਨ ਤੇ ਸੱਚੇ ਸੁੱਚੇ ਉਪਦੇਸ਼ ਦੁਆਰਾ ਹਰ ਹਿਰਦੇ ਵਿਚ ਪਈਆਂ ਬੁਰਿਆਈਆਂ ਤੇ ਊਣਤਾਈਆਂ ਨੂੰ ਕੱਢ ਕੇ ਉਨ੍ਹਾਂ ਨੂੰ ਸਮਾਜ ਦਾ ਨਰੋਆ ਅੰਗ ਬਣਾ ਦਿਤਾ ।

ਆਪ ਦੁਖਾਂ, ਕ ਸ਼ਟਾਂ, ਤਕਲੀਫਾਂ ਦੀ ਪਰਵਾਹ ਨਾ ਕਰਦੇ ਹੋਏ ਪਰਬਤਾਂ, ਝੀਲਾਂ, ਸਮੁੰਦਰਾਂ ਦੇ ਬਿਖੜੇ ਰਾਹਾਂ ਨੂੰ ਉਲਾਂਘਦੇ, ਇਨ੍ਹਾਂ ਆਚਾਰ ਵੀਚਾਰ ਹੀਣ ਲੋਕਾਂ ਦੇ ਨੇੜੇ ਪੁਜੇ । ਜਗਰਾਤੇ ਕੱਟੇ, ਉਨੀਂਦਰੇ ਗੁਜ਼ਾਰੇ, ਕਈ ਕਈ ਦਿਨ ਭੁਖਿਆਂ ਰਹਿ ਕੇ ਸਫਰ ਕੀਤੇ, ਵੱਟੇ ਪੱਥਰ ਸਹਿਨ ਕੀਤੇ, ਕੁ ਕੁਰਾਹੀਆ ਅਖਵਾਇਆ, ਪਰ ਇਸ ਮਾਨਵ-ਭਲਾਈ ਦੇ ਰਾਹ ਉਤੇ ਦ੍ਰਿੜ੍ਹ-ਵਿਸ਼ਵਾਸੀ ਹੋ ਕੇ ਤਬ ਤੁਰਦੇ ਰਹੇ ।

ਵਿਅੰਗੀ ਕ ਤਕਾਂ ਰਾਹੀਂ, ਬਾਣੀ ਦੁਆਰਾ ਉਪਦੇਸ਼ ਦੇ ਕੇ, ਅਮਲੀ ਜੀਵਨ ਦਾ ਪ੍ਰਭਾਵ ਪਾ ਕੇ, ਕਦੀ ਕਦੀ ਸੁਤੇ ਸਿਧ ਪਰਉਪਕਾਰ ਖਾਤਰ ਅਜ਼ਮਤ ਰਾਹੀਂ ਭਵਿਖ ਵਾਕ ਉਚਾਰ ਕੇ ਸ਼ਬਦ ਗਾ ਕੇ, ਸੰਗੀਤ ਸੁਣਾ ਕੇ ਜਿਸ ਪ੍ਰਕਾਰ ਵੀ ਜਿਸ ਥਾਂ ਤੇ ਕਿਸੇ ਦੇ ਸੁਧਾਰ ਦਾ ਸਾਧਨ ਅਨੁਮਾਨਿਆ, ਵਰਤਿਆ ਤੇ ਹਿਰਦਿਆਂ ਚੋਂ ਖੋਟੀਆਂ-ਵਾਸ਼ਨਾਵਾਂ, ਸਮਾਜਕ ਖਾਮੀਆਂ ਕੱਢ ਕੇ ਮਾਨਵ-ਪਿਆਰ ਦੀ ਸੁਗੰਧਿ ਨਾਲ ਭਰਪੂਰ ਕਰ ਦਿਤਾ । ਆਪ ਸਮੇਂ ਦਾ ਵਾਤਾਵਰਨ ਵੇਖ ਕੇ ਐਸਾ ਢੰਗ ਵਰਤਦੇ ਸਨ ਕਿ ਲੋਕ ਆਪਣੇ ਆਪ ਹੀ ਆਪ ਜੀ ਦੇ ਨੇੜੇ ਆ ਜਾਂਦੇ ਸਨ ।



ਕੁਝ ਕੁ ਉਦਾਹਰਨਾਂ —

ਹਰਦੁਆਰ ਵਿਖੇ ਵਿਅੰਗਮਈ ਤਰੀਕੇ ਨਾਲ ਪੱਛਮ ਵਲ ਪਾਣੀ ਉਛਾਲ ਕੇ ਲੋਕਾਂ ਦਾ ਪਿਤਰੀ ਭਰਮ ਦੂਰ ਕੀਤਾ ।

ਬੰਗਾਲ ਪੁਜ ਕੇ ਨੂਰ ਸ਼ਾਹ ਜਾਦੂਗਰਨੀ ਨੂੰ ਉਪਦੇਸ਼ ਦੁਆਰਾ ਸਫਲ ਜੀਵਨ ਬਨਾਂਣ ਦੀ ਜਾਚ ਦੱਸੀ ।

ਕੌਡੇ ਰਾਖਸ਼ ਦੇ ਤਪਦੇ ਕੜਾਹੇ ਨੂੰ ਮਿਹਰ-ਨਜ਼ਰ ਨਾਲ ਠੰਡਾ ਕਰ ਕੇ ਉਸਦੀ ਮਾਨਵ-ਮਾਰ ਬ੍ਰਿਤੀ ਦਾ ਕਾਇਆ-ਕਲਪ ਕੀਤਾ ।

ਸਜਣ ਠੱਗ ਦੇ ਘਰ ਪੁਜ ਕੇ "ਉਜੱਲ ਕੈਹਾ ਚਿਲਕਣਾ..." ਸ਼ਬਦ ਉਚਾਰਨ ਕੀਤਾ ਤੇ ਉਸ ਦੇ ਅੰਦਰਲੇ ਨੂੰ ਹਲੂਣ ਕੇ ਸੰਤ ਬਣਾਂ ਦਿਤਾ ।

ਭੂਮੀਏ ਚੋਰ ਨੂੰ ਤਿੰਨ ਗੱਲਾਂ (ਸੱਚ ਬੋਲਣਾ, ਲੂਣ ਖਾ ਕੇ ਬੁਰਾ ਨਾ ਕਰਨਾ ਅਤੇ ਗਰੀਬ ਮਾਰ ਨਾ ਕਰਨ) ਦਾ ਉਪਦੇਸ਼ ਦੇ ਕੇ ਉਸਦਾ ਜੀਵਨ ਪਲਟ ਦਿਤਾ ।

ਵਲੀ ਕੰਧਾਂਰੀ ਤੇ ਹਮਜ਼ਾ ਗੌਸ ਦੀ ਅਜ਼ਮਤ ਨੂੰ ਨਕਾਰਾ ਕਰ ਕੇ ਉਨ੍ਹਾਂ ਦਾ ਹੰਕਾਰ ਦੂਰ ਕੀਤਾ ਤੇ ਮਾਨਵ-ਪਿਆਰ ਦਾ ਸੰਦੇਸ਼ ਬਖਸ਼ਿਆ ।

ਮੱਕੇ ਵਿਚ ਕਾਅਬੇ ਨੂੰ ਫਿਰਦਾ ਵਿਖਾ ਕੇ ਤੇ ਬਗਦਾਦ ਵਿਚ "ਪਾਤਾਲਾ ਪਾਤਾਲ ਲਖ ਲਖ ਆਗਾਸਾ ਆਗਾਸ" ਦੇ ਪ੍ਰਤੱਖ ਦਰਸ਼ਨ ਕਰਾ ਕੇ ਸ਼ਰਈ ਮੁਸਲਮਾਨਾਂ ਨੂੰ ਰੱਬ ਦੇ ਲਾ-ਮਹਦੂਦ (ਅਸੀਮਤ) ਹੋਣ ਦਾ ਗਿਆਨ ਦਿਤਾ ।

ਬਾਬਰ ਦੀ ਜੇਲ੍ਹ ਵਿਚ ਪ ਚੱਕੀ ਆਪੇ ਫਿਰਦੀ ਵਿਖਾ ਕੇ, ਵੇਗਾਰ ਵਿਚ ਫੜੇ ਹੋਏ ਸਾਧਾ ਫਕੀਰਾਂ ਤੇ ਲੁਕਾਈ ਨੂੰ ਛੁਟਕਾਰਾ ਦਿਵਾਇਆ ।

ਮਲਕ ਭਾਗੋ ਦੇ ਪਕਵਾਨ ਵਿਚੋਂ ਲਹੂ ਚੋਂਦਾ ਵਿਖਾ ਕੇ ਉਸ ਦਾਹ ਜਾਤਿ ਅਭਮਾਨ ਦੂਰ ਕੀਤਾ ।

ਲਾਹੌਰ ਵਿਚ ਦੁਨੀ ਚੰਦ ਦੇ ਪਿਤਾ ਦੇ ਸ਼ਰਾਧ ਵਾਲੇ ਭੋਜਨ ਦੁਆਰਾ ਉਸ ਨੂੰ ਬਘਿਆੜ ਜੂਨੀ ਤੋਂ ਮੁਕਤ ਕੀਤਾ ਤੇ ਬ੍ਰਾਹਮਣਾਂ ਦੁਆਰਾ ਪਿਤਰਾਂ ਨੂੰ ਸੁਅਰਗ ਵਿਚ ਭੋਜਨ ਆਦਿ ਪੁ ਪੁਚਾਣ ਦਾ ਭਰਮ-ਗੜ੍ਹ ਤੋੜਿਆ ਗਿ ਆਦਿ ।

ਇਸ ਸਚਾਈ ਤੋਂ ਸਿਰ ਨਹੀਂ ਫੇਰਿਆ ਜਾ ਸਕਦਾ ਕਿ ਆਪ ਜੀ ਦੀ ਬਾਣੀ ਦੇ ਉਚੇ ਤੇ ਸੁੱਚੇ ਉਪਦੇਸ਼ ਰੂਪੀ ਅਮੋਘ ਬਾਣਾਂ ਦੀ ਮਾਰ ਨੇ ਮਨੁੱਖੀ ਹਿਰਦਿਆਂ ਵਿਚ ਘਰ ਕਰ ਚੁਕੇ ਆਸੁਰੀ ਭਾਵਾਂ ਨੂੰ ਸਦਾ ਲਈ ਸਮਾਪਤ ਕਰ ਦਿਤਾ ਤੇ ਉਹ ਲੋਕ ਸਦਾ ਲਈ ਸੰਸਾਰ ਯਾਤਰਾ ਦੇ ਪਾਂਧੀਆਂ ਲਈ ਚਾਨਣ-ਮੁਨਾਰੇ ਬਣ ਗਏ ।

ਉਰਦੂ ਦੇ ਸ਼ਾਇਰ 'ਮੁਤਜ਼ਿਰ' ਗੁਜਰਾਂਵਾਲੀਆ ਨੇ ਫਿਰ ਨਿਰੰਕਾਰੀ ਬਾਬੇ ਦੀ ਸਿਫਤ ਕਰਦਿਆਂ ਇਕ ਸ਼ਿਅਰ ਦੁਆਰਾ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰ ਦਿਤਾ ਹੈ —

ਨਾਨਕ ਆਜ਼ਮ ਕੀ ਹਰ ਤਾਲੀਮ ਆਲਮਗੀਰ ਥੀ ।
ਉਲਫਤੇ ਇਨਸਾਂ ਕੀ ਜੀਤੀ ਜਾਗਤੀ ਤਸਵੀਰ ਥੀ ।


ਪਾਵਲਰਿਵਰ ਵਿਚ

ਬੁਸ਼ ਦਾ ਕੰਮ

## ਕੰਮ ਕਰਨ ਲਈ ਨੌਜਵਾਨਾਂ ਦੀ ਲੋੜ!

ਗੁਰਤੇਜ ਮਾਨ ਪਾਵਲ ਰਿਵਰ ਤੋਂ ਦੱਸਦੇ ਹਨ ਕਿ ਉਹਨਾਂ ਨੂੰ ਨੌਜਵਾਨ ਕਾਮਿਆਂ ਦੀ ਲੋੜ ਹੈ । ਕੰਮ ਸ਼ੁਰੂ ਹੋ ਚੁੱਕਾ ਹੈ । ਤਨਖਾਹ 9 ਡਾਲਰ ਘੰਟੇ ਤੋਂ ਲੈ ਕੇ 15 ਡਾਲਰ ਘੰਟੇ ਦੀ ਹੈ ਰਹਿਣ ਦਾ ਪ੍ਰਬੰਧ ਵੀ ਹੈ ।

ਹੁਣੇ ਹੀ ਕੰਮ ਕਰਨ ਲਈ ਫੋਨ ਕਰੋ

ਗੁਰਤੇਜ ਮਾਨ

(604) 485-4360

(Long Distance Call)

# ਸਰੀ ਮਿਉਂਸਪੈਲਿਟੀ ਦੇ ਉਮੀਦਵਾਰ ਦੀ ਪਿਕਸ ਸੁਸਾਇਟੀ ਵਲੋਂ ਇਕ ਮੀਟਿੰਗ

30 ਅਕਤੂਬਰ ਦੀ ਸ਼ਾਮ ਨੂੰ ਨਿਊਟਨ ਕਮਿਊਨਿਟੀ ਸੈਂਟਰ ਵਿਖੇ ਪਰੋਗਰੈਸਿਵ ਇੰਡੋ ਕੈਨੇਡੀਅਨ ਸਰਵਿਸਜ਼ ਸੁਸਾਇਟੀ (ਪਿਕਸ) ਵਲੋਂ ਸਰੀ ਮਿਉਂਸਪੈਲਿਟੀ ਦੇ ਸਮੁੱਚੇ ਉਮੀਦਵਾਰਾਂ ਦੀ ਇਕ ਮੀਟਿੰਗ ਸੱਦੀ ਗਈ ਇਸ ਮੀਟਿੰਗ ਵਿਚ ਤਕਰੀਬਨ ਪੰਜਾਹ ਲੋਕਾਂ ਨੇ ਹਿਸਾ ਲਿਆ।

ਹੈਲੋਵੀਨ ਦਾ ਤਿਉਹਾਰ ਹੋਣ ਦੇ ਬਾਵਜੂਦ ਵੀ ਤਕਰੀਬਨ 70 ਪ੍ਰਤੀਸ਼ਤ ਉਮੀਦਵਾਰਾਂ ਨੇ ਇਸ ਮੀਟਿੰਗ ਵਿਚ ਹਿਸਾ ਲਿਆ। ਸਰੀ ਵਿਚ ਰਹਿਣ ਵਾਲੇ ਘੱਟ ਗਿਣਤੀ ਤੇ ਰੰਗਦਾਰ ਲੋਕਾਂ ਦੇ ਹੱਕਾਂ ਸਬੰਧੀ, ਸਵਾਲਾਂ ਦਾ ਇਕ ਪਰਚਾ ਸੁਸਾਇਟੀ ਵਲੋਂ ਸਾਰੇ ਉਮੀਦਵਾਰਾਂ ਨੂੰ ਪੇਸ਼ ਕੀਤਾ ਗਿਆ ਤਾਂ ਕਿ ਉਥਹ ਇਸ ਸਬੰਧੀ ਆਪਣੇ ਆਪਣੇ ਖਿਆਲ ਦੱਸ ਸਕਣ।

ਸੁਸਾਇਟੀ ਦੇ ਪ੍ਰਧਾਨ ਚਰਨਪਾਲ ਗਿੱਲ ਨੇ ਮੀਟਿੰਗ ਸ਼ੁਰੂ ਕਰਦਿਆਂ ਦੱਸਿਆ ਕਿ ਆਪਣੀ ਕਮਿਊਨਿਟੀ ਵਲੋਂ ਇਸ ਤਰ੍ਹਾਂ ਦੀ ਇਹ ਪਹਿਲੀ ਮੀਟਿੰਗ ਹੈ। ਉਹਨਾਂ ਨੇ ਦੱਸਿਆ ਕਿ ਇਸ ਮੀਟਿੰਗ ਦਾ ਖਾਸ ਮਕਸਦ ਇਹੋ ਹੀ ਹੈ ਕਿ ਅਸੀਂ ਆਪਣੇ ਲੋਕਾਂ ਅਤੇ ਸਰੀ ਦੇ ਸਿਆਸੀ ਲੀਡਰਾਂ ਵਿਚ ਲਾਗੇ ਹੋ ਕੇ ਇਥੋਂ ਦੇ ਸਥਾਨਕ ਕੰਮਾਂ ਅਤੇ ਵਿਸ਼ਿਆਂ ਵਿਚ ਵੱਧ ਤੋਂ ਵੱਧ ਹਿਸਾ ਪਾ ਸਕੀਏ। ਇਸ ਤਰ੍ਹਾਂ ਦੀ ਮੀਟਿੰਗ ਆਪਣਗ ਲੋਕਾਂ ਨੂੰ ਇਥੋਂ ਦੀ ਸਿਆਸਤ ਵਿਚ ਜ਼ਿਆਦਾ ਹਿਸਾ ਪਾਉਣ ਲਈ ਹੌਂਸਲਾ ਵਧਾਵੇਗੀ।

ਉਮੀਦਵਾਰਾਂ ਨੂੰ ਦਿਤੇ ਵਿਸ਼ਿਆਂ ਵਿਚੋਂ ਕੁਝ ਸਵਾਲ ਇਸ ਪ੍ਰਕਾਰ ਸਨ, ਸਕੂਲਾਂ ਵਿਚ ਗੌਰਮਿੰਟ ਵਲੋਂ ਕਟੌਤੀਆਂ ਅਤੇ ਇਸ ਦਾ ਜਨਤਾ ਉਪਰ ਅਸਰ, ਖਾਸ ਕਰਕੇ ਕੈਨੇਡਾ ਵਿਚ ਨਵੇਂ ਆਏ ਬੱਚਿਆਂ ਲਈ ਅੰਗਰੇਜ਼ੀ ਦਾ ਖਾਸ ਪ੍ਰਬੰਧ (E.S.L. Programe) ਵੱਖਰੀਆਂ ਵੱਖਰੀਆਂ ਸਭਿਆਤਾਵਾਂ ਨੂੰ ਪੇਸ਼ ਕਰਨ ਵਾਲੇ ਇਕ ਸਾਂਝੇ ਕਰਮਚਾਰੀ ਦੀ ਨਿਯੁਕਤੀ (Multicultural Co-ordinator) ਨਸਲਵਾਦ ਸਬੰਧੀ ਸਿਟੀ ਹਾਲ ਵਿਚ ਇਕ ਕਮੇਟੀ (Race Relations Committee) ਅਤੇ ਬੇਸਮਿੰਟਾਂ ਕਿਰਾਏ ਤੇ ਦੇਣ ਵਾਲੇ ਲੋਕਾਂ ਨੂੰ ਮੁਸ਼ਕਲਾਂ ਆਦਿ ਜੋ ਕਿ ਖਾਸ ਕਰਕੇ ਆਪਣੇ ਲੋਕਾਂ ਨੂੰ ਆਉਂਦੀਆਂ ਹਨ।

ਸਾਰੇ ਉਮੀਦਵਾਰ ਤਿੰਨ ਤਿੰਨ ਮਿੰਟ ਲਈ ਇਨ੍ਹਾਂ ਵਿਸ਼ਿਆਂ ਤੇ ਬੋਲੇ ਅਤੇ ਸਾਰਿਆਂ ਦੇ ਇਹ ਵਿਸ਼ੇ ਸਾਡੀ ਕਮਿਊਨਿਟੀ ਲਈ ਬਹੁਤ ਜ਼ਰੂਰੀ ਸਮਝੇ। ਮੇਅਰ ਡੌਨ ਰੌਸ ਨੇ ਕਿਹਾ ਕਿ ਬੇਸਮਿੰਟਾਂ ਅਤੇ ਮਿਉਂਸਪੈਲਿਟੀ ਵਿਚ ਆਪਣੇ ਲੋਕਾਂ ਨੂੰ ਨੌਕਰੀਆਂ ਸਬੰਧੀ ਮੌਜੂਦਾ ਪਾਰਟੀ ਖਾਸ ਧਿਆਨ ਦੇਵੇਗੀ।

ਸਰੀ ਨੂੰ "NU—Clear Free Zone" ਦਾ ਕਰਾਰ ਦੇਣ ਦੇ ਵਿਸ਼ੇ ਤੇ ਮੇਅਰ ਦੇ ਉਮੀਦਵਾਰਾਂ ਵਿਚ ਇਕ ਖਾਸ ਬਹਿਸ ਹੋਈ। ਉਮੀਦਵਾਰ ਬੌਬ ਬੌਸ ਨੇ ਆਪਣੇ ਖਿਆਲਾਂ ਵਿਚ ਦੱਸਿਆ ਕਿ ਇਥੋਂ ਦੇ ਮੇਅਰ ਨੂੰ ਇਥੋਂ ਦੇ ਹਰ ਵਿਸ਼ੇ ਉਤੇ ਚੰਗੀ ਤਰ੍ਹਾਂ ਗਹੁ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸ਼ਾਂਤੀ ਕਾਇਮ ਰਖਣਾ ਇਕ ਬਹੁਤ ਜ਼ਰੂਰੀ ਵਿਸ਼ਾ ਹੈ, ਅਗਰ ਉਹ ਕਾਮਯਾਬ ਹੋ ਗਏ ਤਾਂ ਉਹ ਇਸ ਗੱਲ ਵੱਲ ਪੂਰਾ ਪੂਰਾ ਧਿਆਨ ਦੇਣਗੇ। ਪਰ ਦੂਸਰੇ ਉਮੀਦਵਾਰ ਡੌਨ ਰੌਸ ਨੇ ਕਿਹਾ ਕਿ ਇਕ ਮੇਅਰ ਦੇ ਦਰਜਚੇ ਲਈ ਇਹਨਾਂ ਗੱਲਾਂ ਨੂੰ ਸੋਚਣਾ ਵੀ ਫਜ਼ੂਲ ਗੱਲ ਹੈ। ਮੇਅਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਿਰਫ ਮਿਉਂਸਪੈਲਿਟੀ ਦੇ ਕੰਮਾਂ ਵਿਚ ਹੀ ਵੱਧ ਤੋਂ ਵੱਧ ਧਿਆਨ ਦੇਵੇ। ਦੋਨਾਂ ਉਮੀਦਵਾਰਾਂ ਦੇ ਖਿਆਲ ਨਸਲਵਾਦ ਸਬੰਧੀ ਕਮੇਟੀ ਬਲਾਉਣ ਵਿਚ ਵੀ ਵੱਖਰੇ ਵੱਖਰੇ ਸਨ। ਮੇਅਰ ਡੌਨ ਰੌਸ ਨੇ ਕਿਹਾ ਕਿ ਇਸ ਵਿਸ਼ੇ ਸਬੰਧੀ ਮੇਅਰ ਦੇ ਦਰਵਾਜ਼ੇਮੇਸ਼ਾਂ ਖੁਲੇ ਹਨ ਅਤੇ ਕੋਈ ਵੀ ਵਿਅਕਤੀ ਜਦੋਂ ਵੀ ਚਾਹੇ ਆ ਕੇ ਇਸ ਮੁਸ਼ਕਲ ਸਬੰਧੀ ਗੱਲ ਬਾਤ ਕਰ ਸਕਦਾ ਹੈ ਸੋ ਇਹੋ ਜਿਹੀ ਕਮੇਟੀ ਬਨਾਉਣ ਦੀ ਕੋਈ ਲੋੜ ਨਹੀਂ। ਪਰ ਦੂਸਰੇ ਉਮੀਦਵਾਰ ਬੋਬ ਰੌਸ ਦੇ ਵਿਚਾਰ ਇਸ ਤੋਂ ਬਿਲਕੁਲ ਉਲਟ ਸਨ। ਉਹਨਾਂ ਨੇ ਕਿਹਾ ਕਿ ਸਿਰਫ ਕਮੇਟੀ ਹੀ ਇਹੋ ਜਿਹੇ ਮਸਲੇ ਹੱਲ ਕਰ ਸਕਦੀ ਹੈ, ਇਸ ਕਰਕੇ ਕਮੇਟੀ ਬਨਾਉਣੀ ਬਹੁਤ ਜ਼ਰੂਰੀ ਹੈ, ਇਹ ਇਸ ਮੁਸ਼ਕਲ ਦੇ ਹੱਲ ਦਾ ਇਕ ਮੁਢ ਹੋਵੇਗਾ। ਬੌਬ ਬੌਸ ਦੇ ਖਿਆਲ ਆਪਣੀ ਕਮਿਊਨਿਟੀ ਦੀਆਂ ਮੰਗਾਂ ਬਾਰੇ ਜ਼ਿਆਦਾ ਢੁਕਵੇਂ ਸਨ।

ਅਖੀਰ ਵਿਚ ਪਿਕਸ ਦੇ ਪ੍ਰਧਾਨ ਨੇ ਇਹਨਾਂ ਸਾਰੇ ਉਮੀਦਵਾਰਾਂ ਨੂੰ ਹਿਸਾ ਲੈਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਸੁਸਾਇਟੀ ਆਸ ਕਰਦੀ ਹੈ ਕਿ ਇਸ ਤਰ੍ਹਾਂ ਦੀ ਮੀਟਿੰਗ ਹਰ ਸਾਲ ਰੱਖੀ ਜਾਵੇ।

ਪਿਕਸ ਸੁਸਾਇਟਾਂ ਦੀ ਕਮੇਟੀ ਵਲੋਂ
ਗੁਰਬੀਰ ਗਿੱਲ, ਦਵਿੰਦਰ ਪੰਨੂ

## ਸਿੱਖ ਫੈਡਰੇਸ਼ਨ ਦੀ ਕਾਨਫਰੰਸ

ਮੋਗਾ, 9 ਨਵੰਬਰ (ਪੱਤਰ ਪ੍ਰੇਰਕ) – ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਇਥੇ ਇਕ-ਰੋਜ਼ਾ "ਸ਼ਹੀਦੀ ਕਾਨਫਰੰਸ" ਕੀਤੀ। ਕਾਨਫਰੰਸ ਵਿਚ ਪੰਜਾਬ ਭਰ ਵਿਚੋਂ ਜਥੇਬੰਦੀ ਦੇ ਵਰਕਰਾਂ ਨੇ ਹਿੱਸਾ ਲਿਆ।

ਕਾਨਫਰੰਸ ਵਿਚ ਫੌਜੀ ਕਾਰਵਾਈ ਸਮੇਂ ਅਤੇ ਨਵੰਬਰ ਦੇ ਦੰਗਿਆਂ ਵਿਚ ਮਰਨ ਵਾਲੇ ਵਿਅਕਤੀਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਜਥੇਬੰਦੀ ਨੇ ਮੰਗ ਕੀਤੀ ਹੈ ਕਿ ਇਨ੍ਹਾਂ ਦੰਗਿਆਂ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖਤ ਕਦਮ ਉਠਾਏ ਜਾਣ ਅਤੇ ਪੀੜ੍ਹਤ ਪਰਿਵਾਰਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ।

ਜਥੇਬੰਦੀ ਨੇ ਮੰਗ ਕੀਤੀ ਹੈ ਕਿ ਜੇਲ੍ਹਾਂ ਵਿਚ ਬੰਦ ਨਜ਼ਰਬੰਦਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ। ਕਾਨਫਰੰਸ ਨੂੰ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਤੋਤਾ ਸਿੰਘ, ਮਲਕੀਤ ਸਿੰਘ ਸਿੱਧੂ, ਗੁਰਦੇਵ ਸਿੰਘ ਬਾਦਲ ਅਤੇ ਹੋਰਨਾਂ ਨੇ ਵੀ ਸੰਬੋਧਨ ਕੀਤਾ।

## ਅਸੀਂ ਉਦਾਸ ਹਾਂ

ਪਲ ਭਰ ਲਈ
ਨਹੀਂ ਨਹੀਂ...
ਅਸੀਂ ਤਾਂ ਉਮਰ ਭਰ ਲਈ ਉਦਾਸ ਹੋ ਗਏ ਹਾਂ
ਗਲੇ ਮਿਲ ਰਹੀਆਂ ਬਾਹਵਾਂ ਤੋਂ ਤ੍ਰਬਕਦੇ ਹਾਂ—
ਮਿੱਠੀਆਂ ਮੁਸਕਰਾਹਟਾਂ ਤੋਂ ਤ੍ਰਹਿੰਦੇ ਹਾਂ—
ਆਪਣਿਆਂ ਨੂੰ ਬੇਗਾਨੇ ਕਹਿੰਦੇ ਹਾਂ—
ਤੇ ਘਰ ਜਾਣ ਤੋਂ ਵੀ ਤ੍ਰਹਿੰਦੇ ਹਾਂ—
ਅਸੀਂ ਪਲ ਭਰ ਲਈ ਨਹੀਂ—
ਉਮਰ ਭਰ ਲਈ ਉਦਾਸ ਹੋ ਗਏ ਹਾਂ।

ਆਉਣ ਵਾਲੀ ਪੀੜ੍ਹੀ ਲਈ ਸ਼ਰਮਸਾਰ ਹਾਂ
ਜਾਣ ਵਾਲੀ ਪੀੜ੍ਹੀ ਦੇ ਗੁਨਾਹਗਾਰ ਹਾਂ—
ਆਪੇ ਤੋਂ—ਨਹੀਂ ਸੱਚ
ਆਪਣੇ ਪਰਛਾਵੇਂ ਤੋਂ ਘਬਰਾਉਂਦੇ ਹਾਂ।

ਪਲ ਭਰ ਲਈ ਨਹੀਂ—
ਅਸੀਂ ਤਾਂ ਉਮਰਾਂ ਤੋਂ ਡਰ ਗਏ ਹਾਂ
ਅਸੀਂ ਤਾਂ ਜਿਉਂਦੇ ਹੀ ਮਰ ਗਏ ਹਾਂ
ਅਸੀਂ ਤਾਂ ਆਪਣਾ ਚਿਹਰਾ ਵੀ ਲੁਕਾਉਂਦੇ ਹਾਂ
ਅਸੀਂ ਤਾਂ ਆਪਣੇ ਸਾਏ ਤੋਂ ਵੀ ਘਬਰਾਉਂਦੇ ਹਾਂ।

ਸਾਨੂੰ ਨਾ ਪੰਜਾਬ ਜਾਣਦਾ ਸੀ
ਨਾ ਦਿੱਲੀ—
ਪਰ ਅਸੀਂ ਦੋਵਾਂ ਦੇ ਵਾਕਫ਼ ਹਾਂ—
ਤੇ ਵਾਕਫ਼ ਹੀ ਮਹਿਜ਼ ਵਾਕਫ਼ ਨਹੀਂ
ਅਸੀਂ ਤਾਂ ਘਰ ਨੂੰ ਘਰ—
ਬੰਦੇ ਨੂੰ ਬੰਦਾ
ਤੇ ਆਪਣੇ ਆਪਨੂੰ ਲੱਕੀ, ਮੋਹਨਜੀਤ, ਪਾਲੀ,
ਜੋਗਾ ਸਿੰਘ ਤੇ ਖੁਰਸ਼ੀਦ ਸਮਝਦੇ ਸਾਂ
ਪਰ ਇਹ ਕੀ ਹੋ ਰਿਹਾ ਹੈ—ਕੀ ਹੋ ਗਿਆ ਹੈ—
ਅਸੀਂ ਆਪੇ ਤੋਂ ਲੁਕਦੇ
ਆਪੇ ਨੂੰ ਯਾਰਾਂ ਤੋਂ ਲੁਕਾਉਂਦੇ ਹਾਂ
ਆਪਣੇ ਹੀ ਘਰ ਜਾਣੋਂ ਸ਼ਰਮਾਉਂਦੇ ਹਾਂ
ਇਹ—ਪਲ ਭਰ ਲਈ—
ਨਹੀਂ ਨਹੀਂ...
ਸਾਨੂੰ ਸਦਾ ਲਈ ਕੀ ਹੋ ਗਿਆ ਹੈ—
ਕੀ ਹੋ ਰਿਹਾ ਹੈ।

TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

GABA TRAVELS
6612, MAIN ST. VANCOUVER, B. C.
Phone 324-3336

# ਸੁਰਜੀਤ ਸਿੰਘ ਬਰਨਾਲਾ ਨੇ ਦਰਵਾਜ਼ੇ ਖੁਲ੍ਹੇ ਰੱਖੇ

ਪੰਜਾਬ ਵਿਧਾਨ ਸਭਾ ਦਾ ਸਮਾਗਮ ਖਤਮ ਹੋਣ ਤੋਂ ਪਿਛੋਂ ਹੁਣ ਮੁਖ ਮੰਤਰੀ ਅਤੇ ਪੰਜਾਬ ਦੀ ਹੁਕਮਰਾਨ ਪਾਰਟੀ ਦੇ ਲੀਡਰ ਸ. ਸੁਰਜੀਤ ਸਿੰਘ ਬਰਨਾਲਾ ਦੇ ਕੰਮ ਅਤੇ ਨੀਤੀਆਂ ਦਾ ਲੇਖਾ-ਜੋਖਾ ਨਵੇਂ ਸਿਰਿਓਂ ਕੀਤੇ ਜਾਣ ਦੀ ਜ਼ਰੂਰਤ ਹੈ ਵਿਧਾਨ ਸਭਾ ਦਾ ਸਮਾਗਮ ਕਦੇ ਵੀ ਉਨ੍ਹਾਂ ਲਈ ਚੁਣੌਤੀ ਨਹੀਂ ਸੀ, ਨਾ ਕੇਵਲ ਇਸ ਲਈ ਕਿ ਅਕਾਲੀ ਪਾਰਟੀ ਦੀ ਭਾਰੂ ਬਹੁ-ਸੰਮਤੀ ਹੈ ਸਗੋਂ ਇਸ ਲਈ ਵੀ ਕਿ ਆਪੋਜ਼ੀਸ਼ਨ ਨੂੰ ਇਤਨੀ ਸਮਝ ਸੀ ਕਿ ਉਹ ਪੰਜਾਬ ਵਿਚ ਕੋਈ ਅਜਿਹੀ ਗੱਲ ਨਾ ਕਰੇ ਜਿਸ ਨਾਲ ਰਾਜ ਸਰਕਾਰ ਅਤੇ ਦਿੱਲੀ ਸਰਕਾਰ ਲਈ ਕ ਈ ਮੁਕਾਬਲਾ ਮੁਸ਼ਕਲਾਂ ਪੈਦਾ ਹੁੰਦੀਆਂ ਹੋਣ।

ਦੋ ਜਾਂ ਤਿੰਨ ਵਾਰ ਜਦੋਂ ਇਕਾ ਵਿਧਾਇਕ ਗਰੁਪ ਨੇ ਆਪਣੀ ਹੋਂਦ ਜਿਤਾਉਣ ਲਈ ਕੋਈ ਰੋਸ ਪ੍ਰਗਟ ਕੀਤਾ ਤਾਂ ਬਰਨਾਲਾ ਵਜ਼ਾਰਤ ਦੇ ਮੈਂਬਰਾਂ ਨੇ ਬੜਾ ਠਰੰਮਾ ਵਿਖਾਇਆ ਤੇ ਉਤੇਜਨਾ ਵਿਚ ਨਹੀਂ ਆਏ। ਮੁੱਖ ਮੰਤਰੀ ਰਾਜਨੀਤਕ ਤੌਰ 'ਤੇ ਇਤਨੇ ਚੇਤਨ ਹਨ ਕਿ ਉਹ ਜਾਣਦੇ ਹਨ ਕਿ ਪਾਰਲੀਮਾਨੀ ਜਮਹੂਰੀਅਤ ਦੀ ਸਫਲਤਾ ਨਾ ਕੇਵਲ ਵਿਰੋਧੀ ਧਿਰ ਨਾਲ ਪ੍ਰਸਪਰ ਮਿਲਵਰਤਨ ਨਾਲ ਹੀ ਹੈ ਸਗੋਂ ਕਦੇ ਕਦੇ ਟਕਰਾਓ ਵੀ ਹੋਣਾ ਚਾਹੀਦਾ ਹੈ। ਜੇਕਰ ਸਤੰਬਰ ਦੀਆਂ ਚੋਣਾਂ ਦੋਸਤਾਨਾ ਮੈਚ ਸਨ ਤਾਂ ਇਸ ਨੂੰ ਇਤਨਾ ਨਹੀਂ ਲਮਕਾਉਣਾ ਚਾਹੀਦਾ ਕਿ ਸਰਕਾਰ ਤੇ ਆਪੋਜ਼ੀਸ਼ਨ ਦਾ ਸਾਰਾ ਵਿਹਾਰ ਹੀ ਗੈਰ ਕੁਦਰਤੀ ਲੱਗੇ।

ਕਈ ਵਰ੍ਹਿਆਂ ਦੀ ਲਗਾਤਾਰ ਮਾਯੂਸੀ ਤੋਂ ਪਿਛੋਂ ਤਾਕਤ ਵਿਚ ਆਈ ਆਪੋਜੀਸ਼ਨ ਪਾਰਟੀ ਦੇ ਮੈਂਬਰਾਂ 'ਤੇ ਇਹ ਦੋਸ਼ ਨਹੀਂ ਲਗ ਸਕਦਾ ਕਿ ਇਨਾਮ ਦੇ ਤੌਰ 'ਤੇ ਅਹੁਦਿਆਂ ਵਲ ਝਾਕ ਰਹੇ ਹਨ। ਇਸ ਸਮੇਂ ਬਰਨਾਲਾ ਵਾਜ਼ਾਰਤ ਵਿਚ ਉਨ੍ਹਾਂ ਸਮੇਤ ਕੇਬਨਿਟ ਰੈਂਕ ਦੇ ਛੇ ਮੰਤਰੀ ਹਨ। ਇਸ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ ਤੇ ਘੱਟੋ ਘੱਟ ਦਸ ਮੰਤਰੀ ਹੋਰ ਲਏ ਜਾਣੇ ਚਾਹੀਦੇ ਹਨ। ਪਰ ਛੇ ਹਫਤੇ ਗੁਜ਼ਰ ਜਾਣ ਤੇ ਵੀ ਸ. ਸੁਰਜੀਤ ਸਿੰਘ ਬਰਨਾਲਾ ਸਹੁੰ ਚੁੱਕਣ ਤੋਂ ਪਿਛੋਂ ਆਪਣੇ ਇਨ੍ਹਾਂ ਪੰਜਾਂ ਸਾਥੀਆਂ ਨਾਲ ਰਾਜ ਭਾਗ ਚਲਾ ਰਹੇ ਹਨ।

ਇਹ ਇਕ ਬੜੇ ਮਾਅਰਕੇ ਦੀ ਗੱਲ ਹੈ, ਨਾ ਕੇਵਲ ਇਸ ਲਈ ਕਿ ਹੁਕਮਰਾਨ ਪਾਰਟੀ ਦੇ ਅਹੁਦਿਆਂ ਲਈ ਇੱਛੁਕ ਮੈਂਬਰ ਮੌਜੂਦਾ ਹਾਲਤ ਨਾਲ ਸੰਤੁਸ਼ਟ ਹਨ ਸਗੋਂ ਬਾਹਰ ਵੀ ਕੋਈ ਅਸਹਿਮਤੀ ਜਾਂ ਰੋਸ ਦੀ ਆਵਾਜ਼ ਨਹੀਂ ਸੁਣੀ ਜਾ ਰਹੀ। ਮੁੱਖ ਮੰਤਰੀ ਨੇ ਅਜੇ ਤਕ ਕੋਈ ਪੱਕਾ ਫੈਸਲਾ ਨਹੀਂ ਕੀਤਾ ਅਤੇ ਚਾਹਵਾਨਾਂ ਦੀ ਉਮੀਦ ਅਜੇ ਵੀ ਬਣੀ ਹੋਈ ਹੈ। ਵਿਧਾਨ ਸਭਾ ਦੇ ਸੈਸ਼ਨ ਦੀ ਸਮਾਪਤੀ ਤੋਂ ਪਿਛੋਂ ਵਜ਼ਾਰਤ ਵਿਚ ਵਾਧੇ ਦੇ ਐਲਾਨ ਦੀ ਆਸ ਕੀਤੀ ਜਾ ਰਹੀ ਸੀ ਪਰ ਇਸ ਨੂੰ ਹੋਰ ਬਹੁਤਾ ਸਮਾਂ ਨਹੀਂ ਲਮਕਾਇਆ ਜਾ ਸਕੇਗਾ।

ਇਸਦੇ ਹੋਰ ਕਾਰਨਾਂ ਵਿਚੋਂ ਇਕ ਕਾਰਨ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਵਜ਼ਾਰਤੀ ਟੀਮ ਵਿਚ ਸ਼ਾਮਲ ਕਰਨ ਦਾ ਯਤਨ ਵੀ ਹੋ ਸਕਦਾ ਹੈ। ਅਸਰਦਾਰ ਲੋਕਾਂ ਵਲੋਂ ਇਸ ਬਾਰੇ ਯਤਨ ਅਜੇ ਛੱਡੇ ਨਹੀਂ ਗਏ। ਸਾਬਕ ਮੁੱਖ ਮੰਤਰੀ ਲਈ ਵਜ਼ਾਰਤ ਵਿਚ ਤੀਸਰੇ ਨੰਬਰ ਦੀ ਪੁਜੀਸ਼ਨ ਅਜੇ ਖਾਲੀ ਹੈ ਪਰ ਇਸ ਪੁਜ਼ੀਸ਼ਨ ਨੂੰ ਪ੍ਰਵਾਨ ਨਾ ਕਰਨ ਬਾਰੇ ਉਨ੍ਹਾਂ ਦੀ ਝਿਜਕ ਸਮਝ ਵਿਚ ਆ ਸਕਦੀ ਹੈ। ਇਕ ਵਾਰ ਉਨ੍ਹਾਂ ਨੂੰ ਵਿਧਾਨ ਸਭਾ ਦੇ ਸਪੀਕਰ ਦਾ ਅਹੁਦਾ ਵੀ ਪੇਸ਼ ਕੀਤਾ ਗਿਆ ਪਰ ਉਨ੍ਹਾਂ ਇਹ ਪੇਸ਼ਕਸ਼ ਰੱਦ ਕਰ ਦਿਤੀ ਕਿਉਂਕਿ ਉਹ ਰਾਜਨੀਤਕ ਤੌਰ 'ਤੇ ਸਰਗਰਮ ਵਿਅਕਤੀ ਹਨ ਤੇ ਆਪਣੇ ਆਪ ਨੂੰ ਵਿਧਾਨ ਸਭਾ ਵਿਚ ਪ੍ਰੀਜ਼ਾਈਡਿੰਗ ਅਫਸਰ ਦਾ ਰੋਲ ਨਿਭਾਉਣ ਲਈ ਕੁਝ ਜ਼ਾਬਤਿਆਂ ਵਿਚ ਨਹੀਂ ਬੰਨ ਸਕਦੇ।

ਸੁਰਜੀਤ ਸਿੰਘ ਬਰਨਾਲਾ ਨੇ ਆਪਣੀ ਵਜ਼ਾਰਤ ਵਿਚ ਅਸੈਂਬਲੀਓਂ ਬਾਹਰ ਦੇ ਕਿਸੇ ਹਿੰਦੂ ਨੂੰ ਸ਼ਾਮਲ ਕਰਨ ਬਾਰੇ ਦਿਤੀ ਸਲਾਹ ਤੇ ਕੰਨ ਨਹੀਂ ਧਰਿਆ। ਵਿਧਾਨ ਸਭਾ ਦੇ ਅੰਦਰੋਂ ਇਸ ਫਿਰਕੇ ਦੇ ਮੈਂਬਰਾਂ ਨੂੰ ਚੁਣਨ ਬਾਰੇ ਉਨ੍ਹਾਂ ਦੀ ਹੋਂ ਹੱਦ ਸੀਮਤ ਹੈ, ਪਰ ਇਹ ਗੱਲ ਅਕਾਲੀ ਟਿਕਟ 'ਤੇ ਕਾਮਯਾਬ ਹੋਏ ਹਿੰਦੂ ਮੈਂਬਰਾਂ ਦੇ ਹੱਕ ਵਿਚ ਜਾਂਦੀ ਹੈ ਕਿ ਉਨ੍ਹਾਂ ਨੇ ਕੁਰਸੀਆਂ ਲਈ ਰੌਲਾ-ਰੱਪਾ ਨਹੀਂ ਪਾਇਆ ਨਹੀਂ ਪਾਇਆ। ਵਜ਼ਾਰਤ ਵਿਚ ਘੱਟ ਗਿਣਤੀ ਨੂੰ ਪ੍ਰਤੀਨਿਧਤਾ ਦਿਤੀ ਜਾਣੀ ਇਕ ਚਿੰਨਾਤਮਕ ਸਦਭਾਵਨਾ ਹੋਵੇਗੀ ਪਰ ਇਸ ਦਾ ਵਜ਼ਾਰਤ ਵਲੋਂ ਨੀਤੀ ਘੜਨ 'ਤੇ ਕੋਈ ਭ ਪ੍ਰਭਾਵ ਨਹੀਂ ਪਵੇਗਾ।

ਅਕਾਲੀ ਦਲ ਦੇ ਲੀਡਰਾਂ ਨੂੰ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਲੋਂ ਅੰਮ੍ਰਿਤਸਰ ਤੋਂ ਮਲੋਆ ਤਕ ਕੀਤੇ ਗਏ ਲਾਂਗ ਮਾਰਚ ਵਿਚੋਂ ਕੁਝ ਆਸ਼ਾ ਦੀ ਕਿਰਨ ਨਜ਼ਰ ਆਈ ਹੈ। ਭਾਵੇਂ ਇਸ ਮਾਰਚ ਦੌਰਾਨ ਕੁਝ ਇਤਰਾਜ਼ਯੋਗ ਨਾਅਰੇ ਲਗਾਏ ਗਏ ਤੇ ਕਈਆਂ ਥਾਵਾਂ 'ਤੇ ਧਮਕਾਊ ਵਤੀਰਾ ਵੀ ਧਾਰਨ ਕੀਤਾ ਗਿਆ ਪਰ ਇਸ ਨਾਲ ਕੋਈ ਪ੍ਰਸ਼ਾਸਨਕ ਮੁਸ਼ਕਲਾਂ ਪੈਦਾ ਨਹੀਂ ਹੋਈਆਂ। ਫੈਡਰੇਸ਼ਨ ਦੇ ਗੁਰਚਰਨ ਸਿੰਘ ਟੌਹੜਾ ਨਾਲ ਕਦੇ ਵੀ ਕਈ ਮਜ਼ਬੂਤ ਸਬੰਧ ਨਹੀਂ ਰਹੇ ਤੇ ਜੋਗਿੰਦਰ ਸਿੰਘ ਗਰੁਪ ਨਾਲੋਂ ਵੀ ਇਸ ਨੇ ਨਾਤਾ ਤੋੜ ਲਿਆ ਹੈ ਤੇ ਇੰਜ ਬਾਬਾ ਵਧੇਰੇ ਅਲੱਗ ਅਲੱਗ ਹੋ ਗਿਆ। ਗੁਰਚਰਨ ਸਿੰਘ ਟੌਹੜਾ ਅਕਾਲੀ ਰਾਜਨੀਤੀ ਦੀ ਸ਼ਤਰੰਜ 'ਤੇ ਅਜੇ ਵੀ ਮੁਖ ਹਸਤੀ ਹੈ ਤੇ ਇਸ ਦੇ ਅਸਲ ਰੋਲ ਦਾ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਦੇ ਪ੍ਰਧਾਨ ਦੀ ਚੋਣ ਤਕ ਕੁਝ ਪਤਾ ਹੀਂ ਲਗ ਸਕਦਾ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਸ. ਸੁਰਜੀਤ ਸਿੰਘ ਬਰਨਾਲਾ ਸ. ਟੌਹੜਾ ਨੂੰ ਵਿਰੋਧੀ ਕੈਂਪ ਵਿਚ ਧਕੇਲਣ ਦੀ ਥਾਂ ਆਪਣੇ ਨਾਲ ਰੱਖਣਾ ਵਧੇਰੇ ਪਸੰਦ ਕਰਨਗੇ।

ਆਰਥਿਕ ਰਿਆਇਤਾਂ ਦੇ ਵੱਖ ਵੱਖ ਢੋਇਆਂ ਦਾ ਐਲਾਨ ਕਰਕੇ ਮੁਖ ਮੰਤਰੀ ਅਤੇ ਵਿੱਤ ਮੰਤਰੀ ਸ. ਬਲਵੰਤ ਸਿੰਘ ਨੇ ਪੰਜਾਬ ਦੇ ਲੋਕਾਂ ਨਾਲ ਦੋ ਸਪਸ਼ਟ ਵਾਅਦੇ ਕੀਤੇ ਹਨ। ਇਨ੍ਹਾਂ ਵਾਅਦਿਆਂ ਨੂੰ ਕਰਮਵਾਰ ਪੂਰਾ ਕਰਨਾ ਵੀ ਸਰਕਾਰ ਲਈ ਦੂਸਰੀ ਮੁਖ ਪਹਿਲ ਹੋਵੇਗੀ।

ਜਨਤਾ ਦੀਆਂ ਆਸਾਂ ਉਮੀਦਾਂ ਨੂੰ ਕੁਝ ਵਧਾਇਆ ਚੜ੍ਹਾਇਆ ਵੀ ਜਾਂਦਾ ਹੈ ਤੇ ਜਨਤਾ ਇਸ ਸਬੰਧੀ ਕੁਝ ਛੋਟਾਂ ਦੇਣ ਲਈ ਵੀ ਤਿਆਰ ਹੁੰਦੀ ਹੈ ਪਰ ਸਰਕਾਰ ਨੂੰ ਆਪਣੀ ਨੇਕ ਨੀਅਤੀ ਦਾ ਪ੍ਰਗਟਾਵਾ ਕਰਨ ਲਈ ਛੇਤੀ ਹੀ ਕੁਝ ਨਾ ਕੁਝ ਕਰਨਾ ਚਾਹੀਦਾ ਹੈ।

ਆਪਣੇ ਦਸ ਹਫਤਿਆਂ ਦੇ ਰਾਜ-ਕਾਜ ਦੇ ਦੌਰਾਨ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਇਹ ਸਿੱਧ ਕਰ ਦਿਤਾ ਹੈ ਕਿ ਉਹ ਕ੍ਰਿਸ਼ਮੇਬਾਜ਼ ਲੀਡਰ ਨਹੀਂ ਹਨ। ਉਹ ਸੰਤੁਲਤ ਮਨੁੱਖ ਹਨ, ਪਰ ਜ਼ਿੰਮੇਵਾਰੀ, ਇਮਾਨਦਾਰੀ ਤੇ ਸਦਭਾਵਨਾ ਉਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਹੈ। ਸ੍ਰੀ ਬਲਵੰਤ ਸਿੰਘ ਇਸ ਵਜ਼ਾਰਤੀ ਟੋਲੀ ਵਿਚ ਪਲੱਥੇਬਾਜ਼ ਹਨ। ਸ. ਸੁਰਜੀਤ ਸਿੰਘ ਬਰਨਾਲ ਲਈ ਉਨ੍ਹਾਂ ਦੀ ਲਗਾਤਾਰ ਵਫਾਦਾਰੀ ਭਰੀ ਹਮਾਇਤ ਨੇ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਉਨ੍ਹਾਂ ਨੂੰ ਉਪ ਮੁਖ ਮੰਤਰੀ ਦੀ ਪੁਜ਼ੀਸ਼ਨ 'ਤੇ ਪੁਚਾ ਦਿਤਾ ਹੈ।

ਸ. ਪ੍ਰਕਾਸ਼ ਸਿੰਘ ਬਾਦਲ ਨੂੰ ਵਧੇਰੇ ਸਨਮਾਨ ਵਾਲਾ ਥਾਂ ਦੇਣ ਲਈ ਇਸ ਲੀਡਰ ਨੂੰ ਨਾਰਾਜ਼ ਨਹੀਂ ਕੀਤਾ ਜਾ ਸਕਦਾ। ਸੀਨੀਅਰ ਅਕਾਲੀ ਲੀਡਰਾਂ ਦੇ ਆਪਸੀ ਸਬੰਧਾਂ ਦੀ ਇਹ ਹੀ ਸ਼ਕਲ ਹੈ।

ਮੁਖ ਮੰਤਰੀ ਦੇ ਨਾਤੇ ਉਨ੍ਹਾਂ ਨੂੰ ਇਹ ਗੱਲ ਚਿਤ ਵਿਗਚ ਰੱਖਣੀ ਚਾਹੀਦੀ ਹੈ ਕਿ ਅਕਾਲੀ ਦਲ ਦੀ ਵਜ਼ਾਰਤ ਕਾਇਮ ਹੋਣ ਦੇ ਨਾਲ ਹੀ ਹਿੰਦੂ ਅਫਸਰਾਂ ਦੇ ਮਨਾਂ ਵਿਚ ਕੁਝ ਸ਼ੰਕੇ ਉਪਤ ਉਤਪੰਜ਼ਨ ਹੋ ਕ ਗਏ ਸਨ।

ਸੁਰਜੀਤ ਸਿੰਘ ਬਰਨਾਲਾ ਨੇ ਬੜੀ ਸਾਵਧਾਨੀ ਨਾਲ ਅਤੇ ਤਰੀਕੇ ਨਾਲ ਮਿ. ਪੀ. ਐਚ. ਵੈਸ਼ਨਵ ਨੂੰ ਸਕੱਤਰੇਤ ਦੀ ਸਭ ਤੋਂ ਵੱਡੀ ਅਸਾਮੀ 'ਤੇ ਰੱਖਿਆ। ਭਾਵੇਂ ਕਿ ਉਨ੍ਹਾਂ ਹੋਮ ਸੈਕਟਰੀ ਨੂੰ ਬਦਲ ਦਿਤਾ। (ਅਸਲ ਵਿਚ ਉਹ ਆਪ ਹੀ ਲੰਮੀ ਛੁੱਟੀ 'ਤੇ ਚਲੇ ਗਏ) ਉਨ੍ਹਾਂ ਦੀ ਥਾਂ 'ਤੇ ਵੀ ਹਿੰਦੂ ਹੀ ਆਇਆ। ਸ੍ਰੀ ਆਰ. ਪੀ. ਓਝਾ ਇਕ ਉਚ ਦਰਜੇ ਦੇ ਪ੍ਰਬੰਧਕ ਹਨ। ਉਹ ਗਿਆਨਵਾਨ ਵੀ ਹਨ ਅਤੇ ਜ਼ਬਤ ਵੀ ਰਖਣਾ ਚਾਣਦੇ ਹਨ। ਸਿਖ ਅਫਸਰਾਂ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਗਿਆ। ਜਿੰਨ੍ਹਾਂ ਨੂੰ ਲੰਮੇ ਸਮੇਂ ਤੋਂ ਗੁੱਠੇ ਲਗਾ ਕੇ ਰੱਖਿਆ ਗਿਆ ਸੀ ਮੁੜ ਸਰਗਰਮ ਸੇਵਾ ਵਿਚ ਆ ਗਏ ਹਨ ਅਤੇ ਇਹ ਗੱਲ ਪੰਜਾਬੀ ਲਈ ਸ਼ੁਭ ਹੈ। ਹਿੰਦੂ ਫਿਰਕੇ ਵਲੋਂ ਅਕਾਲੀ ਸਰਕਾਰ ਵਲ ਜੋ ਕਿ ਅਣਜਾਣਿਆ ਵਤੀਰਾ ਧਾਰਨ ਕੀਤਾ ਗਿਆ, ਉਹ ਮਾਇਕ ਸਹਾਇਤਾ ਹੈ ਜੋ ਕਿ ਚੋਣ ਮੁਹਿਮ ਦੇ ਦੌਰਾਨ ਇਸ ਫਿਰਕੇ ਦੇ ਲੀਡਰਾਂ ਵਲੋਂ ਕੀਤੀ ਗਈ। ਇਹ ਗੱਲ ਹੁਣ ਲੁਕੀ-ਛੁਪੀ ਨਹੀਂ ਕਿ ਅਕਾਲੀਆਂ ਕੋਲ ਫੰਡਾਂ ਦੀ ਕਮੀ ਸੀ। ਉਹ ਜਾਣਦੇ ਸਨ ਕਿ ਕਿਸੇ ਸਨਅਤੀ ਜਾਂ ਵਪਾਰਕ ਘਰਾਣੇ ਤੋਂ ਹੀ ਵੱਡੀ ਸਹਾਇਤਾ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਉਨ੍ਹਾਂ ਤਕ ਪਹੁੰਚ ਲਈ ਉਹ ਝਿਜਕਦੇ ਸਨ। ਕੁਝ ਮੁਖ ਸਨਅਤਕਾਰਾਂ ਨੇ ਆਮ ਉਤਸ਼ਾਹ ਵਿਖਾਇਆ ਤੇ ਫੰਡਜ਼ ਦਿਤੇ। ਅਸਲ ਵਿਚ ਸਨਅਤ ਅਤੇ ਵਪਾਰ 'ਤੇ ਭਾਰੂ ਹਿੰਦੂ ਨੇਤਾਵਾਂ ਨੇ ਇਹ ਗੱਲ ਪੱਲੇ ਬੰਨ੍ਹ ਲਈ ਸੀ ਕਿ ਕਾਂਗਰਸ (ਇ.) ਤਾਕਤ ਵਿਚ ਆ ਵੀ ਗਈ ਤਾਂ ਵੀ ਉਹ ਹਕੂਮਤ ਚੰਗੀ ਤਰ੍ਹਾਂ ਨਹੀਂ ਚਲਾ ਸਕੇਗੀ। ਇਸ ਲਈ ਉਨ੍ਹਾਂ ਇਸ ਗੱਲ ਵਿਚ ਵ ਹੀ ਬਿਹਤਰੀ ਸਮਝੀ ਕਿ ਉਨ੍ਹਾਂ ਲੋਕਾਂ ਦੀ ਵਿੱਤੀ ਸਹਾਇਤਾ ਕੀਤੀ ਜਾਵੇ ਜੋ ਕਿ ਅਸਰਦਾਰ ਢੰਗ ਨਾਲ ਅਧਿਕਾਰਾਂ ਦੀ ਵਰਤੋਂ ਕਰ ਸਕਦੇ ਹਨ।

ਇਸ ਵਿਚ ਕੋਈ ਸ਼ੰਕੇ ਵਾਲੀ ਗੱਲ ਨਹੀਂ ਕਿ ਪੰਜਾਬ ਦਾ ਹਿੰਦੂ ਭਾਈਚਾਰਾ ਇਸ ਸਮੇਂ ਅਕਾਲੀ ਸਰਕਾਰ ਤੋਂ ਕੋਈ ਵਿਸ਼ੇਸ਼ ਰਿਆਇਤਾਂ ਦੀ ਆਸ ਨਹੀਂ ਰੱਖਦਾ। ਉਸ ਦੀ ਮੁਖ ਚਿੰਤਾ ਜੀਵਨ ਅਤੇ ਜਾਇਦਾਦ ਦੀ ਰੱਖਿਆ ਤੇ ਅਜਿਹੇ ਨਾਰਮਲ ਹਾਲਾਤ ਪੈਦਾ ਕਰਵਾਉਣ ਦੀ ਹੈ ਜਿਨ੍ਹਾਂ ਵਿਚ ਹਰ ਕੋਈ ਸੌਖਾ ਸਾਹ ਲੈ ਸਕੇ। ਸੋ ਸਰਕਾਰ ਵਲੋਂ ਅਤਿਵਾਦੀਆਂ ਤੇ ਦਹਿਸ਼ਤਪਸੰਦਾਂ ਵੱਲ

(ਜਾਰੀ ਪੰਨਾ 23 ਉਤੇ)


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर-इंडिया

AIR-INDIA

WE'RE YOUR AIRLINE

Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

FURNITURE

# EXPLOSION

39" MATTRESS & BASE FROM $119^{95}$

4 DR. CHEST $55^{95}$



7 PC. DINETE SET

$329^{00}$

ਏਂਟਰ ਦਾ ਕੋਈ ਮੁੱਲ ਨਹੀਂ, ਗੇੜਾ ਮਾਰਨਾ ਵਿਅਰਥ ਨਹੀਂ ਜਾਵੇਗਾ

7 PC KITCHEN SET FROM $198^{95}$

3 PC SOFA, CHAIR & LOVE SEAT FROM $449^{95}$



4 PC. PINE BEDROOM SUITE

$388^{00}$

ROYAL HIGH IN QUALITY LOWEST IN PRICES

ROYAL IS WELL KNOWN FOR HIGH QUALITY FURNITURE AND LOWEST PRICES! THIS IS WHAT OUR CUSTOMERS SAY



3 PC. DANISH DESIGN
HIGH BACK LIVING ROOM GROUP

ONLY $487^{00}$

HOT HOT PRICES EVERYDAY 7 DAYS A WEEK

## 'ROYAL'

2607 MAIN ST., (at 10th. Ave.), Vancouver, B.C.

Ph. 874-9525

SOLID PINE BEDROOM SUITE $449^{95}$

# ਭੰਡਾਲ ਡਰਾਈਵਾਲ ਲਿ:
# ਵੈਨਕੂਵਰ, ਬੀ. ਸੀ.

ਵਲੋਂ

ਸੰਗਤਾਂ ਨੂੰ

## ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ

# ਲੱਖ ਲੱਖ ਵਧਾਈ ਹੋਵੇ



**President** **Jarnail S. Bhandal** M.A.

### ਕੁੱਝ ਮਹੱਤਵ ਪੂਰਨ ਕੰਮ

1. Hill Side Housing Co-op.
2. Co-op Housing
3. Station Court
4. Coquitlam Motor Inn.
5. False Creek Bld. A.
6. Hay's Mansion
7. Bonsor Ave. Apt.
8. Metro Town Place.

### ਕੰਪਨੀ ਦਾ ਨਾਂ

Concost Management Inc.
Beta Construction Imperial Ventures Ltd.
Imperial Ventures Dominion Construction
H. Haebler Const. Ltd.
Polygon Properties.

### ਪ੍ਰਮਾਤਮਾ ਦੇ ਉਦਮ ਨਾਲ

1. ਨਾਨਕਸਰ ਗੁਰੂ ਘਰ ਰਿਚਮੰਡ ਦੀ ਸੇਵਾ
2. ਗੁਰੂ ਘਰ ਸਕੈਮਸ਼ ਦੀ ਸੇਵਾ

**Vice President**
**Karnail S. Bhandal**

# BHANDAL DRYWALL LTD.

**3397 Kingsway, Vancouver, B.C.**

**Ph. 430-5011**

# ਕਹਾਣੀ:

# ਫੈਸਲਾ

ਰਾਮ ਸਰੂਪ ਅਣਖੀ

ਹੁਣ ਤਕ ਤੈਨੂੰ ਸ਼ਾਇਦ ਯਾਦ ਵੀ ਨਾ ਰਹਿ ਗਿਆ ਹੋਵੇ ਕਿ ਕਿਸੇ ਕਿਸੇ ਦਿਨ ਆਪਾਂ ਅਚਾਨਕ ਹੀ ਘਰਾਂ ਤੋਂ ਗਾਇਬ ਹੋ ਜਾਂਦੇ ਤੇ ਰਾਜਪੁਰਾ ਕਾਲੋਨੀ ਵਿਚ ਮੇਰੇ ਇਕ ਦੋਸਤ ਦੇ ਚੁਬਾਰੇ ਉਤੇ ਸਾਰਾ ਸਾਰਾ ਦਿਨ ਗੁਜ਼ਾਰ ਆ . ਆਉਂਦੇ। ਨਹੀਂ, ਉਹ ਮੇਰਾ ਦੋਸਤ ਨਹੀਂ ਸੀ, ਮੈਥੋਂ ਤਾਂ ਉਹ ਉਮਰ ਵਿਚ ਕਾਫੀ ਵੱਡਾ ਸੀ। ਉਹ ਸਾਡੇ ਪਿੰਡ ਦਾ ਆਦਮੀ ਸੀ। ਐਫ. ਸੀ. ਆਈ. ਵਿਚ ਕੰਮ ਕਰਦਾ। ਚੁਬਾਰਾ ਕਿਰਾਏ ਉਤੇ ਲੈ ਕੇ ਉਥੇ ਇਕੱਲਾ ਰਹਿੰਦਾ। ਸਵੇਰੇ ਸਵੇਰੇ ਹੀ ਚੁਬਾਰੇ ਵਿਚੋਂ ਨਿਕਲ ਜਾਂਦਾ ਤੇ ਰਾਤ ਨੂੰ ਕਿਸੇ ਵੇਲੇ ਉਥੇ ਆਉਂਦਾ। ਸਿਰਫ ਸੌਣ ਲਈ ਹੀ। ਚੁਬਾਰੇ ਦੇ ਜਿੰਦੇ ਦੀ ਇਕ ਕੁੰਜੀ ਉਹਨੇ ਮੈਨੂੰ ਫੜਾਈ ਹੋਈ ਸੀ।

ਪੱਗ ਉਤਾਰ ਕੇ ਮੈਂ ਚੁਬਾਰੇ ਦੀ ਕਾਰਨਿਸ ਉਤੇ ਰਖ ਦਿੰਦਾ ਤੇ ਬੈਡ ਉਤੇ ਲੇਟ ਕੇ ਤੇਰੇ ਨਾਲ ਗੱਲਾਂ ਕਰਦਾ। ਦੁਨੀਆਂ ਭਰ ਦੀਆਂ ਗਲਾਂ। ਹੁਣ ਹਾਸਾ ਆਉਂਦਾ ਹੈ, ਉਹ ਕਿਹੋ ਜਿਹੀ ਦੁਨੀਆਂ ਸੀ। ਬਸ ਤੇਰੀ ਤੇ ਮੇਰੀ ਦੁਨੀਆਂ। ਬਹੁਤ ਛੋਟੇ ਆਕਾਰ ਦੀ ਦੁਨੀਆਂ ਨੂੰ ਹੁਣ 'ਦੁਨੀਆਂ ਭਰ' ਕਹਿੰਦਿਆਂ ਕਿੰਨੀ ਸੰਗ ਲਗਦੀ ਹੈ। ਪਰ ਦੁਨੀਆਂ ਤਾਂ ਆਖਰ ਦੁਨੀਆਂ ਹੁੰਦੀ ਹੈ, ਕਿਸੇ ਦੀ . ਛੋਟੀ ਕਿਸੇ ਦੀ ਵੱਡੀ। ਉਹਨਾਂ ਦਿਨਾਂ ਵਿਚ ਆਪਣੇ ਲਈ ਆਪਣੀ ਉਹ ਦੁਨੀਆਂ ਸ਼ਾਇਦ ਬਹੁਤ ਵੱਡੀ ਸੀ। ਬਸ ਤੂੰ ਹੀ ਮੇਰੀ ਦੁਨੀਆਂ ਸੀ।

ਦਿਨ ਢਲੇ ਜਿਹੇ ਜਦੋਂ ਆਪਾਂ ਉਸ ਚੁਬਾਰੇ ਵਿਚੋਂ ਨਿਕਲ ਕੇ ਘਰਾਂ ਨੂੰ ਆਉਣਾ ਹੁੰਦਾ ਤਾਂ ਮੈਂ ਸਿਰ ਦੇ ਵਾਲਾਂ ਨੂੰ ਹੱਥਾਂ ਦੀਆਂ ਉਂਗਲਾਂ ਨਾਲ ਕੰਘੀ ਕਰਕੇ ਜੂੜਾ ਕਰਦਾ ਤੇ ਕਾਰਨਿਸ ਉਤੇ ਪਈ ਪਗ ਨੂੰ ਓਵੇਂ ਦੀ ਓਵੇਂ ਸਿਰ ਉਤੇ ਟਿਕਾਅ ਲੈਂਦਾ। ਪਰ ਪੱਗ ਤਾਂ ਢਿਲਕੀ ਢਿਲਕੀ ਲਗਦੀ। ਕਿਹੜਾ ਮਾਵਾ ਦਿਤਾ ਹੁੰਦਾ। ਸੱਤ ਮੀਟਰੀ ਪੱਗ ਸੀ। ਉਹਨਾਂ ਦਿਨਾਂ ਵਿਚ ਇਸ ਪ੍ਰਕਾਰ ਦੀਆਂ ਪੱਗਾਂ ਬੰਨਣ ਦਾ ਨਵਾਂ ਨਵਾਂ ਹੀ ਰਿਵਾਜ ਚਲਿਆ ਸੀ। ਸੱਤ ਕੀ ਕਈ ਮੁੰਡੇ ਤਾਂ ਨੌਂ ਮੀਟਰ ਦੀ ਪੱਗ ਬੰਨਦੇ। ਵਿਚਾਲੇ ਜੋੜ ਪਾ ਕੇ ਬਣਾਈ ਇਹ ਪੱਗ ਖੋਲਕੇ ਫੈਲਾਈ ਜਾਂਦੀ ਤਾਂ ਇਸ ਦਾ ਆਕਾਰ ਕਿਸੇ ਤੰਬੂ ਜਿਹਾ ਲਗਦਾ ਜਾਂ ਮਛੇਰਿਆਂ ਦਾ ਕੋਈ ਜਾਲ। ਸਿਰਾਂ ਉਤੇ ਛੱਜ ਜਿਹੇ ਬਣਾ ਕੇ ਬੰਨੀਆਂ ਪੱਗਾਂ ਦੇਖ ਦੇਖ ਕੇ ਪੁਰਾਣੀ ਪੀੜੀ ਦੇ ਲੋਕ ਹਸਦੇ ਤੇ ਮਖੌਲ ਕਰਦੇ — 'ਆਹ ਤਾਂ ਪੂਰਾ ਥਾਨ ਈ ਵਲੇਟੀ ਫਿਰਦੇ ਬਈ ਸਿਰ ਨੂੰ।' ਸਿਰ ਤੋਂ ਪੱਗ ਉਤਾਰਕੇ ਮੈਂ ਉਹਦੀ ਦੁਬਾਰਾ ਪੂਣੀ ਕਰਵਾਉਂਦਾ। ਇਕ ਸਿਰਾ ਤੇਰੇ ਹੱਥ ਤੇ ਇਕ ਸਿਰਾ ਮੇਰੇ ਹੱਥ। ਜਿਸ ਤਰ੍ਹਾਂ ਕਿ ਮੈਂ ਤੈਨੂੰ ਸਿਖਾਇਆ ਹੋਇਆ ਸੀ। ਤੂੰ ਤੂੰ ਬੜੇ ਸਲੀਕੇ ਨਾਲ ਪੱਗ ਦੀ ਪੂਣੀ ਕਰਵਾਉਂਦੀ। ਪੂਣੀ ਜਦੋਂ ਪੂਰੀ ਵਧੀਆ ਬਣ ਜਾਂਦੀ ਤਾਂ ਤੂੰ ਮਿਨਾ ਮਿਨਾ ਮੁਸਕਰਾਉਂਦੀ। ਇਜ ਮੁਸਕਰਾਉਂਦਿਆਂ ਤੇਰੇ ਖਬੇ ਗਲ ਦੇ ਉਤਲੇ ਪਾਸੇ ਡੂੰਘ ਪੈਂਦਾ। ਮੇਰੀ ਛੋਟੀ ਭੈਣ ਵੀ ਇਸ ਸਲੀਕੇ ਨਾਲ ਹੀ ਮੇਰੀ ਪਗ ਦੀ ਪੂਣੀ ਕਰਾਇਆ ਕਰਦੀ ਸੀ। ਦੋ ਸਾਲ ਪਹਿਲਾਂ ਉਹ ਮਰ ਗਈ ਸੀ। ਸਾਰੇ ਘਰ ਵਿਚ ਸਿਰਫ ਉਹੀ ਸੀ ਜੋ ਇਸ ਸਤ ਮੀਟਰੀ ਪੱਗ ਦੀ ਚੰਗੇ ਢੰਗ ਨਾਲ ਪੂਣੀ ਕਰਵਾ ਸਕਦੀ ਹੁੰਦੀ। ਨਹੀਂ ਤਾਂ ਨਾ ਮਾਂ, ਨਾ ਛੋਟਾ ਭਾਈ ਤੇ ਨਾ ਬਾਪੂ ਨੂੰ ਇਹ ਪੂਣੀ ਕਰਵਾਉਣੀ ਆਉਂਦੀ। ਉਸ ਚੁਬਾਰੇ ਵਿਚ ਮੇਰੀ ਪੱਗ ਦੀ ਪੂਣੀ ਕਰਵਾਉਂਦੀ ਤੂੰ ਮੇਰੀ ਭੈ ਣ ਲਗਦੀ। ਉਹੀ ਸਲੀਕਾ, ਓਹੀ ਮਿਨੀ ਮਿਨੀ ਮੁਸਕਾਣ, ਗਲ ਉਤੇ ਪੈਂਦਾ ਡੂੰਘ ਵੀ ਤੇ ਓਹੀ ਭੋਲਾ ਭੋਲਾ ਚਿਹਰਾ।

ਕਦੇ ਲਗਦਾ, ਤੂੰ ਮੇਰੀ ਦੋਸਤ ਹੈ। ਅਜਿਹਾ ਓਦੋਂ ਹੁੰਦਾ ਜਦੋਂ ਤੂੰ ਮੇਰੇ ਨਾਲ ਬਹਿਸਾਂ ਕਰਦੀ। ਮੇਰੀ ਗਲ ਨੂੰ ਜਾਣ ਬੁੱਝ ਕੇ ਕੱਟਦੀ ਤੇ ਦਲੀਲਾਂ ਦਿੰਦੀ। ਜਿਵੇਂ ਤੈਨੂੰ ਹੀ ਬਹੁਤੀ ਵਾਕਫੀਅਤ ਹੋਵੇ। ਮੇਰਾ ਇਕ ਦੋਸਤ ਹੁੰਦਾ ਸੀ, ਬਲਕਾਰ। ਇੰਜ ਹੀ ਉਹ ਮੇਰੇ ਉਤੇ ਰੋਅਬ ਪਾਉਂਦਾ ਹੁੰਦਾ। ਹਰ ਗਲ ਵਿਚ ਆਪਣੇ ਆਪ ਨੂੰ ਠੀਕ ਸਿਧ ਕਰਨ ਦੀ ਕੋਸ਼ਿਸ਼ ਕਰਦਾ। ਮੇਰੇ ਨਾਲ ਖਹਿਬੜ ਪੈਂਦਾ। ਪਰ ਉਹ ਮੇਰਾ ਯਾਰ ਪੱਕਾ ਸੀ। ਕਦੇ ਦਿਲ ਕਰਦਾ ਉਹਦਾ ਖਹਿੜਾ ਛਡ ਦਿਆਂ। ਪਰ ਬਹੁਤੀ ਵਾਰ ਸੋਚਦੀ, ਉਹ ਪਿਆਰ ਵੀ ਤਾਂ ਕਿੰਨਾ ਕਰਦਾ ਹੈ। ਉਹਦੇ ਬਗੈਰ ਤਾਂ ਮੈਂ ਰਹਿ ਨਹੀਂ ਸਕਾਂਗਾ, ਕਨੇਡਾ ਚਲੇ ਗਿਆ। ਉਥੇ ਉਹਦੀ ਮਾਸੀ ਦਾ ਮੁੰਡਾ ਸੀ। ਮੁੰਡਾ ਸੀ, ਓਹੀ ਉ ਉਹ. ਨੂੰ ਲੈ ਗਿਆ। ਸੀ। ਕੋਲ ਨਹੀਂ ਤਾਂ ਕਿੰਨਾ ਯਾਦ ਆਉਂਦਾ। ਮੇਰੇ ਨਾਲ ਕਿਸੇ ਬਹਿਸ ਵਿਚ ਪਈ ਹੋਈ ਤੂੰ ਮੈਨੂੰ ਬਲਕਾਰ ਲਗਦੀ।

ਪ੍ਰਹਿਮਕਾ ਤੂੰ

ਪ੍ਰੇਮਕਾ ਤਾਂ ਤੂੰ ਮੈਨੂੰ ਓਦੋਂ ਹੀ ਲਗਦੀ ਜਦੋਂ ਕਦੇ ਆਪਣੇ ਵਸ ਵਿਚ ਨਾ ਰਹਿ ਕੇ ਮੈਂ ਤੈਨੂੰ ਬੇਤਹਾਸ਼ਾ ਚੁੰਮ ਸੁਟਦਾ ਸਾਂ। ਜਿਵੇਂ ਕੋਈ ਬਿਲਾ ਮੁਰਗੀ ਉਤੇ ਝਪਟ ਪੈਂਦਾ ਹੋਵੇ। ਪਰ ਇਹ ਛਿਣ ਆਉਂਦੇ ਤੇ ਗੁਜ਼ਰ ਜਾਂਦੇ। ਤੂੰ ਹਮੇਸ਼ਾਂ ਹੀ ਮੈਨੂੰ ਇੰਜ ਕਰਨ ਤੋਂ ਰੋਕਦੀ। ਆਪਣੇ ।। ਦੋਵੇਂ ਹੱਥਾਂ ਨਾਲ ਆਪਣਾ ਚਿਹਰਾ ਢਕ ਲੈਂਦੀ। ਪਰ ਮੈਂ ਸਾਂ ਜਿਵੇਂ ਤੇਰੇ ਹਥ ਤਰੁੰਡ-ਮਰੁੰਡ ਸਕਦਾ ਹੋਵਾਂ। ਛਿਣਾਂ ਦਾ ਕੋਈ ਪਰਛਾਵਾਂ ਨਹੀਂ ਹੁੰਦਾ। ਬਾਅਦ ਵਿਚ ਸਾਨੂੰ ਇਹ ਛਿਣ ਯਾਦ ਤਕ ਨਹੀਂ ਰਹਿ ਜਾਂਦੇ।

ਮਾਂ ਬੀਮਾਰ ਰਹਿੰਦੀ। ਮੈਨੂੰ ਤਾਂ ਓਦੋਂ ਹੀ ਡਰ ਸੀ ਕਿ ਉਹ ਇਸ ਸੰਸਾਰ ਵਿਚ ਥੋੜਾ ਚਿਰ ਹੀ ਹੋਰ ਰਹਿ ਸਕੇਗੀ। ਮਾਂ ਆਖਰ ਮਾਂ ਹੁੰਦੀ ਹੈ। ਮਾਂ ਜਿਹਾ ਨਿਘ ਹੋਰ ਕਿਧਰੋਂ ਨਹੀਂ ਮਿਲਦਾ। ਕਦੇ ਮੈਂ ਸਿਰ ਦੁਖਣ ਦੀ ਸ਼ਿਕਾਇਤ ਕਰਦਾ ਤਾਂ ਤੂੰ ਉਸ ਚੁਬਾਰੇ ਵਿਚ ਮੇਰਾ ਸਿਰ ਘੁੱਟਦੀ। ਇੰਜ ਜਿਵੇਂ ਕੋਈ ਤਕੜੇ ਮਜ਼ਬੂਤ ਹਥਾਂ ਨਾਲ ਪਿੰਨੀਆਂ ਵਟ ਰਿਹਾ ਹੋਵੇ। ਬੱਸ ਇੰਜ ਹੀ ਮੇਰੀ ਮਾਂ ਮੇਰਾ ਸਿਰ ਘੁਟਿਆ ਕਰਦੀ ਸੀ।

ਦੁਨੀਆਂ ਦੇ ਸਾਰੇ ਰਿਸ਼ਤੇ ਤੇਰੇ ਵਿਚ ਕਿਥੋਂ ਆ ਕੇ ਇਕੱਠੇ ਹੋ ਗਏ ਸਨ? ਤੂੰ ਪਿਆਰ ਦਾ ਇਕ ਮੁਜੱਸਮਾ ਹੀ ਤਾਂ ਸੀ ਤੂੰ ਮੇਰੀ ਮਾਂ ਵੀ, ਭੈਣ ਵੀ, ਦੋਸਤ ਵੀ ਤੇ ਪ੍ਰੇਮਕਾ ਤਾਂ ਸੀ ਹੀ। ਬਸ ਇਕ ਰਿਸ਼ਤਾ ਬਾਕੀ ਸੀ। ਇਸ ਬਾਕੀ ਰਹਿੰਦੇ ਰਿਸ਼ਤੇ ਨਾਲ ਤੂੰ ਇਕ ਮੁਕੰਮਲ ਔਰਤ ਬਣ ਜਾਣਾ ਸੀ। ਪਰ ਰਿਸ਼ਤੇ ਦੀ ਮੈਨੂੰ ਪਹਿਚਾਣ ਨਹੀਂ ਸੀ। ਤੈਨੂੰ ਵੀ ਕੀ ਪਹਿਚਾਣ ਹੋਵੇਗੀ। ਇਹ ਵੀ ਹੋ ਸਕਦਾ ਸੀ, ਤੇਰੇ ਸਾਹਮਣੇ ਇਹੋ ਇਕ ਪਹਿਚਾਣ ਹੋਵੇ। ਇਹੋ ਇਕ ਤਲਾਸ਼ ਹੋਵੇ ਕਿ ਚੰਗੀ ਪਤਨੀ ਬਣ ਸਕੇਂ। ਚੰਗੀ ਪਤਨੀ ਦਾ ਮਤਲਬ ਉਹਦਾ ਪਤੀ ਵੀ ਤਾਂ ਚੰਗਾ ਹੀ ਕੋਈ ਹੋਣਾ ਚਾਹੀਦਾ ਸੀ। ਲੜਕੀ ਆਪਣੇ ਵਿਚ ਚੰਗੀ ਪਤਨੀ ਦੇ ਗੁਣਾਂ ਦਾ ਸੰਚਾਹਰ ਕਰਦੀ ਹੈ। ਇਸਦਾ ਮਤਲਬ ਇਹੀ ਹੁੰਦਾ ਹੈ ਕਿ ਉਸਨੂੰ ਇਕ ਚੰਗੇ ਪਤੀ ਦੀ ਤਲਾਸ਼ ਹੁੰਦੀ ਹੈ।

ਇਕੱਲਾ ਹੁੰਦਾ ਤਾਂ ਸੋਚਦਾ, ਤੇਰੇ ਵਿਚ ਮਾਂ ਹੈਗੀ, ਭੈਣ ਹੈਗੀ ਦੋਸਤ ਹੈਗੀ ਤੇ ਪ੍ਰੇਮਕਾ ਦੀ ਜਗਾ ਹੀ ਤਾਂ ਪਤਨੀ ਬਣਦੀ ਹੈ। ਪਤਨੀ ਵਿਚੋਂ ਇਹ ਚਾਰੇ ਸ਼ਬਦ ਮਨਫੀ ਕਰ ਦਿਓ, ਤਾਂ ਬਾਕੀ ਇਕ ਖਿਲਾਅ ਰਹਿ ਜਾਂਦਾ ਹੈ। ਖਿਲਾਅ ਵਿਚ ਲਚਕਦੇ ਦੋ ਪ੍ਰਾਣੀ — ਇਕ ਆਦਮੀ ਇਕ ਔਰਤ। ਤੇ ਫੇਰ ਦੋਵਾਂ ਦੀ ਜ਼ਰਬ ਸਿਰਫ ਬੱਚੇ।

ਆਪਣਾ ਬੀ. ਏ. ਦਾ ਆਖਰੀ ਸਾਲ ਸੀ। ਇਮਤਿਹਾਨ ਨੇੜੇ ਆਏ ਤਾਂ ਆਪਾਂ ਉਸ ਰਾਜਪੁਰਾ ਕਲੋਨੀ ਵਾਲੇ ਚੁਬਾਰੇ ਵਿਚ ਜਾਣਾ ਬੰਦ ਕਰ ਦਿਤਾ। ਇਮਤਿਹਾਨਾਂ ਵਿਚ ਸਿਰਫ ਇਕ ਮਹੀਨਾ ਹੀ ਤਾਂ ਬਾਕੀ ਰਹਿ ਗਿਆ ਸੀ। ਆਖਰੀ ਦਿਨ ਜਦੋਂ ਆਪਾਂ ਉਸ ਚੁਬਾਰੇ ਵਿਚੋਂ ਨਿਕਲ ਕੇ ਗੱਲਾਂ ਕਰਦੇ ਹੌਲੀ ਹੌਲੀ ਤੁਰੇ ਆ ਰਹੇ ਸਾਂ, ਸੜਕ ਕਿਨਾਰੇ ਮੁਦਤਾਂ ਪੁਰਾਣੇ ਟੋਭੇ ਨੂੰ ਦੇਖਕੇ ਤੂੰ ਆਖਿਆ ਸੀ — 'ਜ਼ੀ ਕਰਦੈ, ਇਹਨਾਂ ਪਾਣੀਆਂ ਵਿਚ ਸਮਾ ਜਾਈਏ। ਚਲ, ਇਸ ਟੋਭੇ ਵਿਚ ਛਾਲ ਮਾਰੀਏ। ਪਾਣੀ ਆਪਾਂ ਨੂੰ ਇਕ ਕਰ ਦੇਵੇਗਾ।'

—'ਇਕ ਕਰਨ ਤੋਂ ਮਤਲਬ ?' ਮੈਂ ।। ਪੁਛਿਆ ਸੀ।

—'ਇਕੱਠੇ ਮਰ ਜਾਵਾਂਗੇ।' ਤੂੰ ਹੱਸੀ ਸੀ।

ਮੌਤ ਦੇ ਨਾਉਂ ਉਤੇ ਵੀ ਕੋਈ ਹੱਸ ਸਕਦਾ ਹੈ, ਮੈਨੂੰ ਬੜੀ ਸ਼ਿਦਤ ਨਾਲ ਮਹਿਸੂਸ ਹੋਇਆ ਉਸ ਦਿਨ। ਤੇ ਇਹ ਇਕ ਵਖਰ ਜਿਹਾ ਵੀ ਕਿ ਤੂੰ ਮੇਰੇ ਸਾਥ ਵਿਚ ਮਰ ਜਾਣ ਤੱਕ ਵੀ ਸੋਚ ਸਕਦੀ ਹੈਂ।

—'ਤੈਨੂੰ ਪਤੈ, ਏਸ ਟੋਭੇ ਦਾ ਨਾਉਂ ਕੀਹ ਐ ?' ਮੈਂ ਗੱਲ ਬਦਲੀ।

—'ਕੀ ਨਾਉਂ ਐ ?'

—'ਇਹਨੂੰ ਕੌਲਾਂ ਦਾ ਟੋਭਾ ਕਹਿੰਦੇ ਐ।'

—'ਕੌਲਾਂ ਕਿਸੇ ਕੁੜੀ ਦਾ ਨਾਉਂ ਹੋਵੇਗਾ।'

—'ਨਹੀਂ; ਕਿਸੇ ਰਾਣੀ ਦਾ ਨਾਉਂ ਹੋਵੇਗਾ।' ਮੈਂ ਸਿਆਣਪ ਜਿਹੀ ਵਰਤੀ

—'ਕੁੱਛ ਵ ੀ ਹੋਵੇ। ਕੋਈ ਤਾਂ ਸੀ ਜਿਸ ਦੇ ਨਾਉਂ ਉਤੇ ਇਸ ਟੋਭੇ ਦੀ ਯਾਦਗਾਰ ਕਾਇਮ ਹੈ। ਤੂੰ ਵੀ ਬਣਾਏਂਗਾ ਮੇਰੀ ਕੋਈ ਯਾਦਗਾਰ ?'

—'ਆਪਾਂ ਜੋ ਇਕ ਦੂਜੇ ਨੂੰ ਐਨਾ ਪਿਆਰ ਕਰਦੇ ਆਂ, ਇਕ ਇਕ ਯਾਦਗਾਰ ਹੀ ਤਾਂ ਬਣੇਗੀ ਕਿਸੇ ਦਿਨ। ਇਹ ਯਾਦਗਾਰ ਦੀ ਸ਼ੁਰੂਆਤ ਹੀ ਤਾਂ ਹੈ।" ਤੇ ਫੇਰ ਮੈਂ ਭਾਵੁਕਤਾ ਦੇ ਸੰਸਾਰ ਵਿਚੋਂ ਬਾਹਰ ਨਿਕਲ ਕੇ ਤੈਨੂੰ ਦੱਸਿਆ ਸੀ — 'ਕੌਲਾਂ ਕਿਸੇ ਕੁੜੀ ਜਾਂ ਰਾਣੀ ਦਾ ਨਾਉਂ ਨਹੀਂ ਸੀ, ਕੌਲ ਕੰਵਲ ਫੁੱਲ ਨੂੰ ਆਖਦੇ ਐ। ਇਸ ਤਲਾਬ ਵਿਚ ਕੰਵਲ ਫੁੱਲ ਖਿੜਦੇ ਹੋਣਗੇ। ਹੁਣ ਕੰਵਲ ਨਹੀਂ, ਖਿੜਦੇ, ਇਹ ਤਾਲਾਬ ਵੀ ਨਹਰ ਰਿਹਾ। ਟੋਭਾ ਬਣ ਗਿਆ ਹੈ। ਸ਼ਹਿਰ ਦਾ ਗੰਦਾ ਪਾਣੀ ਇਕੱਠਾ ਕਰ ਕਰਨਾ ਹੀ ਇਸ ਟੋਭੇ ਦੀ ਕਿਸਮਤ ਹੈ।'

—'ਨਾ ਖਿੜਨ ਕੰਵਲ ਫੁਲ ਹੁਣ, ਪਰ ਨਾਉਂ ਤਾਂ ਕਾਇਮ ਐਂ — ਕੌਲਾਂ ਵਾਲਾ ਟੋਭਾ।' ਤੂੰ ਇਹ ਆਖ ਕੇ ਸ਼ਾਇਦ ਪਿਆਰ ਦੀ ਯਾਦਗਾਰ ਦਾ ਜ਼ਿਕਰ ਛੇੜਿਆ ਹੋਵੇਗਾ

ਪਰ ਓਦੋਂ ਉਨ੍ਹਾਂ ਦਿਨਾਂ ਵਿਚ ਕੀ ਪਤਾ ਸੀ ਕਿ ਇਹ ਗੱਲਾਂ ਹੀ ਸਿਰਫ ਪਿਆਰ ਦੀ ਯਾਦਗਾਰ ਬਾਕੀ ਰਹਿ ਜਾਂਦੀਆਂ ਹਨ, ਹੋਰ ਕੁਝ ਨਹੀਂ। ਠੋਸ ਤਾਂ ਕੁਝ ਵੀ ਨਹੀਂ ਹੁੰਦਾ। ਸਮਾਂ ਪਾ ਕੇ ਇਹ ਗੱਲਾਂ ਵੀ ਭੁੱਲ ਭੁਲਾਂ ਜਾਂਦੀਆਂ ਹਨ। ਗੱਲਾਂ ਸਹਾਰੇ ਜ਼ਿੰਦਗੀ ਕਦੋਂ ਕੱਟੀ ਜਾ ਸਕਦੀ ਹੈ। ਨਿਰੀਆਂ ਗਲਾਂ ਸਹਾਰੇ ਤਾਂ ਜ਼ਿੰਦਗੀ ਦੀ ਵਾਟ ਮੁਕਦੀ ਨਹੀਂ। ਗੱਲਾਂ ਤਾਂ ਫੋਕਾ ਪਾਣੀ ਹੁੰਦਾ ਹੈ, ਜਿੰਨਾ ਮਰਜ਼ੀ ਰਿੜਕੋ, ਨਿਕਲਦਾ ਕੁਝ ਨਹੀਂ।

ਇਮਤਿਹਾਨਾਂ ਤਕ ਆਪਾਂ ਆਪਣੇ ਵਾਂਗ ਕਦੇ ਨਾ ਮਿਲੇ। ਤੂੰ ਆਪਣੇ ਘਰ ਪੜ੍ਹਦੀ ਰਹਿੰਦੀ, ਮੈਂ ਆਪਣੇ ਘਰ। ਕਿਸੇ ਤੋਂ ਕੋਈ ਪੜ੍ਹਾਈ ਬਾਰੇ ਵੀ ਕੁਝ ਕਦੇ ਪੁਛਣ ਨਾ ਆਇਆ। ਮਕਾਨਾਂ ਦੀਆਂ ਛੱਤਾਂ ਉਤੋਂ ਹੀ ਕਦੇ ਕਦੇ ਤੇਰੀ ਨੁਹਾਰ ਦਿਸਦੀ। ਤੇ ਇੰਜ ਹੀ ਸ਼ਾਇਦ ਤੂੰ ਮੈਨੂੰ ਕਦੇ ਕਦੇ ਮਕਾਨ ਦੀ ਛੱਤ ਉਤੇ ਖੜੇ ਨੂੰ ਦੇਖ ਲੈਂਦੀ ਹੋਵੇਂਗੀ।

ਤੇ ਫੇਰ ਇਮਤਿਹਾਨਾਂ ਵੀ ਹੋ ਗਿਆ। ਉਹਨਾਂ ਦਿਨਾਂ ਵਿਚ ਆਪਾਂ ਸੈਂਟਰ ਵਿਚੋਂ ਬਾਹਰ ਨਿਕਲਦੇ ਤੇ ਇਕ ਦੂਜੇ ਨੂੰ ਪਰਚਿਆਂ ਬਾਰੇ ਪੁਛਦੇ। ਤੂੰ ਦਸਦੀ, ਤੇਰਾ ਪਰਚਾ ਵਧੀਆ ਹੋ ਗਿਆ। ਮੈਂ ਦਸਦਾਂ, ਮੇਰਾ ਪਰਚਾ ਵਧੀਆ ਹੋ ਗਿਆ। ਕਿਸੇ ਕਿ-ਔਖ ਜ ਸਵਾਲ ਬਾਰੇ ਗੱਲ ਵੀ ਹੋ ਜਾਂਦੀ। ਇਹ ਸਵਾਲ ਤੂੰ ਕਿਵੇਂ ਕੀਤਾ? ਮੈਂ ਤਾਂ ਇੰਝ ਕੀਤਾ ਹੈ, ਤੂੰ ਕਿਵੇਂ ਕੀਤਾ? ਤੇ ਇੰਜ ਹੀ ਅੱਡ-ਅੱਡ ਜਿਹੇ ਹੋ ਕੇ ਆਪਾਂ ਘਰਾਂ ਨੂੰ ਤੁਰ ਪੈਂਦੇ ਤੇ ਅਗਲੇ ਪਰਚੇ ਦੀ ਤਿਆਰੀ ਕਰਨ ਲਗਦੇ।

ਇਮਤਿਹਾਨਾ ਬਾਅਦ ਟਾਪਾਂ ਰਾਜਪੁਰਾ ਕਾਲੋਨੀ ਵਾਲੇ ਚੁਬਾਰੇ ਵਿਚ ਨਹੀਂ ਗਏ। ਇਕ ਦਿਨ ਤੂੰ ਸਾਡੇ ਘਰ ਆਈ ਸੀ। ਇਮਤਿਹਾਨ ਖਤਮ ਹੋਣ ਤੋਂ ਇਹ ਦੋ ਤਿੰਨ ਦਿਨ ਬਾਅਦ ਦੀ ਹੀ ਗੱਲ ਸੀ। ਸਾਡੇ ਘਰ ਵਿਚ ਸਾਡਾ ਕੋਈ ਨਹੀਂ ਸੀ। ਆਪਾਂ ਢੇਰ ਸਾਰੀਆਂ ਗੱਲਾਂ ਕੀਤੀਆਂ। ਜਿਵੇਂ ਪਿਛਲੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਲਈਆਂ ਹੋਣ। ਆਪਣੇ ਸੁਨਹਿਰੇ ਭਵਿਖ ਦਾ ਤਾਣਾ-ਬਾਣਾ ਤਿਆਰ ਕੀਤਾ। ਕਈ ਸੁਝਾਓ ਤੂੰ ਦਿਤੇ, ਕਈ ਸੁਝਾਓ ਮੈਂ ਦਿਤੇ। ਤੇ ਅਖੀਰ ਫ਼ੈਸਲਾ ਇਹ ਹੋਇਆ ਕਿ ਆਪਾਂ ਇਥੇ ਹੀ ਸਟੇਟ ਕਾਲਿਜ ਵਿਚ ਬੀ. ਐਡ. ਕਰਾਂਗੇ। ਇਕ ਸਾਲ ਹੋਰ ਇਕੱਠੇ ਵੀ ਤਾਂ ਰਹਿ ਸਕਾਂਗੇ। ਬਾਅਦ ਵਿਚ ਦੋਵਾਂ ਨੂੰ ਕਿਧਰੇ ਨਾ ਕਿਧਰੇ ਨੌਕਰੀਆਂ ਮਿਲ ਜਾਣਗੀਆਂ। ਤੇ ਫੇਰ ਆਪਾਂਏ ਆਪਾਂ। ... ਕਿਧਰੇ ਨਾਂ ਕਿਧਰੇ ਨੌਕਰੀਆਂ ਮਿਲ ਜਾਣਗੀਆਂ। ਤੇ ਫੇਰ ਆਪਾਂ ਆਪਣੇ ਪੈਰਾਂ ਉਤੇ ਖੜ੍ਹੇ ਹੋ ਹੋ ਕੇ ਵਿਆਹ ਕਰਵਾ ਲਵਾਂਗੇ। ਸਾਰੀ ਉਮਰ ਇਕਠੇ ਰਹਾਂਗੇ। ਆਪਣਾ ਕਿੰਨਾ ਚੰਗਾ ਸੰਸਾਰ ਹੋਵੇਗਾ। ਤੇ ਫੇਰ ਉਸ ਦਿਨ ਸਾਡੇ ਘਰੋਂ ਜਾਣ ਲਗਿਆਂ ਤੂੰ ਦਸਿਆ ਸੀ ਕਿ ਤੂੰ ਕੱਲ ਨੂੰ ਹੀ ਆਪਣੇ ਮਾਮੇ ਕੋਲ ਚੰਡੀਗੜ੍ਹ ਜਾ ਰਹੀ ਹੈਂ। ਨਤੀਜਾ ਨਿਕਲਣ ਤਕ ਉਥੇ ਹੀ ਰਹੇਂਗੀ। ਮਾਮੀ ਕੋਲ ਸਾਲ ਕੁ ਭਰ ਦੀ ਬੇਬੀ ਹੈ। ਮਾਮੀ ਵੀ ਸਰਵਿਸ ਕਰਦੀ ਹੈ। ਇਹਨਾਂ ਦਿਨਾਂ ਵਿਚ ਉਹਨਾਂ ਨੂੰ ਜ਼ ਤੇਰੀ ਲੋੜ ਸੀ।

ਨਤੀਜਾ ਨਿਕਲਿਆ, ਆਪਾਂ ਦੋਵੇਂ ਪਾਸ ਸੀ। ਮੈਂ ਤੈਨੂੰ ਉਡੀਕ ਰਿਹਾ ਸਾਂ ਕਿ ਤੂੰ ਕਦੋਂ ਚੰਡੀਗੜ੍ਹ ਤੋਂ ਵਾਪਸ ਆਵੇਂ ਤੇ ਕਦੋਂ ਮੈਂ ਤੈਨੂੰ ਮਿਲਕੇ ਤੇਰੇ ਨਾਲ ਗੱਲਾਂ ਕਰਾਂ। ਐਨੇ ਦਿਨਾਂ ਤੋਂ ਮੇਰੇ ਅੰਦਰ ਗੱਲਾਂ ਦਾ ਇਕ ਢੇਰ ਹੀ ਤਾਂ ਇਕੱਠਾ ਹੋ ਚੁਕਿਆ ਸੀ। ਮੈਂ ਹੌਲਾ ਹੋਣਾ ਚਾਹੁੰਦਾ ਸੀ। ਤੂੰ ਵੀ ਸ਼ਾਇਦ ਮੇਰੇ ਵਾਂਗ ਹੀ ਸੋਚਦੀ ਹੋਵੇਂਗੀ ਤੇ ਪਟਿਆਲੇ ਆਉਣ ਲਈ ਕਾਹਲੀ ਵੀ।

ਪਰ ਨਤੀਜਾ ਨਿਕਲਣ ਤੋਂ ਵੀਹ ਦਿਨਾਂ ਬਾਅਦ ਤੂੰ ਪਟਿਆਲੇ ਆਈ। ਬੀ. ਐਡ. ਦਾ ਦਾਖਲਾ ਹੋ ਰਿਹਾ ਸੀ। ਮੈਂ ਤੇਰੇ ਨਾਲ ਪਹਿਲਾਂ ਦਾਖਲੇ ਦੀ ਹੀ ਗਲ ਕੀਤੀ। ਪਰ ਤੂੰ ਤਾਂ ਕੋਈ ਦਿਲਚਸਪੀ ਹੀ ਨਾ ਦਿਖਾਈ। ਅਖੇ—ਬੀ. ਐਡ. ਵਿਚ ਕੀ ਪਿਆ ਹੈ। ਮੈਂ ਤੇਰੀ ਗੱਲ ਉਤੇ ਪਹਿਲਾਂ ਤਾਂ ਹਸਿਆ, ਫੇਰ ਹੈਰਾਨ ਹੋਇਆ। ਉਸ ਦਿਨ ਤੂੰ ਮੇਰੇ ਨਾਲ ਹੋਰ ਗੱਲ ਵੀ ਕੋਈ ਨਾ ਕ ਕੀਤੀ। ਮੈਂ ਹੀ ਤੁਹਾਡੇ ਘਰ ਤੇਰੇ ਕੋਲ ਗਿਆ ਸੀ। ਤੇਰੇ ਵਲੋਂ ਕੋਈ ਸੰਕੇਤ ਨਹੀਂ ਸੀ ਕਿ ਆਪਾਂ ਅਲਗ ਕਿਤੇ ਬੈਠਕੇ ਆਪਣੀਆਂ ਗੱਲਾਂ ਕਰੀਏ। ਮੈਂ ਤੇਰੇ ਮੂੰਹ ਵਲ ਦੇਖਦਾ ਤੇ ਦੇਖਦਾ ਹੀ ਰ ਰਿਹਾ। ਤੂੰ ਇਕ ਬਿੰਦ ਮੇਰੇ ਵਲ ਝਾਕਦੀ ਤੇ ਫੇਰ ਨੀਵੀਂ ਪਾ ਲੈਂਦੀ। ਜਾਂ ਏਧਰ-ਓਧਰ ਝਾ ਕਣ ਲਗਦੀ। ਆਪਣੀ ਮਾਂ ਨਾਲ ਫਜ਼ੂਲ ਜਿਹੀ ਕੋਈ ਗੱਲ ਕਰਨ ਲਗਦੀ।

ਪਟਿਆਲੇ ਤੂੰ ਇਕ ਰਾਤ ਹੀ ਠਹਿਰੀ, ਫੇਰ ਚੰਡੀਗੜ੍ਹ ਚਲੀ ਗਈ। ਇਸ ਵਾਰ ਜਾਂਦੀ ਹੋਈ ਦਸਕੇ ਵੀ ਨਾ ਗਈ। ਬਾਅਦ ਵਿਚ ਮੈਂ ਤੇਰੀ ਮ ਾਂ ਤੋਂ ਪੁਛਿਆ। ਉਹਨੇ ਵੀ ਤੇਰੇ ਜਾਣ ਦਾ ਕੋਈ ਖਾਸ ਕਾਰਨ ਨਾ ਦਸਿਆ। ਮੈਂ ਤੇਰੇ ਇਸ ਤਰ੍ਹਾਂ ਦੇ ਸਲੂਕ ਉਤੇ ਪਰੇਸ਼ਾਨ ਸਾਂ। ਆਖਰ ਤੂੰ ਇਸ ਪ੍ਰਕਾਰ ਵਖਰਾਪਣ ਜਿਹਾ ਕਿਉਂ ਅਖਤਿਆਰ ਕਰ ਲਿਆ? ਕਿੱਧਰ ਗਈਆਂ ਸਨ ਤੇਰੀਆਂ ਉਹ ਸ਼ਹਿਦ ਵਲ੍ਹੇਟੀਆਂ ਜਾਇਕੇਦਾਰ ਗੱਲਾਂ? ਗੱਲਾਂ ਨਹੀਂ, ਹਵਾ ਵਿਚ ਤੈਰਦੇ ਕੂਲੇ ਖਿਆਲ।

ਆਖਰ ਮੈਂ ਬੀ. ਐਡ. ਵਿਚ ਦਾਖਲਾ ਲੈ ਲਿਆ ਤੇ ਬੇਦਿਲੀ ਨਾਲ ਕਾਲਿਜ ਜਾਣਾ ਸ਼ੁਰੂ ਕੀਤਾ। ਮੈਨੂੰ ਤੇਰੀ ਫੇਰ ਵੀ ਉਡੀਕ ਰਹਿੰਦੀ। ਤੂੰ ਬੀ. ਐਡ. ਨਹੀਂ ਕਰਨੀ ਸੀ, ਨਾ ਸਹੀ ਪਰ ਆਪਣਾ ਦਿਲ ਤਾਂ ਖੋਲ੍ਹਦੀ। ਆਖਰ ਤੈਨੂੰ ਹੋ ਕੀ ਗਿਆ? ਤੂੰ ਇਸ ਤਰ੍ਹਾਂ ਪਾਸਾ ਕਿਉਂ ਵਟ ਲਿਆ? ਚੁਪ ਕਿਉਂ ਧਾਰ ਲਈ?

ਇਕ ਦਿਨ ਅਚਾਨਕ ਖਬਰ ਮਿਲੀ। ਮੈਂ ਇਹ ਖਬਰ ਅਫਵਾਹ ਹੀ ਲਗੀ। ਇੰਜ ਕਿਵੇਂ ਹੋ ਸਕਦਾ ਸੀ? ਇੰਜ ਕਰਨਾ ਤਾਂ ਤੇਰੇ ਲਈ ਕਿਵੇਂ ਭੀ ਉਚਿਤ ਨਹੀਂ ਸੀ। ਚੰਡੀਗੜ੍ਹ ਤੇਰੇ ਮਾਮੇ ਨੇ ਇਕ ਮੁੰਡਾ ਲਭਿਆ ਸੀ। ਮੁੰਡਾ ਮਿਲਟਰੀ ਵਿਚ ਕੈਪਟਨ। ਚੰਗੇ ਖਾਂਦੇ ਪੀਂਦੇ ਘਰ ਦਾ ਮੁੰਡਾ। ਉਸਨੂੰ ਐਨੀ ਲੋੜ ਨਹੀਂ ਸੀ ਕਿ ਉਹ ਤੈਥੋਂ ਵੀ ਕੋਈ ਨੌਕਰੀ ਕਰਵਾਏ। ਉਸਨੂੰ ਤਾਂ ਇਕ ਸੁੰਦਰ ਲੜਕੀ ਦੀ ਤਲਾਸ਼ ਸੀ। ਤੇਰੇ ਉਤੇ ਰੂਪ ਦੀ ਕਿਹੜੀ ਕਮੀ ਸੀ। ਕੱਦ ਦੀ ਗੁੱਦ ਜਿਹਾ ਕੱਦੂ ਦੀ ਗੁੱਦ ਜਿਹਾ ਕੂਲਾ ਤੇਰਾ ਸਰੀਰ। ਅੰਬਰੀ ਸੇਬ ਜਿਹਾ ਤੇਰਾ ਰੰਗ। ਸੁਣਿਆ ਸੀ, ਵਿਆਹ ਦੀ ਰਸਮ ਬਹੁਤ ਹੀ ਸਾਦਾ ਢੰਗ ਨਾਲ ਕੀਤੀ ਗਈ ਹੈ। ਪਟਿਆਲੇ ਤੋਂ ਤੇਰੇ ਪਿਤਾ ਜੀ ਤੇ ਮਾਂ ਹੀ ਓਥੇ ਗਏ ਸਨ। ਮਾਮੇ ਦੇ ਘਰ ਸਭ ਹੋ ਗਿਆ। ਤੇਰੇ ਮਾਮਾ ਵੀ ਤਾਂ ਚ ਚੰਡੀਗੜ੍ਹ ਵਿਚ ਚੰਗੀ ਨੌਕਰੀ ਉਤੇ ਸਨ। ਕੁਝ ਖਰਚ ਉਨ੍ਹਾਂ ਨੇ ਕਰ ਦਿਤਾ ਹੋਵੇਗਾ। ਤਾਂ ਵੀ ਕੀ। ਪਟਿਆਲੇ ਵਿਚ ਤੇਰੇ ਪਿਤਾ ਜੀ ਕੋਲ ਧੰਨ ਦਾ ਕਿਹੜਾ ਘਾਟਾ ਸੀ। ਨਕਦ ਦ ਹੀ ਫੜਾ ਦਿਤਾ ਹੋਵੇਗਾ। ਡੀ. ਸੀ. ਦੇ ਦਫਤਰ ਵਿਚ ਚਾਹੇ ਇਕ ਕਲਰਕ ਦੀ ਨੌਕਰੀ ਸੀ, ਪਰ ਉਹਨਾਂ ਨੂੰ ਉਤਲੀ ਆਮਦਨ ਬੇਥਾਹ ਸੀ। ਤੇਰੀ ਮਾਂ ਤੋਂ ਇਕ ਦਿਨ ਮੈਂ ਘਰ ਜਾ ਕੇ ਪੁਛਿਆ, ਤਦ ਹੀ ਮੇਰੀ ਤਸੱਲੀ ਹੋਈ ਸੀ। ਅਫਵਾਹ ਯਕੀਨ ਵਿਚ ਬਦਲ ਗਈ। ਮੈਨੂੰ ਅਫਸੋਸ ਹੋਇਆ। ਜਿਵੇਂ ਮੇਰਾ ਕਾਲਜਾ ਕਿਸੇ ਨੇ ਛੁਰੀ ਫੜਕੇ ਖੱਖੜੀ ਖੱਖੜੀ ਕਰ ਦਿਤਾ ਹੋਵੇ।

ਹੁਣ ਮੈਨੂੰ ਤੇਰੀ ਕੋਈ ਉਡੀਕ ਨਹੀਂ ਸੀ। ਪਰ ਦਿਲ ਦੇ ਕਿਸੇ ਖੂੰਜੇ ਇਕ ਕੰਡਾ ਜ਼ਰੂਰ ਚੁਭ ਗਿਆ ਸੀ। ਤੈਨੂੰ ਕਦੇ ਪੁੱਛਾਂ ਤਾਂ ਸਹੀ ਕਿ ਰਾਜਪੁਰਾ ਕਾਲੋਨੀ ਦੇ ਉਸ ਚੁਬਾਰੇ ਵਿਚ ਨਿੱਤ ਦੁਹਰਾਈਂਦਾ ਤੇਰਾ ਉਹ ਇਕ ਰਾਰ ਕਿੱਧਰ ਗਿਆ? ਮੈਨੂੰ ਪਤਾ ਸੀ, ਤੇਰੇ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਹੋਵੇਗਾ। ਤੂੰ ਸਿਰਫ ਮੁਸਕਰਾਏਂਗੀ ਹੀ।

ਮੇਰਾ ਹੁਣ ਬੀ. ਐਡ. ਦੀ ਪੜ੍ਹਾਈ ਵਿਚ ਦਿਲ ਲਗਦਾ। ਜ਼ਿੰਦਗੀ ਦੇ ਸਫਰ ਵਿਚ ਕੋਈ ਨਾਲ ਨਹੀਂ ਤੁਰ ਸਕਿਆ, ਤਾਂ ਨਾ ਸਹੀ, ਸਫਰ ਜਾਰੀ ਰਹਿਣਾ ਚਾਹੀਦਾ ਹੈ। ਕਿਸੇ ਮੋੜ ਉਤੇ ਕੋਈ ਹੋਰ ਸਾਥੀ ਮਿਲ ਜਾਏਗਾ।

ਬੀ. ਐਡ. ਮੈਂ ਕਰ ਲਈ। ਦੋ ਤਿੰਨ ਸਾਲ ਧਕੇ ਖਾਕੇ ਸਰਵਿਸ ਵੀ ਮਿਲ ਗਈ। ਤੇ ਫੇਰ ਮੇਰਾ ਵਿਆਹ ਹੋ ਗਿਆ। ਪਹਿਲਾਂ ਦੋ ਕੁੜੀਆਂ ਹੋਈਆਂ, ਫਿਰ ਇਕ ਮੁੰਡਾ। ਮੇਰੀ ਜ਼ਨਾਨੀ ਦਸ ਜਮਾਤਾਂ ਪਾਸ ਸੀ। ਮਾਂ ਨਹੀਂ ਸਹੀ, ਘਰ ਵਿਚ ਕਿਸੇ ਔਰਤ ਦੀ ਲੋੜ ਸੀ। ਪੂਰੀ ਹੋ ਗਈ। ਵਾਹਵਾ ਗੁਜ਼ਾਰਾ ਚਲਦਾ। ਘਟੋ ਘਟ ਆਪਣੇ ।। ਬਾਪ ਬਰਾਬਰ ਤਾਂ ਹੋ ਹੀ ਗਿਆ ਸਾਂ। ਉਹ ਚੌਕ ਵਿਚ ਰੇੜ੍ਹੀ ਲਾ ਕੇ ਆਲੂ ਗੰਢੇ ਵੇਚਦਾ ਹੁੰਦਾ। ਪਿੰਡ ਦੀ ਜ਼ਮੀਨ ਪਾਣੀ ਨੇ ਮਾਰ ਦਿਤੀ ਸੀ। ਸੋ ਉਹ ਇਸ ਸ਼ਹਿਰ ਵਿਚ ਆ ਕੇ ਇਹ ਧੰਦਾ ਕਰਨ ਲਗਿਆ ਸੀ। ਫੇਰ ਬਾਪ ਜਦੋਂ ਬੁੱਢਾ ਹੋ ਗਿਆ ਉਹਤੋਂ ਇਹ ਕੰਮ ਹੁੰਦਾ ਨਹੀਂ ਸੀ। ਉਹ ਖੁਸ਼ ਸੀ ਕਿ ਮੈਂ ਘਰ ਦੀ ਕਬੀਲਦਾਰੀ ਨੂੰ ਓਵੇਂ ਜਿਵੇਂ ਸੰਭਾਲ ਲਿਆ ਹੈ। ਛੋਟੇ ਭਰਾ ਨੂੰ ਵੀ ਕੰਮ ਵਿਚ ਪਾ ਦਿਤਾ ਹੈ। ਉਹ ਦਸ ਜਮਾਤਾਂ ਨਹੀਂ ਕਰ ਸਕਿਆ ਤਾਂ ਕੀ, ਕ ਮਾਉਂਦਾ ਤਾਂ ਹੈ। ਮੈਂ ਉਸਨੂੰ ਵੀ ਵਿਆਹ ਲਿਆ ਹੈ। ਇਕ ਤਰ੍ਹਾਂ ਨਾਲ ਬਰਾਬਰ ਦਾ ਹੀ ਕਰ ਲਿਆ ਹੈ। ਸਾਡੇ ਘਰ ਵਿਚ ਰੇੜ੍ਹੀ ਦਾ ਕੰਮ ਚਾਹੇ ਹੁਣ ਕੋਈ ਨਹੀਂ ਕਰਦਾ। ਪਰ ਸਾਡੇ ਘਰ ਨੂੰ ਕਹਿੰਦੇ ।। ਅਜੇ ਤਕ ਵੀ ਨੇ — ਨਰਾਇਣ ਸਿੰਘ ਰੇੜੀ ਵਾਲੇ ਦਾ ਘਰ।

ਹੁਣ ਤਾਂ ਬੱਸ ਇਕੋ ਤਮੰਨਾ ਹੈ, ਤਿੰਨੇ ਮੁੰਡੇ-ਕੁੜੀਆਂ ਨੂੰ ਚੰਗਾ ਪੜ੍ਹਾ-ਲਿਖਾ ਲਵਾਂ ਤੇ ਫੇਰ ਚੰਗੇ ਕੰਮਾਂ ਉਤੇ ਲਵਾ ਕੇ ਉਹਨਾਂ ਨੂੰ ਚੰਗੇ ਘਰੀਂ ਵਿ ਆਹ ਦੇਵਾਂ। । ਛੋਟੇ ਭਰਾ ਦੀ ਕਬੀਲਦਾਰੀ ਵੀ ਖਿੰਡਣ ਲੱਗੀ ਹੈ। ਘਰ ਛੋਟਾ ਹੈ, ਪਰ ਏਸੇ ਘਰ ਵਿਚ ਦੋਵੇਂ ਟੱਬਰਾਂ ਦਾ ਗੁਜ਼ਾਰਾ ਜਿਵੇਂ-ਕਿਵੇਂ ਹੋ ਰਿਹਾ ਹੈ। ਦਿਲ ਕਰਦਾ ਹੈ, ਸੱਤਰ-ਅੱਸੀ ਹਜ਼ਾਰ ਰੁਪਿਆ ਕੋਲ ਹੋਵੇ ਤਾਂ ਸ਼ਹਿਰੋਂ ਬਾਹਰ ਕਿਸੇ ਨਵੀਂ ਕਾਲੋਨੀ ਵਿਚ ਕੋਈ ਛੋਟਾ-ਮੋਟਾ ਪਲਾਟ ਲੈ ਕੇ ਵਧੀਆ ਮਕਾਨ ਪਾਵਾਂ। ਇਕ ਜੀਅ ਕਰਦਾ ਹੈ, ਮਹਿਕਮੇਂ ਤੋਂ ਕਰਜ਼ਾ ਹੀ ਕਢਵਾ ਲਵਾਂ। ਪਰ ਖੈਰ ... ਦੇਖੋ।

ਕਦੇ ਕਦੇ ਤੇਰੀ ਮਾਂ ਮਿਲਦੀ ਹੈ ਤਾਂ ਮੋਹ ਜਿਹਾ ਦਿਖਾਉਂਦੀ ਹੈ। ਸ਼ਾਇਦ ਇਸ ਕਰਕੇ ਕਿ ਮੈਂ ਤੇਰੇ ਨਾਲ ਪੜ੍ਹਦਾ ਰਿਹਾ ਹਾਂ। ਮੈਨੂੰ ਆਪਣੀ ਧੀ ਦੀ ਖੁਸ਼ੀ ਦੱਸ ਕੇ ਉਹ ਕਿਨੀਂ ਖੁਸ਼ ਹੁੰਦੀ ਹੈ। ਦਸਿਆ ਹੈ, ਤੁਸੀਂ ਚੰਡੀਗੜ੍ਹ ਹੀ ਇਕ ਬਣੀ ਬਣਾਈ ਕੋਠੀ ਡੇਢ ਲੱਖ ਰੁਪਏ ਵਿਚ ਮੁਲ ਲੈ ਲਈ ਹੈ। ਤੇਰੇ ਦੋਵੇਂ ਮੁੰਡੇ ਸ਼ਿਮਲੇ ਪੜ੍ਹਦੇ ਹਨ। ਤੇਰੇ ਬਾਰੇ ਮੈਂ ਸੁਣਦਾ ; ਹਾਂ ਤਾਂ ਚੁਪ ਹੋ ਜਾਂਦਾ ਹਾਂ। ਨਾ ਮੈਨੂੰ ਕੋਈ ਖੁਸ਼ੀ ਹੁੰਦੀ ਹੈ ਨਾ ਅਫਸੋਸ। ਅਫਸੋਸ ਤਾਂ ਮੈਨੂੰ ਉਦੋਂ ਵੀ ਕੋਈ ਨਹੀਂ ਹੁੰਦਾ, ਜਦੋਂ ਕਦੇ ਤੂੰ ਏਥੇ ; ਪਪਿਟਆਲੇ ਆਉਂਦੀ ਹੈਂ ਤੇ ਦੋ-ਦੋ, ਚਾਰ-ਚਾਰ ਰਾਤਾਂ ਵੀ ਕੱਟ ਜਾਂਦੀ ਹੈਂ, ਪਰ ਇਕ ਦਿਨ ਵੀ ਕਦੇ ਮੈਨੂੰ ਘਰ ਮਿਲਣ ਨਹੀਂ ਆਈ। ਆਵੇਂ ਵੀ ਕਿਉਂ, ਹੁਣ ਤੂੰ ਮੈਥੋਂ ਕੀ ਲੈਣਾ ਹੈ? ਮੈਂ ਤੇਰਾ ਕੀ ਲਗਦਾ ਹਾਂ ਆਖਰ?

ਤੇਰੇ ਨਾਲ ਭਾਵੁਕ ਸਾਂਝ ਰਹੀ ਹੈ, ਇਸ ਕਰਕੇ ਮੈਨੂੰ ਮੇਰੇ ਧੁਰ-ਅੰਦਰ ਕਿਧਰੇ ਇਕ ਤਸੱਲੀ ਜਿਹੀ ਜ਼ਰੂਰ ਹੈ ਕਿ ਤੂੰ ਅਖੀਰ ਫੈਸਲਾ ਕੀਤਾ। ਇਹ ਫੈਸਲਾ ਕਰਨ ਵੇਲੇ ਜ਼ਰੂਰ ਤੇਰੇ ਮਨ ਵਿਚ ਆਰਥਿਕਤਾ ਦਾ ਸਵਾਲ ਪੈਦਾ ਹੋਇਆ ਹੋਵੇਗਾ। ਮਾਡਰਨ ਜਿਹੀ ਤਾਂ ਤੂੰ ਮੁਢੋਂ ਹੀ ਸੀ। ਗਲਾਂ ਵੀ ਅਜਿਹੀਆਂ ਹੀ ਕਰਦੀ ਹੁੰਦੀ। ਹੁਣ ਮੇਜਰ-ਪਤੀ ਦੀ ਘਰ ਵਾਲੀ ਹੈ। ਜ਼ਿੰਦਗੀ ਦਾ ਸਭ ਐਸ਼-ਆਰਾਮ ਤੇਰੇ ਕੋਲ ਹੈ। ਤੂੰ ਨਰੈਣ ਸਿੰਘ ਰੇੜੀ ਵਾਲੇ ਦੀ ਨੂੰਹ ਬਣਕੇ ਕੀ ਖੱਟ ਲੈਂਦੀ? ਠੀਕ ਹੈ ਮੁਹੱਬਤ ਇਕ ਮੌਸਮ ਦਾ ਨਾਉਂ ਹੀ ਤਾਂ ਹੁੰਦਾ ਹੈ। ਮੌਸਮ ਨੇ ਤਾਂ ਗੁਜ਼ਰ ਹੀ ਜਾਣਾ ਹੁੰਦਾ ਹੈ। ਜ਼ਿੰਦਗੀ ਹੋਰ ਚੀਜ਼ ਹੈ। ਮੌਸਮਾਂ ਦੀਆਂ ਜ਼ਰਬਾਂ ਜਮ੍ਹਾਂ ਦਾ ਹਾਸਲ।

ਬੱਸ ਇਕ ਆਖਰੀ ਗੱਲ ... ਮੱਧ ਵਰਗੀ ਪਰਿਵਾਰ ਵਿਚ ਤੰਗੀਆਂ-ਤੁਰ-

ਫਾਰੀ ਘੋ। 1983

# ਸਮਕਾਲੀ ਪ੍ਰਸਥਿਤੀਆਂ ਤੇ ਪੰਜਾਬੀ ਲੇਖਕਾਂ ਦਾ ਰੋਲ

—ਗੁਰਬਖਸ਼ ਜੱਸ—

"ਪੰਜਾਬ ਵਿਚ ਜੋ ਪਿਛਲੇ ਤਿੰਨ ਸਾਲਾਂ ਵਿਚ ਵਾਪਰ ਚੁੱਕਾ ਹੈ, ਇਸਨੇ ਇਕ ਮਾਯੂਸੀ ਦਾ ਵਾਤਾਵਰਣ ਸਾਡੇ ਆਲੇ-ਦੁਆਲੇ ਉਤੇ ਉਸਾਰਿਆ ਹੋਇਆ ਸੀ। ਸਾਡੇ ਸਾਥੀਆਂ (ਲੇਖਕਾਂ ਅਤੇ ਕਲਾਕਾਰਾਂ) ਦੇ ਮਨਾਂ ਉਤੇ ਏਹੀ ਸਵਾਲ ਸੀ ਕਿ ਕੀ ਇਸ ਵਾਤਾਵਰਣ ਵਿਚ ਅਸੀਂ ਆਪਣੇ ਲੋਕਾਂ ਨੂੰ ਕੋਈ ਵੀ ਬਦਲ ਨਹੀਂ ਦੇ ਸਕਦੇ? ਕੀ ਉਹ ਕਾਂਗਰਸੀ ਦੰਭੀਆਂ ਅਤੇ ਫਿਰਕੂ ਜਨੂੰਨੀਆਂ ਦੇ ਗਧੀ ਗੇੜ ਵਿਚ ਹੀ ਪਏ ਰਹਿਣਗੇ? ਕੀ ਅਸੀਂ ਕੁਝ ਨਹੀਂ ਕਰ ਸਕਦੇ? ਇਹਦਾ ਜਵਾਬ ਸਪਸ਼ਟ ਸੀ ਕਿ ਅਸੀਂ ਬਹੁਤ ਕੁਝ ਕਰ ਸਕਦੇ ਹਾਂ — ਅਸੀਂ ਥੋੜੇ ਨਹੀਂ ਹਾਂ। ਸਾਨੂੰ ਆਪਣੇ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਧਾਰਮਕ ਲੋਕਾਂ ਕੋਲ ਧਾਰਮਕ ਅਸਥਾਨ ਹਨ, ਉਥੇ ਉਹ ਕਿਸੇ ਨਾ ਕਿਸੇ ਤਿਉਹਾਰ ਜਾਂ ਗੁਰਪੁਰਬ ਦੇ ਪੱਜ ਇਕੱਠੇ ਹੋ ਜਾਂਦੇ ਹਨ ਅਤੇ ਫਿਰਕੂ ਅਤੇ ਧਾਰਮਕ ਜਨੂੰਨ ਦੀ ਜ਼ਹਿਰ ਨੂੰ ਆਸਾਨੀ ਨਾਲ ਲੋਕਾਂ ਤੱਕ ਪਹੁੰਚਾ ਦਿੰਦੇ ਹਨ। ਇਸੇ ਤਰ੍ਹਾਂ ਸਰਕਾਰੀ ਲੋਕ, ਸਰਕਾਰੀ ਮਸ਼ੀਨਰੀ ਵਰਤਕੇ ਆਪਣੇ ਵੱਡੇ ਇਕੱਠ ਕਰ ਲੈਂਦੇ ਹਨ, ਅਤੇ ਆਪਣੀ ਝੂਠ ਦੀ ਸਿਆਸਤ ਸਧਾਰਣ ਲੋਕਾਂ ਤੱਕ ਲੈ ਜਾਂਦੇ ਹਨ। ਸਾਡੇ ਕੋਲ ਕਿਹੜੇ ਸਾਧਨ ਹਨ? ਬੇਸ਼ਕ ਬਹੁਤ ਥੋੜੇ ਸਾਧਨ ਹਨ ਪਰ ਸਾਡੇ ਕੋਲ ਅਜ਼ਮ ਹੈ, ਇਰਾਦਾ ਹੈ — ਅਸੀਂ ਖੱਬੀ ਧਿਰ ਵਾਲੇ ਸ਼ਕਤੀਸ਼ਾਲੀ ਫਲਸਫੇ ਦੇ ਮਾਲਕ ਹਾਂ — ਸਾਡੀਆਂ ਆਪਣੀਆਂ ਲੋਕ-ਪੱਖੀ ਸਭਿਆਚਾਰਕ ਰਵਾਇਤਾਂ ਹਨ — ਸਾਨੂੰ ਰੂੜ੍ਹੀਵਾਦੀ ਕਦਰਾਂ ਕੀਮਤਾਂ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ। ਲੋਕ-ਦੋਖੀ ਸਭਿਆਚਾਰ ਦੇ ਚੈਲੰਜ ਨੂੰ ਅਸੀਂ ਕਬੂਲਣਾ ਹੈ ਅਤੇ ਉਚੀ ਸੁਚੀ ਕਲਾਂ ਨਾਲ ਇਹਦਾ ਮੁਕਾਬਲਾ ਕਰਨਾ ਹੈ।"

ਮੌਜੂਦਾ ਹਾਲਤਾਂ ਦੇ ਪ੍ਰਸੰਗ ਵਿਚ ਕਲਾ ਅਤੇ ਸਾਹਿਤ ਦੇ ਰੋਲ ਬਾਰੇ ਇਹ ਗੰਭੀਰ ਵਿਚਾਰ ਪ੍ਰਗਟਾਏ ਸਨ ਲੋਕ ਪੱਖੀ ਲੇਖਕ ਅਤੇ ਨਾਟਕਕਾਰ ਗੁਰਸ਼ਰਨ ਸਿੰਘ ਨੇ। ਕਿਸੇ ਵੀ ਦੌਰ ਦੀ ਸਮਾਜਕ ਸਥਿਤੀ ਬਾਰੇ ਇਹੋ ਜਿਹੇ ਸੰਜੀਦਾ ਸਵਾਲ ਅਤੇ ਚੁਣੌਤੀਆਂ ਕਿਸੇ ਤਰਕਵਾਦੀ ਅਤੇ ਮਾਨਵ-ਪਖੀ ਵਿਅਕਤੀ ਦੇ ਮਨ ਵਿਚ ਉਸ ਸਮੇਂ ਪੈਦਾ ਹੁੰਦੇ ਹਨ ਜਦੋਂ ਉਸਦਾ ਸਭਿਆਚਾਰ, ਸਾਹਿਤ ਅਤੇ ਮਨੁੱਖੀ ਹੱਕ ਇਕੱਠਿਆਂ ਹੀ ਖਤਰੇ ਵਿਚ ਪੈ ਗਏ ਹੋਣ — ਜਦੋਂ ਸਭ ਕੁਝ ਹੀ ਖਤਰਿਆਂ ਦੇ ਘੇਰੇ ਵਿਚ ਘਿਰ ਗਿਆ ਹੋਵੇ। ਨਾਲ ਹੀ ਇਹ ਤੱਥ ਵੀ ਬਿਲਕੁਲ ਸਪਸ਼ਟ ਹੈ ਕਿ ਅਜੇਹੇ ਉਚੇ ਅਤੇ ਸੁਚੇ ਵਿਚਾਰ ਕਿਸੇ ਹਿੰਦੂ, ਸਿਖ ਜਾਂ ਮੁਸਲਮਾਨ ਫਿਰਕਾਪ੍ਰਸਤ ਦੇ ਮਨ ਵਿਚ ਕਦੇ ਨਹੀਂ ਉਠ ਸਕਦੇ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਨੂੰ ਸਭ ਤੋਂ ਵੱਧ ਨੁਕਸਾਨ ਧਰਮ ਅਤੇ ਫਿਰਕਾਪ੍ਰਸਤੀ ਨੇ ਹੀ ਪਹੁੰਚਾਇਆ ਹੈ ਅਤੇ ਅਗਾਂਹ ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਨੂੰ ਜੋ ਵੀ ਨੁਕਸਾਨ ਪਹੁੰਚੇਗਾ ਉਹ ਧਾਰਮਕ ਜਨੂੰਨ ਅਤੇ ਫਿਰਕਾਪ੍ਰਸਤੀ ਹੀ ਪਹੁੰਚਾਉਣਗੇ। ਸਾਹਿਤ, ਸਭਿਆਚਾਰ ਅਤੇ ਸਮਾਜਕ ਵਿਕਾਸ ਬਾਰੇ ਗੰਭੀਰ ਪ੍ਰਸ਼ਨ ਉਸੇ ਵਿਅਕਤੀ ਦੇ ਦਿਲ ਦੀਆਂ ਡੂੰਘਾਈਆਂ ਵਿਚੋਂ ਉਠਦੇ ਹਨ ਜਿਸਨੂੰ ਆਪਣੇ ਮਿਹਨਤੀ ਲੋਕਾਂ ਮਾਂ ਬੋਲੀ ਅਤੇ ਸਾਹਿਤ ਨਾਲ ਅਥਾਹ ਪਿਆਰ ਹੋਵੇ।

ਉਪਰੋਕਤ ਬਿਆਨ ਵਿਚ ਲੋਕ-ਪੱਖੀ ਕਲਾਕਾਰਾਂ, ਬੁੱਧੀਜੀਵੀਆਂ ਅਤੇ ਸਭਿਆਚਾਰਕ ਕਾਮਿਆਂ ਬਾਰੇ ਇਕ ਥਾਂ ਕਿਹਾ ਗਿਆ ਹੈ ਕਿ 'ਅਸੀਂ ਥੋੜੇ ਨਹੀਂ ਹਾਂ', ਕਈ ਵਾਰ ਐਵੇਂ ਭਾਵੁਕ ਹੋ ਕੇ ਅਜਿਹਾ ਕਹਿ ਦੇਈਦਾ ਹੈ, ਕਿ 'ਅਸੀਂ ਥੋੜੇ ਨਹੀਂ ਹਾਂ', ਪਰ ਹਕੀਕਤ ਇਹ ਹੈ 'ਅਸੀਂ' ਥੋੜੇ ਹੀ ਨਹੀਂ ਸਗੋਂ 'ਬਹੁਤ ਥੋੜੇ ਹਾਂ'। ਅਸੀਂ ਸੈਕੂਲਰ ਸੋਚ ਵਾਲੇ ਖੱਬੀ ਧਿਰ ਨਾਲ ਖੜਨ ਵਾਲੇ ਉਹ ਕਲਾਕਾਰ ਅਤੇ ਬੁੱਧੀਜੀਵੀ ਹਾਂ ਜਿਨ੍ਹਾਂ ਨੂੰ ਹਰ ਵਕਤ ਫਿਰਕਾਪ੍ਰਸਤਾਂ ਅਤੇ ਸਮੇਂ ਦੀ ਹਕੂਮਤ ਦਾ ਸਾਹਮਣਾ ਰਹਿੰਦਾ ਹੈ, ਇਸੇ ਕਰਕੇ ਇਹੋ ਜਿਹੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਮਹਾਨ ਲੇਖਕ ਗੋਰਕੀ ਨੇ ਆਪਣੀਆਂ ਲਿਖਤਾਂ ਵਿਚ 'ਸਮਾਜ ਦੇ ਮਤਰੇਏ ਪੁੱਤਰ' ਕਿਹਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਸਮਾਜ ਵਿਚ ਧਰਮਾਂ, ਜਾਤਾਂ ਅਤੇ ਫਿਰਕਾਪ੍ਰਸਤੀ ਦੀ ਪਿਛਾਖੜੀ ਹਨੇਰੀ ਨੇ ਅਜ ਸਾਡੀਆਂ ਮਾਨਵੀ ਕਦਰਾਂ-ਕੀਮਤਾਂ, ਦੋਸਤੀ, ਭਾਈਚਾਰਾ ਅਤੇ ਸਮਾਜਕ ਕਲਿਆਣ ਨੂੰ ਗੰਭੀਰ ਸੰਕਟ ਵਿਚ ਪਾ ਦਿਤਾ ਹੈ — ਅਸੁਰਖਿਅਤਾ ਅਤੇ ਅਨਿਸਚਿਤਤਾ ਦੀ ਭਾਵਨਾ ਚਾਰੇ ਪਾਸੇ ਫੈਲੀ ਪਈ ਹੈ। ਅਜ ਅਜੇ ਕੁਝ ਅਰਸਾ ਪਹਿਲਾਂ ਪੰਜਾਬ ਵਿਚ ਅਸੀਂ ਅਜੇਹੇ ਪ੍ਰਸ਼ਨ ਉਠਾਉਂਦੇ ਸਾਂ — 'ਕੀ ਪੰਜਾਬੀਅਤ ਖਤਰੇ ਵਿਚ ਹੈ'— 'ਕੀ ਪੰਜਾਬੀ ਭਾਸ਼ਾ ਦਾ ਵਿਕਾਸ ਖਤਰੇ ਵਿਚ ਹੈ'— 'ਕੀ ਸਾਡਾ ਸਭਿਆਚਾਰਕ ਵਿਕਾਸ ਰੁਕਿਆ ਹੋਇਆ ਹੈ?' ਪਰੰਤੂ ਧਰਮ ਅਤੇ ਫਿਰਕਾਪ੍ਰਸਤੀ ਦੇ ਬੋਲਬਾਲੇ ਨੇ ਅਜੇਹੀਆਂ ਹਾਲਤਾਂ ਬਣਾ ਦਿਤੀਆਂ ਹਨ ਕਿ ਬਾਕੀ ਖਤਰਿਆਂ ਦੀ ਤਾਂ ਗੱਲ ਹੀ ਛੱਡੋ, ਮਨੁਖ ਦਾ ਜੀਉਣ ਦਾ ਹੱਕ ਹੀ ਚੁਫੇਰਿਓਂ ਖਤਰੇ ਵਿਚ ਘਿਰ ਗਿਆ ਹੈ। ਧਰਮਾਂ ਦੇ ਠੇਕੇਦਾਰਾਂ, ਹਕੂਮਤ ਅਤੇ ਸਾਮਰਾਜੀਆਂ ਨੇ ਮਿਲਕੇ ਸਮਾਜ ਦਾ ਵਾਤਾਵਰਣ ਕਿਵੇਂ ਦੂਸ਼ਤ ਕਰ ਦਿਤਾ ਹੈ ਕਿ ਇਥੇ ਜੀਊਣ ਦਾ ਹੱਕ ਸਿਰਫ ਗੁੰਡਿਆਂ, ਬਦਮਾਸ਼ਾਂ ਅਤੇ ਆਦਮਖੋਰ ਦਰਿੰਦਿਆਂ ਨੂੰ ਹੀ ਰਹਿ ਗਿਆ ਹੈ, ਕਿਸੇ ਸਾਊ ਜਾ ਇਨਸਾਫਪਸੰਦ ਵਿਅਕਤੀ ਲਈ ਨਹੀਂ। ਇਹੋ ਜਿਹੀਆਂ ਹਾਲਤਾਂ ਨੇ ਪੰਜਾਬੀ ਲੇਖਕਾਂ ਨੂੰ ਵੀ ਡੂੰਘੀਆਂ ਸੋਚਾਂ ਵਿਚ ਪਾ ਦਿਤਾ ਹੈ — ਕੁਝ ਲੇਖਕ ਤਾਂ ਡਰਕੇ ਚੁਪ ਵਟ ਗਏ — ਲੇਖਕ ਵੀ ਅਕਸਰ ਇਨਸਾਨ ਹੀ ਹੈ, ਉਹ ਡਰ ਵੀ ਸਕਦਾ ਹੈ — ਕੁਝ ਲੇਖਕ ਅਜਿਹੇ ਵੀ ਹਨ ਜੋ ਧਾਰਮਕ ... ਜਨੂੰਨ ਅਤੇ ਸਿਖ ਸ਼ਾਵਨਵਾਦ ਦਾ ਸ਼ਿਕਾਰ ਵੀ ਹੋਏ ਹਨ — ਤੀਸਰੀ ਕਿਸਮ ਦੇ ਉਹ ਲੇਖਕ ਵੀ ਹਨ ਜਿਨ੍ਹਾਂ ਫਿਰਕੂ ਅਤੇ ਧਾਰਮਕ ਜਨੂੰਨ ਵਿਰੁਧ ਆਪਣੀ ਆਪਣੀ ਸਮਰੱਥਾ ਅਨੁਸਾਰ ਆਪਣੀਆਂ ਖਿਲਤਾਂ ਰਾਹੀਂ ਪਰਚਾਰ ਵੀ ਕੀਤਾ। ਪਰੰਤੂ ਕੁਝ ਕਲਾਕਾਰ ਅਤੇ ਲੇਖਕ ਅਜੇਹੇ ਵੀ ਹਨ ਜਿਨ੍ਹਾਂ ਧਾਰਮਕ ਜਨੂੰਨ ਅਤੇ ਫਿਰਕਾਪ੍ਰਸਤੀ ਵਿਰੁੱਧ ਡਟਕੇ ਸਟੈਂਡ ਵੀ ਲਿਆ ਹੈ। ਸਮਕਾਲੀ ਸਥਿਤੀ ਦਾ ਵਿਅੰਗ ਇਹ ਹੈ ਕਿ ਜਦੋਂ ਕੋਈ ਸਮਾਜ ਕਿਸੇ ਪਿਛਾਖੜੀ ਲਹਿਰ ਵਿਚ ਘਿਰਿਆ ਹੋਇਆ ਹੋਵੇ ਅਤੇ ਲੇਖਕ ਵੀ ਉਸ ਲਹਿਰ ਦੇ ਪ੍ਰਭਾਵ ਹੇਠ ਪਿਛਾਖੜੀ ਸੋਚ ਦਾ ਸ਼ਿਕਾਰ ਹੋ ਜਾਵੇ ਤਾਂ ਉਹ ਆਵਾਮ ਨੂੰ ਕਿਹੋ ਜਿਹੀ ਸੇਧ ਦੇਣਗੇ — ਇਹ ਸਵਾਲ ਅਜ ਸਾਡੇ ਸਾਹਮਣੇ ਇਕ ਚਣੌਤੀ ਬਣਕੇ ਖੜਾ ਹੈ। ਆਪਣੀਆਂ ਲਿਖਤਾਂ ਅਤੇ ਜੀਵਨ ਵਿਵਹਾਰ ਵਿਚ ਮਾਰਕਸੀ ਸਮਝ ਦਾ ਦਾਅਵਾ ਕਰਨ ਵਾਲੇ ਜਸਵੰਤ ਸਿੰਘ ਕੰਵਲ ਅਤੇ ਅਤੇ ਐਮ. ਸੀ. ਭਾਰਦਵਾਜ ਵਰਗੇ ਅਜਿਹੇ ਹੀ ਸਥਾਪਤ ਲੇਖਕ ਹਨ ਜੋ ਅਜ ਦੁਸ਼ਮਣ ਜਮਾਤ ਦੇ ਹੱਥਾਂ ਵਿਚ ਇਕ ਜਬਰਦਸਤ ਹਥਿਆਰ ਵਜੋਂ ਕੰਮ ਕਰ ਰਹੇ ਹਨ। ਅਜੇਹੇ ਵਰਤਾਰੇ ਦਾ ਇਕ ਕਾਰਣ ਇਹ ਵੀ ਹੈ ਕਿ ਅਜੇਹੇ ਲੇਖਕ ਇਤਿਹਾਸ ਅਤੇ ਸਮਾਜ ਦੀ ਪਦਾਰਥਵਾਦੀ (ਜਾਂ ਯਥਾਰਥਵਾਦੀ) ਸਮਝ ਨਾਲ ਬੁਨਿਆਦੀ ਰੂਪ ਵਿਚ ਕਦੇ ਵੀ ਪ੍ਰਤੀਬਧ ਨਹੀਂ ਸਨ। ਲੇਖਕਾਂ ਦੀ ਅਜੇਹੀ ਦੀਵਾਲੀਆ ਸਮਝ ਦਾ ਇਕ ਅਰਥ ਇਹ ਵੀ ਹੈ ਕਿ ਉਹ ਲੋਕ-ਪੱਖੀ ਸਾਹਿਤ ਦੇ ਅਸਲੀ ਅਰਥਾਂ ਬਾਰੇ ਵੀ ਸਪਸ਼ਟ ਨਹੀਂ ਸਨ। ਜਦੋਂ ਅਸੀਂ ਲੋਕ-ਪੱਖੀ ਸਾਹਿਤ ਦੀ ਪਛਾਣ ਦੀ ਗਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਤਿੰਨ ਪਖ ਉਭਰਕੇ ਸਾਹਮਣੇ ਆਉਂਦੇ ਹਨ — ਲੋਕ ਮੁਕਤੀ ਦਾ ਸਾਹਿਤ ਹੀ ਲੋਕ-ਪੱਖੀ ਸਾਹਿਤ ਹੈ - ਲੋਕ - ਪੱਖੀ ਸਾਹਿਤ ਦਾ ਮੁਖ ਆਧਾਰ ਸਮਾਜ ਦਾ ਯਥਾਰਥ ਹੁੰਦਾ ਹੈ — ਲੋਕ-ਪੱਖੀ ਲੇਖਕ ਲਈ ਕ੍ਰਾਂਤੀਕਾਰੀ ਵਿਸ਼ਵ-ਦ੍ਰਿਸ਼ਟੀਕੋਣ ਅਪਨਾਉਣਾ ਜ਼ਰੂਰੀ ਹੁੰਦਾ ਹੈ।

ਕਿਸੇ ਦੌਰ ਦੀਆਂ ਕ੍ਰਾਂਤੀਕਾਰੀ ਲਹਿਰਾਂ ਤੋਂ ਪ੍ਰਭਾਵਤ ਹੋ ਕੇ ਕ੍ਰਾਂਤੀਕਾਰੀ ਰਚਨਾਵਾਂ ਦੀ ਸਿਰਜਣਾ ਕਰ ਲੈਣੀ ਅਤੇ ਵਾਹ ਵਾਹ ਖਟ ਲੈਣੀ ਹੋਰ ਗੱਲ ਹੈ ਅਤੇ ਬੁਨਿਆਦੀ ਰੂਪ ਵਿਚ ਤਰਕ ਅਤੇ ਯਥਾਰਥ ਦੇ ਆਧਾਰ ਤੇ ਕ੍ਰਾਂਤੀਕਾਰੀ ਸੋਚ ਤੇ ਨਿਰੰਤਰ ਖੜੇ ਰਹਿਣਾ ਬਿਲਕੁਲ ਹੋਰ ਗੱਲ। ਤਰਕ ਅਤੇ ਵਿਗਿਆਨਕ ਸੋਚ ਨਾਲ ਖਲੋਣ ਦੀ ਗਲ ਕਰਨਾ ਜਿੰਨਾ ਸੌਖਾ ਅਤੇ ਸਿੱਧਾ ਲਗਦਾ ਹੈ — ਅਜੇਹੀ ਸੋਚ ਨਾਲ ਅਖੀਰ ਤਕ ਸਾਬਤ-ਕਦਮੀਂ ਅਡੋਲ ਖੜੇ ਰਹਿਣਾ ਉਨਾ ਹੀ ਮੁਸ਼ਕਲ ਅਤੇ ਟੇਢਾ ਹੈ। ਵਿਅਕਤੀ ਦਾ ਤਰਕਵਾਦੀ ਜਾਂ ਪਦਾਰਥਵਾਦੀ ਹੋਣਾ ਮਨੁਖ ਦੀ ਸਮੁੱਚੀ ਸ਼ਖਸ਼ੀਅਤ ਦੇ ਸਰਵਪੱਖੀ ਵਿਕਾਸ ਨਾਲ ਜੁੜੀ ਹੋਈ ਗੱਲ ਹੈ। ਸੋ ਜੇ ਕਿਸੇ ਵਿਅਕਤੀ ਦਾ ਸਮਾਜ ਦੇ ਇਤਿਹਾਸ ਪ੍ਰਤੀ ਨਜ਼ਰੀਆ ਤਰਕਵਾਦੀ ਨਹੀਂ ਬਣਿਆ ਤਾਂ ਉਹ ਸਾਹਿਤ ਵਿਚ ਯਥਾਰਥਕ ਰਚਨਾ ਦੀ ਕਦੇ ਵੀ ਸਿਰਜਣਾ ਨਹੀਂ ਕਰ ਸਕਦਾ, ਜਿਵੇਂ ਕਿ ਇਕ ਚਿੰਤਕ ਨੇ ਵੀ ਠੀਕ ਹੀ ਕਿਹਾ ਹੈ' "ਯਥਾਰਥਕ ਹੋਣਾ ਹੀ ਤਰਕਸ਼ੀਲ ਹੋਣਾ ਹੈ ਅਤੇ ਤਰਕਸ਼ੀਲ ਹੋਣਾ ਹੀ ਯਥਾਰਥਕ ਹੋਣਾ ਹੈ।" ਸੋ ਅੱਜ ਦੇ ਵਿਗਿਆਨਕ ਯੁਗ ਅੰਦਰ ਤਰਕਸ਼ੀਲ ਹੋਇਆਂ ਬਗੈਰ ਸਾਹਿਤ ਵਿਚ ਸਾਰਥਕ ਰੂਪ ਵਿਚ ਕੋਈ ਵੀ ਯਥਾਰਥਵਾਦੀ ਰੋਲ ਨਹੀਂ ਨਿਭਾਇਆ ਜਾ ਸਕਦਾ। ਜਿਵੇਂ ਕਿ ਲੋਕ-ਪੱਖੀ ਸਾਹਿਤ ਦੀ ਪਰੀਭਾਸ਼ਾ ਬਾਰੇ ਅਸੀਂ ਪਹਿਲਾਂ ਹੀ ਪੜ੍ਹ ਆਏ ਹਾਂ — ਪ੍ਰਗਤੀਵਾਦੀ ਜਾਂ ਲੋਕ-ਪੱਖੀ ਲੇਖਕ ਦੇ ਸਾਹਮਣੇ ਇਕੋ ਇਕ ਮੁਖ ਉਦੇਸ਼ ਲੋਕ ਮੁਕਤੀ ਜਾਂ ਸਮੁਚੀ ਮਨੁਖਤਾ ਦਾ ਕਲਿਆਣ ਹੁੰਦਾ ਹੈ — ਜਿਹੜਾ ਲੇਖਕ ਸਾਹਿਤ ਦਾ ਇਹ ਉਦੇਸ਼ ਛਡਕੇ ਕਿਸੇ ਵਿਸ਼ੇਸ਼ ਧਰਮ, ਫਿਰਕੇ ਜਾਂ ਜਾਤੀ ਦਾ ਪਖ ਲੈਣ ਦਾ ਸ਼ਿਕਾਰ ਹੋ ਜਾਂਦਾ ਹੈ, ਉਹ ਬੁਨਿਆਦੀ ਰੂਪ ਵਿਚ ਲੋਕ-ਵਿਰੋਧੀ ਹੋ ਨਿਬੜਦਾ ਹੈ। ਅਜੇਹੇ ਫਿਰਕਾਪ੍ਰਸਤ ਲੇਖਕ ਨੂੰ ਲੋਕ-ਪੱਖੀ ਲੇਖਕਾਂ ਅਤੇ ਬੁਧੀਜੀਵੀਆਂ ਦੇ ਭਾਈਚਾਰੇ ਵਿਚੋਂ ਛੇਕੇ ਜਾਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਇਥੇ ਮੈਂ ਪੰਜਾਬੀ ਲੇਖਕ ਸੁਖਬੀਰ ਦੇ ਇਹ ਵਿਚਾਰ ਦੁਹਰਾਉਣਾ ਚਾਹਾਂਗਾ "ਸਹੀ ਅਰਥਾਂ ਵਿਚ ਸੁਤੰਤਰ ਮਨੁਖ ਬਣਕੇ ਜੀਉਣਾ ਅਤੇ ਸੁਚੇਤ ਤੇ ਅਚੇਤ ਤੁਅੱਸਬਾਂ ਤੋਂ ਉਪਰ ਉਠਕੇ ਸੋਚਣਾ ਸੌਖਾ ਨਹੀਂ ਹੈ। ਆਦਮੀ ਆਮ ਤੌਰ ਤੇ ਕਿਸੇ ਸਮੂਹ ਜਾਂ ਇੱਜੜ ਦੀ ਮਾਨਸਕਤਾ ਨਾਲ ਹੀ ਸੋਚਦਾ ਹੈ। ਕਈ ਮੌਕਿਆਂ ਤੇ ਉਸਦੇ ਅਚੇਤ ਮਨ ਵਿਚ ਬੈਠਾ ਆਦਿ ਕਾਲੀਨ ਮਨੁਖ ਉਸਦੇ ਦਿਲ ਦਿਮਾਗ ਤੇ ਹਾਵੀ ਹੋ ਜਾਂਦਾ ਹੈ — ਉਹ ਆਦਿ ਕਾਲੀਨ ਮਨੁੱਖ ਜੋ ਜਹਾਲਤ ਤੋਂ ਉਪਰ ਨਹੀਂ ਸੀ ਉਠ ਸਕਿਆ ਤੇ ਜਿਸਦਾ ਬਹੁਤ ਸਾਰਾ ਵਤੀਰਾ ਜਾਨਵਰਾਂ ਦੀ ਹੀ ਪੱਧਰ ਤੇ ਸੀ ...... ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਮੂਰਤੀ ਪੂਜਾ ਅਜ ਵੀ ਉਸੇ ਰੂਪ ਵਿਚ ਦੇਖਣ ਵਿਚ ਆਉਂਦੀ ਹੈ — ਦੇਵੀ-ਦੇਵਤਿਆਂ ਦੀ ਹੀ ਨਹੀਂ, ਮੜ੍ਹੀਆਂ-ਮਸਾਣਾਂ, ਨਦੀਆਂ-ਸਰੋਵਰਾਂ, ਵੇਦਾਂ-ਕਤੇਬਾਂ, (ਧਾਰਮਕ ਗਰੰਥਾਂ), ਤੀਰਥ-ਮੰਦਰਾਂ, ਸਿੱਲਾਂ-ਵੱਟਿਆਂ ਆਦਿ ਦੀ ਵੀ। ਧਰਮ ਦੇ ਇਨ੍ਹਾਂ ਪ੍ਰਤੀਕਾਂ ਨਾਲ ਆਦਮੀ ਆਪਣੇ ਦਿਮਾਗ ਦੀ ਪੱਧਰ ਤੇ ਆ ਕੇ ਜਿਸ ਤਰ੍ਹਾਂ ਜੁੜਿਆ - ਚਿੰਬੜਿਆ ਹੋਇਆ ਹੈ, ਉਹ ਉਸਦੇ ਵਿਚਾਰਗ੍ਰਸਤ ਮਨ ਦੀ ਨਿਸ਼ਾਨੀ ਹੈ। ਅਜਿਹੀ ਮੂਰਤੀ ਪੂਜਾ ਨੂੰ ਗੁਰਬਾਣੀ ਵਿਚ ਥਾਂ ਥਾਂ ਨਿੰਦਿਆ ਗਿਆ ਹੈ। ਇਨ੍ਹਾਂ ਧਾਰਮਕ ਪ੍ਰਤੀਕਾਂ ਨਾਲ ਜਨੂੰਨ ਦੀ ਹੱਦ ਤੱਕ ਜੁੜਿਆ ਹੋਇਆ ਆਦਮੀ ਹਜ਼ਾਰਾਂ ਸਾਲ ਪਹਿਲਾਂ ਦੇ ਜਾਹਿਲ ਆਦਮੀ ਨਾਲੋਂ ਕਿੰਨਾ ਕੁ ਉਪਰ ਉਠ ਸਕਿਆ ਹੈ? ਤੇ ਮਾਨਸਿਕ ਵਿਕਾਸ ਦੇ ਰਾਹ ਤੇ ਕਿੰਨਾ ਕੁ ਅਗੇ ਵਧ ਸਕਿਆ ਹੈ? ਇਹ ਗਲ ਵਿਅਕਤੀ ਬਾਰੇ ਹੀ ਨਹੀਂ, ਸਮਾਜ ਬਾਰੇ ਵੀ ਕਹੀ ਜਾ ਸਕਦੀ ਹੈ...।" ਇਥੇ ਮੈਂ ਸੁਖਬੀਰ ਦੀਆਂ ਬਾਕੀ ਸਾਰੀਆਂ ਗੱਲਾਂ ਨਾਲ ਸਹਿਮਤ ਹੁੰਦਾ ਹੋਇਆ ਇਕ ਹੋਰ ਗਲ ਵੀ ਜੋੜਨੀ ਚਾਹਾਂਗਾ ਕਿ ਕਿਸੇ ਵੀ ਵਿਅਕਤੀ ਜਾਂ ਲੇਖਕ ਵਲੋਂ ਸਾਹਿਤ ਅਤੇ ਇਤਿਹਾਸ ਦਾ ਬੌਧਿਕ ਅਧਿਅਨ ਕਰਕੇ ਅਤੇ ਨਾਲ ਹੀ ਜਮਹੂਰੀ ਸਮਝ ਵਾਲੇ ਸਮੂਹ ਜਾਂ ਸੰਸਥਾ ਨਾਲ ਜੁੜਕੇ ਹੀ ਉਸਦੀ ਸੁਤੰਤਰ ਸੋਚਣੀ ਅਤੇ ਸਮਾਜਵਾਦੀ ਸਮਝ ਦਾ ਵਿਕਾਸ ਹੁੰਦਾ ਹੈ। ਸੁਤੰਤਰ ਸੋਚਣੀ ਗ੍ਰਹਿਣ ਕਰਨ ਲਈ ਵਿਅਕਤੀ ਨੂੰ ਆਪਣੇ ਤੌਰ ਤੇ ਇਤਿਹਾਸ ਅਤੇ ਫਲਸਫੇ ਦਾ ਵਿਸ਼ਾਲਤਾ ਅਤੇ ਗਹਿਰਾਈ ਤਕ ਅਧਿਅਨ ਕਰਨਾ ਪੈਂਦਾ ਹੈ। ਇਥੇ ਸਵਾਲਾਂ ਦਾ ਇਕ ਸਵਾਲ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਅੱਜ ਤੋਂ 40-45 ਸਾਲ ਪਹਿਲਾਂ ਧਰਮ ਅਤੇ ਰੱਬ ਅਤੇ ਤੁਅੱਸਬਪੁਣੇ ਬਾਰੇ ਜਿਹੜੇ ਪ੍ਰਸ਼ਨ ਖੜ੍ਹੇ ਕੀਤੇ ਗਏ ਸਨ, ਇਨ੍ਹਾਂ ਪ੍ਰਸ਼ਨਾਂ ਦੇ ਸਿਲਸਿਲੇ ਨੂੰ ਅਗਾਂਹ ਕਿਉਂ ਨਹੀਂ ਤੋਰਿਆ ਗਿਆ? ਐਰਿਕ ਹਾਫਰ ਦੇ ਕਹਿਣ ਅਨੁਸਾਰ "ਸਮਾਜ ਵਿਚ ਖੜੋਤ ਜਵਾਬਾਂ ਦੀ ਅਣਹੋਂਦ ਕਰਕੇ ਨਹੀਂ, ਸਗੋਂ ਸਵਾਲ ਪੁਛੇ ਜਾਣ ਦੀ ਲੋਚਾ ਦੀ ਅਣਹੋਂਦ ਕਰਕੇ ਜਨਮ ਲੈਂਦੀ ਹੈ।" ਸੰਨ 1936 ਈ: ਵਿਚ ਪ੍ਰੋ: ਮੋਹਣ ਸਿੰਘ ਨੇ ਆਪਣੀ ਪੁਸਤਕ 'ਸਾਵੇ ਪੱਤਰ' ਵਿਚ ਰਬ ਅਤੇ ਧਰਮ ਬਾਰੇ ਇਹ ਸਵਾਲ ਆਪਣੀ ਕਵਿਤਾ 'ਰੱਬ' ਵਿਚ ਇਵੇਂ ਖੜੇ ਕੀਤੇ ਸਨ:

ਰੱਬ ਇਕ ਗੁੰਝਲਦਾਰ ਬੁਝਾਰਤ ਰੱਬ ਇਕ ਗੋਰਖਧੰਦਾ
ਖੋਲ੍ਹਣ ਲੱਗਿਆਂ ਪੇਚ ਏਸ ਦੇ ਕਾਫਰ ਹੋ ਜਾਏ ਬੰਦਾ।
ਕਾਫਰ ਹੋਣੋਂ ਡਰ ਕੇ ਜੀਵੇਂ ਖੋਜੋਂ ਮੂਲ ਨਾ ਖੁੰਝੀ
ਲਾਈਲਗ ਮੋਮਨ ਦੇ ਕੋਲੋਂ, ਖੋਜੀ ਕਾਫਰ ਚੰਗਾ॥

'ਮੈਂ ਨਹੀਂ ਤੇਰੇ ਗਿਰਾਂ' ਵਿਚ ਪ੍ਰੋ: ਮੋਹਣ ਸਿੰਘ ਮਜ਼ਹਬ ਪ੍ਰਸਤੀ ਨੂੰ ਬੇਨਕਾਬ ਕਰਦਾ ਹੋਇਆ ਕਹਿੰਦਾ ਹੈ:

..............
..............
ਜਿਥੇ ਲੱਖਾਂ ਮਣਾਂ ਦਾ ਲੋਹਿਆ
ਜੰਜ਼ੀਰਾਂ ਹੱਥਕੜੀਆਂ ਹੋਇਆ

(ਬਾਕੀ ਪੰਨਾ 163)


# JIM PATTISON

PONTIAC - BUICK - CADILLAC and GMC

3434 MAIN ST. VANCOUVER, B.C.

Tel. 879-4233

ਨਵੀਆਂ ਪੌਂਟੀਅਕ ਲਾਈਨ **Parlad Gill**

ਫਾਇਰਫਲਾਈ - ਸੱਨਬਰਸਟ - ਅਕੇਡੀਅਨ - ਟੀ1000 - ਸੱਨਬਰਡ - ਫੀਰਏਰੋ - ਫਾਇਰਬਰਡ - ਟਰਾਂਜ਼ਐਮ - ਗਰੈਂਡਐਮ - ਪੌਂਟੀਅਕ 6000 - ਬੋਨਾਵਿਲ ਅਤੇ ਪੈਰੀਜ਼ੀਅਨ

## —ਬੀਊਕ ਲਾਈਨ

ਸਕਾਈਹਾਕ - ਸਕਾਈਲਾਰਕ - ਸੈਂਚਰੀ - ਰੀਗਲ ਸੋਮਰਸੈਟ - ਰੀਗਲ - ਲੇਸਬਰ - ਇਲੈਕਟਰਾ ਪਾਰਕ ਐਵੇਨੀਊ - ਈਵੀਰਾ

## ਕੈਡੀਲਿਕ ਲਾਈਨ

ਡੀਵਿੱਲ - ਫਲੀਟਵੁੱਡ - ਐਲਡਰਡੋ - ਸਵਿੱਲ - ਜੀ ਐਮ ਸੀ - ਪਿੱਕ ਅਪ - ਵੈਨ - ਜ਼ਿਮੀ ਅਤੇ 4x4 ਵੀਲ ਡਰਾਈਵ

ਸਾਡੇ ਕੋਲ ਹੋਰ ਵੀ ਬਹੁਤ ਸਾਰੀਆਂ ਨਵੀਆਂ ਅਤੇ ਪੁਰਾਣੀਆਂ ਕਾਰਾਂ ਹਨ।
ਜੇ ਤੁਸੀਂ Chevorlet, Oldsmobile Or Toyata Line ਦੀਆਂ ਨਵੀਆਂ ਕਾਰਾਂ ਲੈਣੀਆਂ ਹੋਣ ਤਾਂ ਮਿਲੋ ਜਾਂ ਫੋਨ ਕਰੋ:—

**ਪਰਲਾਦ ਸਿੰਘ ਗਿੱਲ**





Bus. 879 - 4233
Res. 435 - 1834

ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

(ਪੰਨਾ 15 ਦੀ ਬਾਕੀ)

ਜਿਥੇ ਕੈਦ ਖਾਨਿਆਂ ਜੇਹਲਾਂ
ਮੀਲਾਂ ਤਕ ਵਲਗਣਾਂ ਵਲੀਆਂ
ਜਿਥੇ ਮਜ਼ਹਬ ਦੇ ਨਾ ਥੱਲੇ
ਦਰਿਆ ਕਈ ਖੂਨ ਦੇ ਚੱਲੇ

......................

ਜਿਥੇ ਸ਼ਾਇਰ ਬੋਲ ਨਾ ਸਕਣ
ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸਕਣ

......................

ਮੁਕ ਜਾਵਣ ਜਿਥੇ ਪਗ ਡੰਡੀਆਂ
ਰਹਿਣ ਨਾ ਮੁਲਕਾਂ ਦੀਆਂ ਵੰਡੀਆਂ
ਦਿਸਣ ਨਾ ਜਿਥੇ ਹੱਦਾਂ ਪਾੜੇ
ਮੇਰ ਤੇਰ ਦੇ ਪਾਖੋਵਾੜੇ
ਪਹੁੰਚ ਨਾ ਸਕਣ ਜਿਥੇ ਚਾਂਘਾ
ਬਾਂਗ ਟੱਲਾਂ ਤੇ ਸੰਖਾਂ ਦੀਆਂ
ਚਾਰੇ ਤਰਫ ਆਜ਼ਾਦੀ ਹੋਵੇ
ਮੂਲ ਨਾ ਕੋਈ ਮੁਥਾਜੀ ਹੋਵੇ

............

ਇਸ ਆਜ਼ਾਦ ਫਿਜ਼ਾ ਦੇ ਅੰਦਰ
ਮੈਂ ਇਕ ਦੁਨੀਆਂ ਨਵੀਂ ਵਸਾਂ
ਛਡਦੇ ਛਡ ਦੇ ਮੇਰੀ ਬਾਂਹ
ਮੈਂ ਨਹੀਂ ਰਹਿਣਾ ਤੇਰੇ ਗਿਰਾਂ

ਮੈਂ ਇਥੇ ਰੱਬ, ਧਰਮ ਅਤੇ ਫਿਰਕਾਪ੍ਰਸਤੀ ਬਾਰੇ ਪੰਜਾਬੀ ਦੇ ਨਵੇਕਲੀ ਸੁਰ ਵਾਲੇ ਸਵਰਗੀ ਕਵੀ ਦਰਸ਼ਨ ਸਿੰਘ ਆਵਾਰਾ ਦੀ ਪੁਸਤਕ 'ਬਾਗੀ' (ਜੋ 1941 ਵਿਚ ਰਚੀ ਗਈ ਸੀ) ਵਿਚੋਂ ਕੁਝ ਹਵਾਲੇ ਦੇਣਾ ਚਾਹਾਂਗਾ : ਕੁਝ ਹਵਾਲੇ ਪੁਸਤਕ ਦੇ ਮੁਖ ਬੰਦ ਵਿਚੋਂ ਅਤੇ ਕੁਝ ਕਵਿਤਾਵਾਂ ਵਿਚੋਂ ਹਨ :—

"ਸਾਡੇ ਸਮਾਜਕ ਜੀਵਨ ਦੀ ਤਸਵੀਰ ਇਤਨੀ ਡਰਾਉਣੀ ਤੇ ਨਿਰਾਸ਼ਤਾ ਭਰਪੂਰ ਹੈ ਕਿ ਇਸ ਵੱਲ ਨਜ਼ਰ ਭਰਕੇ ਵੀ ਵੇਖਿਆ ਨਹੀਂ ਜਾ ਸਕਦਾ, ਬਿਲਕੁਲ ਬਿਆਨ ਕੀਤੇ ਨਰਕਾਂ ਦਾ ਨਮੂਨਾ ..... ਕਿਸੇ ਮਸਜਿਦ ਅੱਗੋਂ ਲੰਘਦੇ ਹੋਏ ਵਾਜੇ ਤੋਂ, ਕਿਸੇ ਮੁਹੱਰਮ ਦੇ ਜਲੂਸ ਤੋਂ, ਕਿਸੇ ਇਨਸਾਨ ਦੇ ਲਿਬਾਸ ਵਿਚ ਲੁਕੇ ਹੋਏ ਬਘਿਆੜ ਦੀ ਸੀਨਾ ਸਾੜਦੀ ਲਿਖਤ ਜਾਂ ਤਕਰੀਰ ਤੋਂ, ਕਿਸੇ ਵੇਲੇ ਵੀ ਸੁੱਤਿਆਂ- ਜਾਗਦਿਆਂ ਕੋਈ ਅਜੇਹਾ ਫਸਾਦ ਸ਼ੁਰੂ ਹੋ ਸਕਦਾ ਹੈ, ਕਿ ਗਲੀ ਪਿੰਡ, ਸ਼ਹਿਰ ਮੁਲਕ ਸਗੋਂ ਦੇਸ਼ ਭਰ ਦਾ ਅਮਨ ਹੀ ਇਕ ਦਮ ਡੋਲ ਸਕਦਾ ਹੈ — ਅੱਗਾਂ ਲਗ ਸਕਦੀਆਂ ਹਨ — ਅਣਡੋਲ ਰਾਹ ਜਾਂਦਿਆਂ ਦੇ ਢਿੱਡਾਂ ਵਿਚ ਛੁਰੇ ਖੋਭੇ ਜਾ ਸਕਦੇ ਨੇ — ਗਵਾਂਢੀ ਵੈਰੀ ਬਣ ਸਕਦੇ ਨੇ। ਕਿਉਂ ? ਇਸ ਵਾਸਤੇ ਕਿ ਰੱਬ ਦੀ ਭੇਜੀ ਹੋਈ ਕਿਤਾਬ ਦਾ ਹਵਾਲਾ ਦੇ ਕੇ ਕਿਹਾ ਜਾ ਸਕਦਾ ਹੈ ਕਿ "ਫਲਾਣੇ ਮਲੇਛ ਨੇ ਉਹ ਕਾਫਰ ਨੇ।' .... ਸਾਡੇ ਅਖਲਾਕ ਦੀ ਮੰਡੀ ਵਿਚ ਚਲ ਰਹੇ ਸਿੱਕਿਆਂ ਵਿਚ ਕੋਈ ਖਰਾ ਸਿੱਕਾ ਦੇਖਣ ਲਈ ਅੱਖੀਆਂ ਤਰਸ ਰਹੀਆਂ ਹਨ ...... ਘੱਟ ਤੋਲਕੇ ਦੇਣਾ, ਪਾਸਕ ਵਾਲੀ ਤੱਕੜੀ ਰਖਣੀ ਤਾਂ ਪਾਪ ਨਹੀਂ, ਸਵੇਰੇ ਮੂੰਹ-ਭਾਖਰੇ ਗੁਰਦੁਆਰੇ ਨਾ ਜਾਣਾ ਪਾਪ ਹੈ। ..... ਵੱਢੀ ਲਈ ਜਾਓ, ਦਿਲ ਤੋੜੀ ਜਾਓ, ਹਕਦਾਰਾਂ ਦੇ ਹੱਕ ਮਾਰੀ ਜਾਓ, .... ਇਨਸਾਫ ਦੇ ਗਲੇ ਤੇ ਛੁਰੀ ਰੱਖੋ, ਜ਼ੁਬਾਨ ਬੇਕਾਬੂ ਹੈ ਤਾਂ ਬੇਸ਼ਿਕ ਪਈ ਹੋਵੇ, ਪਰ ਤੁਸੀਂ ਮੰਦਰ ਜ਼ਰੂਰ ਜਾਂਦੇ ਹੋਵੋ, ਤੁਸੀਂ ਨਮਾਜ਼ਾਂ ਨੂੰ ਖੁੰਝਣ ਨਾ ਦਿਓ, ਵੱਢੀ ਦੀ ਲੁੱਟ, ਵਿਚੋਂ ਦਸਵੰਧ ਜਾਂ ਜ਼ਕਾਤ ਜ਼ਰੂਰ ਕੱਢ ਛਡਿਆ ਕਰੋ — ਜ਼ਿੰਦਗੀ ਵਿਚ ਇਕ ਅੱਧ ਵਾਰ ਤੀਰਥ-ਅਸ਼ਨਾਨ ਅਤੇ ਹੱਜ ਕਰ ਆਵੋ, ਕਦੇ ਕਦੇ ਅਖੰਡਪਾਠ ਤੇ ਹਵਨ ਵੀ, ਤੁਹਾਡੀ ਜ਼ਿੰਦਗੀ ਦਾ ਹਿਸਾ ਬਣੇ ਰਹਿਣ, ਕਿਸੇ ਗੁਰਦੁਆਰੇ ਮੰਦਰ ਜਾਂ ਸਰਾਂ ਦੇ ਨਾਲ ਇਕ ਸੰਗਮਰਮਰ ਦੀ ਸਿੱਲ ਵਾਲੀ ਕੋਠੜੀ ਜ਼ਰੂਰ ਬਣਵਾ ਦਿਓ — ਫੇਰ ਤੁਹਾਡੇ ਉੱਤੇ ਰਬ ਵੀ ਰਾਜ਼ੀ ਤੇ ਪੀਰ ਪੈਗੰਬਰ ਵੀ ਖੁਸ਼ — ਮੁਕਤੀ ਦੇ ਹੱਕਦਾਰ ਵੀ ਤੁਸੀਂ ਕਰਾਰ ਦਿਤੇ ਜਾਓਗੇ ..... ਬਨਾਉਟੀ ਮਜ਼ਹਬ ਦੀ ਮੁਰਦਾ ਲਾਸ਼ ਦੀ ਗੱਲ ਤਾਂ ਛੇੜੋ ਹੀ ਨਾ। ਇਸਨੇ ਉਹ ਸੜਾਂਦ ਛੱਡੀ ਹੋਈ ਹੈ ਕਿ ਇਸਦੇ ਬੁਰੇ ਅਸਰ ਤੋਂ ਸਾਡੇ ਜੀਵਨ ਦਾ ਕੋਈ ਅੰਗ ਵੀ ਬਚਿਆ ਹੋਇਆ ਨਹੀਂ। ਗਰੀਬਾਂ ਦੇ ਟੁਕੜਿਆਂ ਨੂੰ ਸਹਿਕਦੇ ਮੂੰਹਾਂ ਵਿਚੋਂ ਬੁਰਕੀਆਂ ਕੱਢਕੇ ਰੱਬ ਦੇ ਏਜੰਟਾਂ ਦੀਆਂ ਬੇਲਰ ਜਿੱਡੀਆਂ ਗੋਗੜਾਂ ਦਾ ਬਾਲਣ ਬਣਾਇਆ ਜਾ ਰਿਹਾ ਹੈ. ਮਜ਼ਹਬ ਦੇ ਨਾਂ ਉਤੇ ਜੀਵਨ ਨੂੰ ਹੱਸਣੋਂ, ਖਿੜਨੋਂ ਤੇ ਤਿੱਖਾ ਤੁਰਨੋਂ ਮਨ੍ਹਾ ਕੀਤਾ ਜਾ ਰਿਹਾ ਹੈ — ਦੋਜ਼ਖਾਂ ਤੇ ਕੁੰਭੀ ਨਰਕਾਂ ਦੇ ਹਊਏ ਦੱਸਕੇ, ਕਾਮਿਆਂ ਅਤੇ ਮਜ਼ਦੂਰਾਂ ਦੀਆਂ ਸੁੰਗੜੀਆਂ ਹੋਈਆਂ ਨਾੜਾਂ ਦਾ ਖੂਨ ਹੋਰ ਨਿਚੋੜਿਆ ਜਾ ਰਿਹਾ ਹੈ। 'ਅਵਾਰਾ' ਜੀ ਦੀਆਂ ਕੁਝ ਕਵਿਤਾਵਾਂ ਵਿਚੋਂ ਹਵਾਲੇ :

ਮੈਂ ਉਸ ਖੁਦਾ ਤੋਂ ਬਾਗੀ ਹਾਂ
ਜਿਹੜਾ ਸਜਦੇ ਵਿਚ ਹਰ ਵੇਲੇ ਹੀ
ਗੋਡੇ ਰਗੜਾਉਣਾ ਚਾਹੁੰਦਾ ਹੈ
ਡਰ ਪਾ ਕੇ ਨਰਕੀ ਅੱਗਾਂ ਦੇ
ਮਿੰਨਤਾਂ ਕਰਵਾਉਣਾ ਚਾਹੁੰਦਾ ਹੈ,
ਦਸ ਦਸ ਕੇ ਰੋਹਬ 'ਚੁਰਾਸੀ' ਦੇ
ਕੋਈ ਧੌਂਸ ਜਮਾਣਾ ਚਾਹੁੰਦਾ ਹੈ।

ਮੈਂ ਉਸ ਮੰਦਰ ਤੋਂ ਬਾਗੀ ਹਾਂ
ਜਿੱਥੇ ਪੱਥਰ ਦੇ ਇਕ ਬੁੱਤ ਅਗੇ
ਸਮਗਰੀ ਕੁਝ ਖਿਲਾਰੀ ਹੈ
ਇਕ ਪੋਥੀ ਹੈ ਇਕ ਟੱਲੀ ਹੈ
ਨਾਲ ਇਕ ਖੁਦਗਰਜ਼ ਪੁਜਾਰੀ ਹੈ
ਜਿਹੜਾ ਭਗਤਾਂ ਵਿਚ ਇਉਂ ਦਿਸਦਾ ਏ
ਜਿਉਂ ਮਜ਼ਮੇਂ ਵਿਚ ਮਦਾਰੀ ਏ।
ਮੈਂ ਆਕੀ ਹਾਂ, ਮੈਂ ਉਸ ਮਜ਼ਹਬ ਤੋਂ ਬਾਗੀ ਹਾਂ
ਜਿਹੜਾ ਸੱਕੇ ਵਤਨੀ ਵੀਰਾਂ ਨੂੰ
ਵੱਖ ਵੱਖ ਰਹਿਣਾ ਸਿਖਾ ਦੇਵੇ
ਕਦੇ ਬਾਗਾਂ ਤੋਂ ਕਦੇ ਵਾਜੇ ਤੋਂ
ਡਾਂਗਾ ਸੋਟੇ ਖੜਕਾ ਦੇਵੇ
ਵਿਚ ਰੱਬ ਨੂੰ ਜ਼ਾਮਨ ਰੱਖਕੇ ਤੇ
ਜਿਹੜਾ ਢਿੱਡ ਵਿਚ ਛੁਰਾ ਖੁਭਾ ਦੇਵੇ।

ਅਵਾਰਾ ਜੀ ਨੇ ਆਪਣੀ ਨਜ਼ਮ 'ਬੰਦਾ ਮਜ਼ਹਬ ਨੂੰ' ਵਿਚ ਮਜ਼ਹਬ ਦੇ ਲੋਕ-ਵਿਰੋਧੀ ਪ੍ਰਭਾਵ ਨੂੰ ਇਵੇਂ ਬਾਖੂਬੀ ਪ੍ਰਗਟਾਇਆ ਹੈ :

............

............

ਤੂੰ ਜਜ਼ਬੇ ਕੁਚਲੇ ਕਈ ਕਾਰਾਂ ਪਾ ਕੇ
ਅਰਮਾਨ ਨਪੀੜੇ, ਕਈ ਨਰਕ ਵਿਖਾਕੇ
ਤੂੰ ਤੁਰਦਾ ਜੀਵਨ ਵਹਿਮਾਂ ਵਿਚ ਪਾਇਆ
ਤੂੰ ਉਡਦੀ ਰੂਹ ਨੂੰ ਵਹਿਮਾਂ ਵਿਚ ਪਾਇਆ
ਹਰ ਵਹਿਮ ਤੇ ਲਾਈ ਇਕ ਮੁਹਰ ਖੁਦਾਈ
ਹਰ ਭਰਮ ਨੂੰ ਦੱਸਿਆ ਇਕ ਹੁਕਮ-ਇਲਾਹੀ।
ਤੇਰੇ ਜ਼ੁਲਮ ਦੇ ਹੱਥੋਂ ਇਖਲਾਕ ਹੈ ਰੋਂਦਾ
ਇਨਸਾਨ ਹੈ ਔਖਾ ਇਤਫਾਕ ਹੈ ਰੋਂਦਾ
ਸਾਹ ਪਿਆਰ ਨੇ ਘੁੱਟਿਆ ਤੇਰੇ ਫਤਵੇ ਤੋਂ ਡਰਕੇ
ਰਹਿ ਗਈਆਂ ਸਾਂਝਾਂ ਆਹ ਠੰਡੀ ਭਰਕੇ

'ਮਜ਼ਹਬ-ਬੰਦੇ ਨੂੰ' ਨਜ਼ਮ ਵਿਚ 'ਅਵਾਰਾ' ਜੀ ਨੇ ਧਰਮ ਅਤੇ ਅੰਧ ਵਿਸ਼ਵਾਸ਼ ਨੂੰ ਇਵੇਂ ਨੰਗਿਆ ਕੀਤਾ ਹੈ :

ਇਹ ਮੰਦਰ ਮਸਜਦ, ਇਹ ਠਾਕਰ ਦੁਆਰੇ
ਇਹ ਪੰਡਿਤ ਮੁੱਲਾਂ ਇਹ ਭਾਈ ਸਾਰੇ
ਇਹ ਸ਼ੂਦਰ ਬ੍ਰਾਹਮਣ ਇਹ ਛੂਤਾਂ ਛਾਤਾਂ
ਇਹ ਉਚਾ ਨੀਵਾਂ ਇਹ ਜਾਤਾਂ ਪਾਤਾਂ
ਗ੍ਰਹਿ ਦਿਸ਼ਾ, ਨਛੱਤਰ, ਇਹ ਡੁੱਬਦੇ ਤਾਰੇ
ਇਹ ਸ਼ਗਨ ਮਹੂਰਤ ਇਹ ਵਹਿਮ ਪਸਾਰੇ
ਇਹ ਬਾਗਾਂ, ਵਾਜੇ ਇਹ ਵੈਰ ਪਲੀਤੇ
ਤੇਰੇ ਆਹਲਸ ਨੇ ਹਨ ਪੈਦਾ ਕੀਤੇ
ਤੇਰੇ ਪੈਰਾਂ ਅੰਦਰ ਹਨ ਜਿਹੜੀਆਂ ਕੜੀਆਂ
ਇਹ ਤੇਰੇ ਹੱਥਾਂ, ਹਨ ਆਪੇ ਘੜੀਆਂ
ਇਹ ਰਸਮਾਂ ਰੀਤਾਂ ਇਹ ਗੋਰਖ ਧੰਦੇ
ਤੁਧ ਆਪੇ ਗੁੰਦੇ, ਇਹ ਫਾਹੀਆਂ ਫੰਦੇ

............

............

ਇਵੇਂ ਪ੍ਰਗਤੀਵਾਦੀ ਧਾਰਾ ਵਾਲੇ ਲੇਖਕਾਂ ਅਤੇ ਚਿੰਤਕਾਂ ਨੂੰ ਕਵਿਤਾ, ਕਹਾਣੀਆਂ ਨਾਟਕਾਂ ਅਤੇ ਨਾਵਲਾਂ ਵਿਚ ਰੱਬ ਅਤੇ ਧਰਮ ਬਾਰੇ ਪਾਠਕਾਂ ਅਤੇ ਆਵਾਮ ਦੇ ਮਨ ਵਿਚ ਗੰਭੀਰ ਸਵਾਲਾਂ ਦੀ ਅਜੇਹੀ ਲੜੀ ਸ਼ੁਰੂ ਕਰਕੇ ਉਨ੍ਹਾਂ ਨੂੰ ਬੁਨਿਆਦੀ ਰੂਪ ਵਿਚ ਤਰਕਸ਼ੀਲ ਅਤੇ ਯਥਾਰਥਵਾਦੀ ਜ਼ਰੂਰ ਬਨਾਉਣਾ ਚਾਹੀਦਾ ਸੀ। ਖੱਬੀ ਧਿਰ ਵਾਲੇ ਲੋਕ ਘੱਟੋ-ਘੱਟ ਅਜੇਹੇ ਪਰੋਗਰਾਮ ਤੋਂ ਜ਼ਰੂਰ ਇਕੱਠੇ ਹੋ ਕੇ ਸਕਦੇ ਸਨ। ਪਰ ਦੁਖਾਂਤ ਇਹ ਹੈ ਕਿ ਹੋਏ ਨਹੀਂ। ਮਾਰਕਸਵਾਦੀ ਅਤੇ ਵਿਗਿਆਨਕ ਵਿਚਾਰਧਾਰਾ ਦੇ ਪ੍ਰਭਾਵ ਅਤੇ ਪ੍ਰਚਾਰ ਨਾਲ ਸੰਸਾਰ ਦੇ ਕਈ ਸਮਾਜਾਂ ਵਿਚ 'ਸਮਾਜਵਾਦੀ ਪੁਰਖ' ਜਾਂ 'ਨਵਾਂ ਮਨੁੱਖ' ਸਿਰਜਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਸਾਡਾ ਧਰਮਾਂ, ਜਾਤਾਂ ਅਤੇ ਅੰਧ ਵਿਸ਼ਵਾਸ਼ ਦਾ ਮਾਰਿਆ ਸਮਾਜ ਅਜੇ ਤਕ ਤਰਕਵਾਦੀ ਮਨੁੱਖ ਵੀ ਪੈਦਾ ਨਹੀਂ ਕਰ ਸਕਿਆ ਹੁਣ ਆਓ ਪੰਜਾਬੀ ਲੇਖਕਾਂ ਅੰਦਰ ਤਰਕ ਸ਼ਾਸ਼ਤਰ ਅਤੇ ਪਦਾਰਥਵਾਦੀ ਸੋਚ ਦੇ ਵਿਕਾਸ ਦਾ ਸੰਖੇਪ ਜਿਹਾ ਜਾਇਜ਼ਾ ਲਈਏ।

ਜਦੋਂ ਅਸੀਂ ਕਿਸੇ ਵਿਅਕਤੀ ਦੇ ਤਰਕਵਾਦੀ ਜਾਂ ਪਦਾਰਥਵਾਦੀ ਹੋਣ ਦੀ ਗੱਲ ਕਰਦੇ ਹਾਂ ਤਾਂ ਅਸੀਂ ਅਸਲ ਵਿਚ ਉਸਦੇ ਸਮਾਜ ਅਤੇ ਇਤਿਹਾਸ ਪ੍ਰਤੀ ਪਦਾਰਥਵਾਦੀ ਨਜ਼ਰੀਏ ਦੀ ਹੀ ਗੱਲ ਕਰ ਰਹੇ ਹੁੰਦੇ ਹਾਂ। ਪੰਜਾਬ ਵਿਚ ਸਾਡੇ ਬਹੁਤ ਸਾਰੇ ਕ੍ਰਾਂਤੀਕਾਰੀ ਕਾਵੀ ਕਹਾਣੀਕਾਰ ਅਤੇ ਬੁਧੀਜੀਵੀ ਵੀ ਅਜੇ ਬੁਨਿਆਦੀ ਰੂਪ ਵਿਚ ਪੁਰਾਤਨਪੰਥੀ ਧਾਰਮਕਤਾ ਅਤੇ ਤੁਅੱਸਬਪੁਣੇ ਤੋਂ ਪਿਛਾ ਨਹੀਂ ਛੁਡਾ ਸਕੇ। ਜ਼ਰਾ ਸੋਚੋ ਪੰਜਾਬੀ ਦੇ ਕਿੰਨੇ ਕੁ ਲੇਖਕ ਜਾਂ ਪਾਠਕ ਹਨ ਜਿਨ੍ਹਾਂ ਨੇ ਸੰਸਾਰ ਦੇ ਤਰਕ-ਸ਼ਾਸ਼ਤਰੀਆਂ ਅਤੇ ਪਦਾਰਥਵਾਦੀਆਂ ਚਿੰਤਕਾਂ ਦਾ ਗੰਭੀਰ ਅਧਿਅਨ ਕੀਤਾ ਹੋਵੇ ? ਕੀ ਕਦੀ ਪੰਜਾਬੀ ਦੇ. ਮਾਰਕਸਵਾਦੀ ਚਿੰਤਕਾਂ ਅਤੇ ਲੇਖਕਾਂ ਨੇ ਪੰਜਾਬੀ ਦੇ ਨਵੇਂ ਲੇਖਕਾਂ ਅਤੇ ਪਾਠਕਾਂ ਨੂੰ ਇਹ ਸਪਸ਼ਟ ਕੀਤਾ ਹੈ ਕਿ ਯੂਨਾਨ ਦਾ ਆਦਿ ਵਿਦਵਾਨ ਅਤੇ ਦਾਰਸ਼ਨਿਕ ਥੇਲਜ਼ ਤਰਕਵਾਦੀ (ਅਰਥਾਤ ਨਾਸਤਕ) ਸੀ ਅਤੇ ਭਾਰਤ ਦਾ ਆਦਿ ਵਿਦਵਾਨ ਅਤੇ ਚਿੰਤਕ ਕਪਿਲ ਮੁਨੀ ਵੀ ਤਰਕਵਾਦੀ ਹੀ ਸੀ। ਪੰਜਾਬੀ ਵਿਚ ਕਿੰਨੇ ਕੁ ਲੇਖਕ ਅਤੇ ਬੁਧੀਜੀਵੀ ਹਨ ਜਿਨ੍ਹਾਂ ਨੇ ਸਾਹਿਤ ਰਚਨਾ ਅਤੇ ਅਲੋਚਨਾ ਵਿਚ ਨਿਰੋਲ ਪਦਾਰਥਵਾਦੀ ਜਾਂ ਤਰਕਵਾਦੀ ਸਮਝ ਦਾ ਪੱਖ ਲਿਆ ਹੋਵੇ ? ਭਾਰਤੀ ਦਰਸ਼ਨ ਦੇ ਇਤਿਹਾਸ ਅੰਦਰ ਕਪਿਲ ਮੁਨੀ, ਚਾਰਵਾਕ ਅਤੇ ਮਹਾਤਮਾ ਬੁੱਧ ਵਰਗੇ ਮਹਾਨ ਤਰਕਵਾਦੀ ਚਿੰਤਕ ਪੈਦਾ ਹੋਏ ਹਨ, ਪ੍ਰੰਤੂ ਵਿਹਲੜ ਅਤੇ ਪਿਛਾਖੜੀ ਹਿੰਦੂ ਬ੍ਰਾਹਮਣਵਾਦ ਨੇ ਸਮਾਜ ਵਿਚ ਇਨ੍ਹਾਂ ਨੂੰ ਕਦੇ ਵੀ ਸਨਮਾਨਯੋਗ ਥਾਂ ਨਹੀਂ ਦਿਤੀ। ਇਸੇ ਕਰਕੇ ਇਹਨਾਂ ਮਹਾਨ ਤਰਕ ਸ਼ਾਸ਼ਤਰੀਆਂ ਦੀ ਵਿਚਾਰਧਾਰਾ ਭਾਰਤੀ ਦਰਸ਼ਨ ਦੇ ਇਤਿਹਾਸ ਅੰਦਰ ਇਕ ਲਹਿਰ ਬਣਕੇ ਕਦੇ ਨਹੀਂ ਉਭਰ ਸਕੀ, ਜਿਵੇਂ ਕਿ ਯੂਨਾਨ ਦੇ ਸੁਕਰਾਤ, ਅਰਸਤੂ, ਡੈਮੋਕਰਾਇਟਸ ਅਤੇ ਹੇਰਾਕਰਾਈਟਸ ਵਰਗੇ ਦਰਸ਼ਨ ਸ਼ਾਸ੍ਤਰੀਆਂ ਦਾ ਪਦਾਰਥਵਾਦੀ ਫਲਸਫਾ ਇਤਿਹਾਸ ਵਿਚ ਇਕ ਸ਼ਕਤੀਸ਼ਾਲੀ ਲਹਿਰ ਅਤੇ ਪਰੰਪਰਾ ਬਣਕੇ ਉਭਰਿਆ ਸੀ

ਅਤੇ ਮਕਾਰ ਬ੍ਰਾਹਮਣਵਾਦੀ ਸੰਸਥਾ ਨੇ ਭਾਰਤ ਦੀ ਧਰਤੀ ਤੇ ਪਦਾਰਥਵਾਦੀ ਦਰਸ਼ਨ ਸ਼ਾਸ਼ਤਰ ਦੇ ਕਦੇ ਵੀ ਪੈਰ ਨਹੀਂ ਲੱਗਣ ਦਿੱਤੇ, ਇਸੇ ਕਰਕੇ ਸਾਡੇ ਲੋਕ ਅੰਨੀ ਧਾਰਮਕਤਾ ਅਤੇ ਜਹਾਲਤ ਦੇ ਜੰਗਲ ਵਿਚ ਭਟਕਦੇ ਹੋਏ, ਧਰਮ ਦੇ ਨਾਂ ਤੇ ਇਕ ਦੂਸਰੇ ਦੇ ਗਲੇ ਕਟਦੇ ਹੋਏ ਆਦਿ ਕਾਲੀਨ ਮਨੁੱਖ ਦੇ ਪੱਧਰ ਤੇ ਹੀ ਵਿਚਾਰ ਰਹੇ ਹਨ। ਸੰਸਾਰ ਦਰਸ਼ਨ ਸ਼ਾਸ਼ਤਰ ਦਾ ਅਧਿਅਨ ਸਾਨੂੰ ਇਹ ਦਸਦਾ ਹੈ ਕਿ ਸਮਾਜ ਵਿਚ ਫਲਸਫੇ ਦੀ ਉਤਪਤੀ ਅਤੇ ਆਰੰਭ ਸਮਾਜ ਅਤੇ ਕੁਦਰਤ ਦੇ ਵਰਤਾਰਿਆਂ ਨੂੰ ਪਦਾਰਸਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਨਾਲ ਹੀ ਹੋਇਆ ਸੀ ਸੋ ਸਾਨੂੰ ਕਲਾਕਾਰਾਂ ਅਤੇ ਲੇਖਕਾਂ ਨੂੰ ਆਪਣੇ ਲੋਕਾਂ ਵਿਚ ਗਰਜਵੀਂ ਆਵਾਜ਼ ਵਿਚ ਭਾਰਤ ਦੇ ਮਹਾਨ ਤਰਕਵਾਦੀ ਐਮ. ਐਨ. ਰਾਇ ਦੇ ਇਹ ਵਿਚਾਰ ਦੁਹਰਾਉਣੇ ਪੈਣਗੇ, "ਨਿਸ਼ਚਿਤ ਰੂਪ ਵਿਚ ਪਦਾਰਥਵਾਦ ਹੀ ਦਰਸ਼ਨ ਸ਼ਾਸ਼ਤਰ ਹੈ ... ਸੰਸਾਰ ਵਿਚ ਦਰਸ਼ਨ ਸ਼ਾਸ਼ਤਰ ਦੇ ਪਿਤਾਮਾ ਸਚਮੁਚ ਹੀ ਪਦਾਰਥਵਾਦੀ ਸਨ — ਪੁਰਾਤਨਪੰਥੀ ਮਨੁੱਖ ਦਾ ਧਰਮ ਕਿਸੇ ਵੀ ਕਿਸਮ ਦੇ ਅਧਿਆਤਮਵਾਦੀ ਸਿਧਾਂਤ ਤੋਂ ਬਿਲਕੁਲ ਕੋਰਾ ਸੀ ....।" ਆਪਣੀ ਪੀੜ੍ਹੀ ਦੇ ਲੇਖਕਾਂ ਨੂੰ ਮੇਰੀ ਇਹੋ ਸਨਿਮਰ ਬੇਨਤੀ ਹੈ ਕਿ ਉਹ ਸੰਸਾਰ ਦੇ ਮਹਾਨ ਤਰਕਸ਼ਾਸ਼ਤਰੀਆਂ ਦੀਆਂ ਲਿਖਤਾਂ ਦਾ ਅਧਿਅਨ ਕਰਦਿਆਂ ਧਰਮ ਅਤੇ ਪਰਲੋਕਵਾਦ ਦੇ ਪ੍ਰਸ਼ਨਾਂ ਬਾਰੇ ਸਪਸ਼ਟ ਸਟੈਂਡ ਲੈਣ। ਸਾਨੂੰ ਲੋਕਾਂ ਵਿਚ ਧਰਮ ਅਤੇ ਰੱਬ ਬਾਰੇ ਹੇਠ ਲਿਖੇ ਵਿਚਾਰ ਵਾਰ ਵਾਰ ਦੁਹਰਾਉਣੇ ਪੈਣਗੇ ਕਿ :

"ਧਰਮ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਕ ਸਚਾਈ, ਅਕਲਮੰਦ ਲੋਕਾਂ ਦੀਆਂ ਨਜ਼ਰਾਂ ਵਿਚ ਇਕ ਝੂਠ ਅਤੇ ਹਾਕਮਾਂ ਦੀਆਂ ਨਜ਼ਰਾਂ ਵਿਚ ਇਕ ਫਾਇਦੇਮੰਦ ਚੀਜ਼ ਹੈ।"(—ਸਨੇਕਾ)

"ਸਵਰਗ ਦੇ ਲਾਰਿਆਂ (ਚਮਤਕਾਰਾਂ) ਨਾਲੋਂ ਕਿਸੇ ਲੁੱਚੇ-ਬਦਮਾਸ਼ ਦਾ ਮੁਜ਼ਰਮਾਨਾ ਵਿਚਾਰ ਵੀ ਕਿਤੇ ਜ਼ਿਆਦਾ ਅਜ਼ੀਮ ਅਤੇ ਬੁਲੰਦ ਹੈ।" (ਹੀਗਲ)) ਮਹਾਨ ਕਾਰਲ ਮਾਰਕਸ ਇਹ ਵਿਚਾਰ ਆਪਣੇ ਜੀਵਨ ਵਿਹਾਰ ਵਿਚ ਅਕਸਰ ਹੀ ਦੁਹਰਾਉਂਦਾ ਰਹਿੰਦਾ ਸੀ।

ਸੰਸਾਰ ਦੀਆਂ ਮਹਾਨ ਕਲਾਸਕੀ ਕਲਾਂ ਕਿਰਤਾਂ ਸਾਹਿਤਕ ਪ੍ਰਾਪਤੀਆਂ ਅਤੇ ਦਰਸ਼ਨ ਸ਼ਾਸ਼ਤਰ ਦੇ ਅਧਿਅਨ ਨੇ ਇਕ ਵਿਅਕਤੀ ਦੀ ਕਾਇਆ ਕਲਪ ਕਰਨੀ ਹੁੰਦੀ ਹੈ। ਇਹਨੇ ਇਕ ਅਜੇਹੇ ਪੁਰਖ ਦੀ ਸਿਰਜਣਾ ਕਰਨੀ ਹੈ ਜੋ ਕ੍ਰਾਂਤੀਕਾਰੀ ਵਿਸ਼ਵ ਦ੍ਰਿਸ਼ਟੀਕੋਣ ਅਪਨਾਉਣ ਦੇ ਯੋਗ ਹੋ ਸਕੇ। ਸੰਸਾਰ ਦੇ ਮਹਾਨ ਲੇਖਕਾਂ ਅਤੇ ਦਾਰਸ਼ਨਿਕਾਂ ਦੀ ਮਹਾਨਤਾ ਇਸੇ ਗਲ ਵਿਚ ਹੈ ਕਿ ਉਹ ਕਿਸੇ ਵੀ ਵਿਸ਼ੇਸ਼ ਧਰਮ ਫਿਰਕੇ ਜਾਂ ਨਸਲ ਦੇ ਪੱਖਪਾਤ ਦਾ ਸ਼ਿਕਾਰ ਕਦੇ ਨਹੀਂ ਹੋਏ — ਉਨ੍ਹਾਂ ਦੇ ਸਾਹਮਣੇ ਸਮੁੱਚੀ ਮਾਨਵਤਾ ਦੇ ਕਲਿਆਣ ਦਾ ਉਦੇਸ਼ ਬਿਲਕੁਲ ਸਪਸ਼ਟ ਸੀ ਅਤੇ ਉਹ ਇਸੇ ਸਿਧਾਂਤ ਨਾਲ ਅਖੀਰ ਤਕ ਖੜੇ ਰਹੇ — ਤਾਲਸਤਾਏ, ਗੋਰਕੀ, ਅਰਸਤੂ, ਰੂਸੋ, ਪਲੈਖਾਨੋਵ, ਹੀਗਲ, ਮਾਓ ਅਸਤਰੋਵਸਕੀ ਰਾਹੁਲ ਸੰਕਰਤਾਇਨ ਵਰਗੇ ਅਜਿਹੇ ਹੀ ਲੇਖਕ ਅਤੇ ਦਾਰਸ਼ਨਿਕ ਹਨ। ਪ੍ਰੰਤੂ ਪੰਜਾਬ ਵਿਚ ਉਠੀ ਫਿਰਕੂ ਹਨੇਰੀ ਦੇ ਦੌਰਾਨ ਪੰਜਾਬੀ ਦੇ ਕਈ ਮੰਨੇ-ਪ੍ਰਮੰਨੇ ਅਗਾਂਹਵਧੂ ਲੇਖਕ ਵੀ ਮੁੜ ਧਰਮ ਦੀਆਂ ਤੰਗ ਵਲਗਣਾਂ ਵਿਚ ਫਿਰ ਗਏ ਹਨ — ਕਈ ਲੇਖਕ ਤਾਂ ਅਕਾਲੀਆਂ ਦੇ ਧਰਮ ਯੁੱਧ ਮੋਰਚੇ ਅਤੇ ਸੰਤਾਂ ਬਾਬਿਆਂ ਦਾ ਗੁਣ ਗਾਣ ਵੀ ਕਰਨ ਲਗੇ ਪਏ ਅਤੇ ਧਰਮ ਯੁੱਧ ਮੋਰਚੇ ਨੂੰ ਪੰਜਾਬ ਦੇ ਲੋਕਾਂ ਦੀ ਮੁਕਤੀ ਦਾ ਇਕੋ ਇਕ ਰਾਹ ਦੱਸਣ ਦਾ ਵੀ ਪ੍ਰਚਾਰ ਕਰਨ ਲਗ ਪਏ। ਭਾਰਤੀ ਹਾਕਮ ਜਮਾਤ ਅਤੇ ਸਾਮਰਾਜੀ ਤਾਕਤਾਂ ਨੇ ਆਪਣੇ ਸੌੜੇ ਸਿਆਸੀ ਹਿਤਾਂ ਦੀ ਖਾਤਰ ਸਮੇਂ ਸਮੇਂ ਕਈ ਕਿਸਮ ਦੇ ਸੰਤ ਅਤੇ ਬਾਬੇ ਪੈਦਾ ਕਰਕੇ ਲੋਕਾਂ ਵਿਚ ਧਾਰਮਕ ਜਨੂੰਨ ਵਖਵਾਦ ਅਤੇ ਫਿਰਕਾਪ੍ਰਸਤੀ ਨੂੰ ਪੁਨਰ

ਬਾਕੀ ਪੰਨਾ 17 ਤੇ


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................................
Address......................................................
City............................................................
Province......................................................
Postal code..................................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA........................... | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa ......................... | 100 dollars [a year] |



# BUYING & SELLING

Farms—Home—Lots

& Commercial Properties

Bus. 877-1138

Pager 667-0868



KULDIP [KAL] RANGI

BEST CHOICE REALTY LTD.

1331 Kingsway, Vancouver, B.C. V5V 3E3

(24 HRS) PHONE: 877-1138

RES: 278-8320

ਪੰਨਾ 16 ਦੀ ਬਾਕੀ

ਸੁਰਜੀਤ ਕੀਤਾ — ਸਵਾਲ ਤਾਂ ਇਹ ਹੈ ਕਿ ਕੀ ਲੋਕ-ਪੱਖੀ ਲੇਖਕਾਂ ਨੂੰ ਵੀ ਇਨ੍ਹਾਂ ਸੰਤਾਂ ਬਾਬਿਆਂ ਦੇ ਅਡੰਬਰ ਦਾ ਸ਼ਿਕਾਰ ਹੋ ਜਾਣਾ ਚਾਹੀਦਾ ਸੀ, ਜਿਵੇਂ ਕਿ ਅਗਿਆਨਤਾ ਅਤੇ ਜਹਾਲਤ ਵਿਚ ਭਟਕਿਆ ਹੋਇਆ ਜਨ-ਸਾਧਾਰਣ ਆਮ ਤੌਰ ਤੇ ਹੋ ਜਾਂਦਾ ਹੈ? ਜੇ ਲੇਖਕ ਨੇ ਸਮਾਜ ਵਿਚ ਕੋਈ ਸਾਰਥਕ ਰੋਲ ਅਦਾ ਕਰਨਾ ਹੈ ਤਾਂ ਉਸਨੂੰ ਧਰਮ ਦੁਆਰਾ ਫੈਲਾਈ ਗਈ ਫਾਰਿਗਦਗੀ ਅਤੇ ਵਹਿਸ਼ਤ ਅਤੇ ਲੋਕ-ਪੱਖੀ ਸਾਹਿਤ ਦੇ ਉਦੇਸ਼ ਬਾਰੇ ਸਾਫ ਸਾਫ ਨਿਖੇੜਾ ਕਰ ਲੈਣਾ ਪਏਗਾ। ਜਿਵੇਂ ਸਿਖ ਲਹਿਰ ਭਾਰਤ ਵਿ੍ਚ ਬ੍ਰਾਹਮਣਵਾਦ ਅਤੇ ਮੁਸਲਿਮ ਜਨੂੰਨ ਦੁਆਰਾ ਪੈਦਾ ਹੋਈਆਂ ਬੁਰਾਈਆਂ ਅਤੇ ਨਿਘਾਰ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਹੋਂਦ ਵਿਚ ਆਈ ਸੀ, ਇਹ ਲਹਿਰ ਵੀ ਆਪਣੇ ਯੁੱਗ ਦੇ ਸਮਾਜਕ ਪ੍ਰਬੰਧ ਤੋਂ ਪ੍ਰਭਾਵ ਕਬੂਲੇ ਬਿਨਾਂ ਨਹੀਂ ਸੀ ਰਹਿ ਸਕਦੀ। ਇਹ ਇਕ ਵਿਗਿਆਨਕ ਸਚਾਈ ਹੈ ਕਿ ਸਮਾਜਕ ਪ੍ਰਬੰਧ ਅਤੇ ਵਿਰਸੇ ਤੋਂ ਸਮੁੱਚੇ ਰੂਪ ਵਿਚ ਤੋੜ-ਵਿਛੋੜਾ ਨਹੀਂ ਕਰ ਸਕਦੀ। ਇਸੇ ਕਰਕੇ ਅਸੀਂ ਦੇਖਦੇ ਹਾਂ ਕਿ ਬ੍ਰਾਹਮਣਵਾਦੀ ਸਭਿਆਚਾਰ ਦੇ ਪ੍ਰਭਾਵ ਹੇਠ ਸਿਖ ਧਰਮ ਵਿਚ ਵੀ ਸੰਤਾਂ-ਬਾਬਿਆਂ ਦੀ ਮਿਲੀ ਜੁਲੀ ਇਕ ਵਿਹਲੜ ਪ੍ਰੋਹਤ ਸ਼੍ਰੇਣੀ ਪੈਦਾ ਹੋ ਗਈ ਹੈ। ਹਿੰਦੂ ਬ੍ਰਾਹਮਣਵਾਦ ਦੁਆਰਾ ਪੈਦਾ ਹੋਈ ਪ੍ਰੋਹਤ ਸ਼੍ਰੇਣੀ ਦਾ ਪ੍ਰਚਾਰ ਤਾਂ ਅਜੇ ਮੱਧਮ ਨਹੀਂ ਪਿਆ ਉਧਰ ਸਿਖ ਧਰਮ ਇਹ ਪੈਦਾ ਹੋਈ ਨਵੀਂ ਪਰੋਹਤ ਸ਼੍ਰੇਣੀ ਵੀ ਅਤੇ ਸਾਨੋ ਸ਼ੌਕਤ ਅਧੁਨਿਕ ਪਦਾਰਥਵਾਦੀ ਰੰਗੀਨੀਆਂ ਦਾ ਆਨੰਦ ਮਾਣ ਰਹੀ ਹੈ। ਧਾਰਮਕ ਲੋਕਾਂ ਅਤੇ ਸਿਆਸੀ ਨੇਤਾਵਾਂ ਵਲੋਂ ਇਹਨਾਂ ਨੂੰ ਪੂਰਾ ਇਜ਼ਤ ਮਾਣ ਬਖਸ਼ਿਆ ਅਤੇ ਮਾਇਆ ਦੇ ਗੱਫੇ ਲੁਟਾਏ ਜਾ ਰਹੇ ਹਨ। ਸਿਖ ਭਾਈਚਾਰੇ ਦੇ ਸਰਪ੍ਰਸਤ ਇਹ ਸੰਤ ਅਤੇ ਬਾਬੇ ਅਜ ਵਿਦੇਸ਼ੀ ਕਾਰਾਂ ਅਤੇ ਆਲੀਸ਼ਾਨ ਕੋਠੀਆਂ ਵਿਚ ਅਜੇਹਾ ਸ਼ਾਹੀ ਠਾਠ ਵਾਲਾ ਜੀਵਨ ਬਿਤਾ ਰਹੇ ਹਨ ਜਿਹੋ ਜਿਹਾ ਸ਼ਾਇਦ ਸਿਖ ਰਾਜਿਆਂ ਦੇ ਸ਼ਹਿਜ਼ਾਦਿਆਂ ਅਤੇ ਸ਼ਹਿਜ਼ਾਦੀਆਂ ਨੇ ਵੀ ਨਾ ਬਿਤਾਇਆ ਹੋਵੇ। ਸਿਖੀ ਦੀ ਅਜੇਹੀ ਗਿਰਾਵਟ ਅਤੇ ਵਰਤਾਰੇ ਬਾਰੇ ਵੀ ਲੋਕ-ਪੱਖੀ ਲੇਖਕਾਂ ਨੂੰ ਆਪਣੀਆਂ ਲਿਖਤਾਂ ਵਿਚ ਸਹੀ ਸਹੀ ਵਿਸ਼ਲੇਸ਼ਣ ਕਰਨ ਦੀ ਦਲੇਰੀ ਕਰਨੀ ਪਵੇਗੀ। ਸਿਖ ਸਿਆਸਤ ਦੇ ਸੰਬੰਧ ਵਿਚ ਧਰਮ ਅਤੇ ਸਿਆਸਤ ਨੂੰ ਵਖਰਿਆਂ ਕਰਨ ਦਾ ਮਸਲਾ ਵੀ ਸਾਡੇ ਸਾਹਮਣੇ ਜਿਉਂ ਦਾ ਤਿਉਂ ਮੂੰਹ ਅੱਡੀ ਖੜਾ ਹੈ।

ਜੇ ਪੰਜਾਬੀ ਪੱਤਰਕਾਰਾਂ ਨੂੰ ਵੀ ਲੇਖਕ ਮੰਨ ਲਿਆ ਜਾਵੇ ਤਾਂ ਅਖਬਾਰਾਂ ਅਤੇ ਪੱਤਰਕਾਰਾਂ ਦਾ ਜਾਇਜ਼ਾ ਲੈਣਾ ਵੀ ਜ਼ਰੂਰੀ ਹੋ ਜਾਂਦਾ ਹੈ। ਪੱਤਰਕਾਰਾਂ ਨੂੰ ਇਸ ਕਰਕੇ ਵੀ ਲੇਖਕਾਂ ਵਜੋਂ ਲਿਆ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਦੇ ਲੇਖ, ਸੰਪਾਦਕੀ, ਟਿਪਣੀਆਂ ਅਤੇ ਹੋਰ ਫੁਟਕਲ ਫੀਚਰ ਆਵਾਮ ਦੀ ਸੋਚ ਨੂੰ ਉਸੇ ਤਰ੍ਹਾਂ ਪ੍ਰਭਾਵਤ ਕਰਦੇ ਹਨ ਜਿਵੇਂ ਕਿ ਸਾਹਿਤਕਾਰਾਂ ਦੀਆਂ ਸਾਹਿਤਕ ਰਚਨਾਵਾਂ। ਪਿਛਲੇ ਚਾਰ ਕੁ ਸਾਲਾਂ ਦੀ ਪੰਜਾਬੀ ਪੱਤਰਕਾਰੀ ਤੇ ਝਾਤ ਮਾਰੋ ਤਾਂ ਇਹੀ ਤੱਥ ਉਭਰਦਾ ਹੈ ਕਿ ਪੰਜਾਬੀ ਅਖਬਾਰਾਂ ਦੇ ਪ੍ਰਬੰਧਕਾਂ, ਪੱਤਰਕਾਰਾਂ ਅਤੇ ਮਾਲਕਾਂ ਨੇ (ਵਿਸ਼ੇਸ਼ ਕਰਕੇ 'ਅਜੀਤ' ਅਤੇ 'ਅਕਾਲੀ ਪੱਤਰਕਾਰਾਂ ਨੇ) ਆਪਣੇ ਪਾਠਕਾਂ ਦਾ ਘੇਰਾ ਕਾਇਮ ਰਖਣ ਜਾਂ ਵਧਾਉਣ ਲੱਗਿਆਂ ਆਪਣੇ ਵਪਾਰਕ ਹਿਤਾਂ ਨੂੰ ਹੀ ਮੁਖ ਰੱਖਿਆ ਹੈ — ਹਿੰਦੂਆਂ ਸਿਖਾਂ ਦੇ ਆਪਸੀ ਭਾਈਚਾਰੇ, ਪ੍ਰੇਮ ਅਤੇ ਭਲਾਈ ਨੂੰ ਨਹੀਂ। ਇਨ੍ਹਾਂ ਅਖਬਾਰਾਂ ਦੇ ਪੱਤਰਕਾਰਾਂ ਜਾਂ ਸੰਪਾਦਕਾਂ ਨੇ ਹਿੰਦੂ ਸਿਖਾਂ ਵਿਚ ਜਿਹੜੇ ਨਫਰਤ ਦੇ ਬੀਜ ਬੀਜੇ ਹਨ — ਜਿਵੇਂ ਸਿਖਾਂ ਨੂੰ 'ਅਲਗ ਕੌਮ' ਦੇ ਤੌਰ ਤੇ ਉਭਾਰਨ ਲਈ ਇਤਿਹਾਸ ਨੂੰ ਤੋੜਿਆ ਮਰੋੜਿਆ ਅਤੇ ਦੋ ਫਿਰਕਿਆਂ ਵਿਚ ਆਪਸੀ ਪਾੜਾ ਵਧਾਇਆ — ਇਹ ਇਕ ਕੌੜੀ ਸਚਾਈ ਹੈ ਕਿ ਇਹਦਾ ਸਿੱਟਾ ਦੋਨਾਂ ਫਿਰਕਿਆਂ ਨੂੰ ਕਈ ਦਹਾਕਿਆਂ ਤੱਕ ਭੁਗਤਣਾ ਪਵੇਗਾ। ਧਰਮ ਦੇ ਠੇਕੇਦਾਰਾਂ ਅਤੇ ਸਮੇਂ ਦੀ ਹਕੂਮਤ ਦੋਨੋਂ ਮਿਲਕੇ ਜਾਂ ਵਖਰਾ ਕੇ ਧਾਰਮਕ ਜਨੂੰਨ ਅਤੇ ਫਿਰਕਾਪ੍ਰਸਤੀ ਦੀ ਜਿਹੜੀ ਅੱਗ ਇਕ ਵਾਰ ਭੜਕਾ ਦਿੰਦੇ ਹਨ, ਅਤੇ ਇਹਦੇ ਜਵਾਬ ਵਿਚ ਖਬੀ ਧਿਰ ਵਾਲੇ ਕਲਾਕਾਰ, ਲੇਖਕ ਅਤੇ ਬੁੱਧੀਜੀਵੀ ਆਪਣੀ ਸਮੂਹਕ ਆਵਾਜ਼ ਰਾਹੀਂ ਜਿਹੜੀਆਂ ਕੋਸ਼ਿਸ਼ਾਂ ਜੁਟਾਉਂਦੇ ਹਨ, ਉਹ ਇਸ ਅੱਗ ਨੂੰ ਕੁਝ ਸਮੇਂ ਲਈ ਸਿਰਫ ਠੰਡਾ ਹੀ ਕਰਦੀਆਂ ਹਨ, ਬੁਝਾ ਨਹੀਂ ਸਕਦੀਆਂ। ਪੰਜਾਬ ਦੇ ਪੰਜਾਬੀ ਅਖਬਾਰਾਂ ਵਿਚ 'ਪੰਥ ਨੂੰ ਖਤਰਾ'; 'ਪੰਥਕ ਏਕਤਾ', 'ਸਿਖ ਇਕ ਅਲੱਗ ਕੌਮ' ਅਤੇ 'ਧਰਮ ਯੁੱਧ' ਦੀਆਂ ਗਲਾਂ ਵਾਰ ਵਾਰ ਪੜ੍ਹਕੇ ਅੱਕ ਚੁੱਕੇ ਹਨ — ਇਹ ਨਾਹਰੇ ਸੰਪੂਰਨ ਹੀ ਸੜੇ ਖੱਥੇ ਅਤੇ ਖਸਤਾ ਹੋ ਚੁਕੇ ਹਨ — ਪੰਜਾਬ ਦੇ ਲੋਕਾਂ ਨੂੰ ਆਪਣੀ ਕਿਸਮਤ ਆਪ ਸੁਆਰਨ ਲਈ ਅਤੇ ਸੁਖਾਵੇਂ ਭਵਿਖ ਲਈ ਸਮੇਂ ਦੇ ਹਾਣ ਦੇ ਨਵੇਂ ਨਾਹਰਿਆਂ ਅਤੇ ਨਵੇਂ ਇਸ਼ਟਦੇਵਿਆਂ ਦੀ ਤਲਾਸ਼ ਕਰਨੀ ਚਾਹੀਦੀ ਹੈ - ਉਨ੍ਹਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਗਵਾਈ ਲੈਣੀ ਚਾਹੀਦੀ ਹੈ। ਇਨ੍ਹਾਂ ਨਾਹਰਿਆਂ ਦਾ ਤਿਆਗ ਪਾ ਕੇ ਲੋਕਾਂ ਨੂੰ ਹੁਣ ਅਨਪੜ੍ਹ ਸੰਤ-ਬਾਬਿਆਂ ਤੇ ਨਹੀਂ, ਸੰਸਾਰ ਦੇ ਮਹਾਨ ਤਰਕਸ਼ਾਸਤਰੀਆਂ ਅਤੇ ਚਿੰਤਕਾਂ ਤੇ ਟੇਕ ਰਖਣੀ ਪਵੇਗੀ।

ਸੰਸਾਰ ਦੀਆਂ ਮਹਾਨ ਲੋਕ-ਪੱਖੀ ਸਭਿਆਚਾਰਕ ਲਹਿਰਾਂ ਅਤੇ ਇਨਕਲਾਬਾਂ ਦੀ ਸਫਲਤਾ ਪਿਛੇ ਧਾਰਮਕ ਸ਼ਖਸੀਅਤਾਂ ਨਹੀਂ ਸਗੋਂ ਮਹਾਨ ਤਰਕਵਾਦੀ ਸ਼ਖਸੀਅਤਾਂ ਹੀ ਕੰਮ ਕਰਦੀਆਂ ਰਹੀਆਂ ਹਨ ਜਿਵੇਂ ਕਿ ਫਰਾਂਸ ਵਿਚ ਰੂਸੋ, ਯੂਨਾਨ ਵਿਚ ਸੁਕਰਾਤ ਅਤੇ ਅਰਸਤੂ, ਰੂਸ ਵਿਚ ਲੈਨਿਨ ਅਤੇ ਪਲੈਖਾਨੋਵ, ਚੀਨ ਵਿਚ ਮਾਓ ਸੇ ਤੁੰਗ ਅਤੇ ਏਸ਼ੀਆ ਵਿਚ ਮਹਾਤਮਾ ਬੁੱਧ। ਬਾਬੇ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਧਕਾਲੀ ਯੁਗ ਵਿਚ ਸਾਡੇ ਕੋਲ ਕੋਈ ਵਿਗਿਆਨਕ ਫਲਸਫਾ ਨਹੀਂ ਸੀ ਜਿਹਦੇ ਆਧਾਰ ਤੇ ਅਸੀਂ ਲੋਕਾਂ ਨੂੰ ਜਹਾਲਤ, ਅੰਧ ਵਿਸ਼ਵਾਸ਼ ਅਤੇ ਦਿਮਾਗੀ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਵਾ ਸਕਦੇ। ਅੱਜ ਦੇ ਵਿਗਿਆਨਕ ਯੁੱਗ ਅੰਦਰ ਜਦੋਂ ਪਦਾਰਥਵਾਦ, ਜਾਂ ਮਾਰਕਸਵਾਦੀ ਵਰਗਾ ਵਿਗਿਆਨਕ ਫਲਸਫਾ ਸਾਡੇ ਹੱਥਾਂ ਵਿਚ ਹੈ, ਇਸ ਫਲਸਫੇ ਨੂੰ ਹਥਿਆਰ ਵਜੋਂ ਵਰਤਕੇ ਅਸੀਂ ਲੋਕਾਂ ਵਿਚ ਫੈਲੀ ਹੋਈ ਵਿਆਪਕ ਜਹਾਲਤ, ਜਬਰ ਅਤੇ ਲੁੱਟ ਵਿਰੁੱਧ ਵੱਡੇ ਪੈਮਾਨੇ ਤੇ ਲੜਾਈ ਦੇ ਸਕਦੇ ਹਾਂ।

ਪੰਜਾਬ ਵਿਚ ਖਾਲਿਸਤਾਨ ਦੀ ਲਹਿਰ ਅਤੇ ਧਰਮ ਯੁੱਧ ਮੋਰਚੇ ਦੀ ਸੋਚਣੀ ਅਤੇ ਦੋਗਲੀ ਸਿਆਸਤ ਬਾਰੇ ਵੀ ਪੰਜਾਬੀ ਦੇ ਬਹੁਤੇ ਲੇਖਕ ਸਪਸ਼ਟ ਨਹੀਂ ਸਨ, ਇਸੇ ਕਰਕੇ ਬਹੁਤੇ ਲੇਖਕ ਅਕਾਲੀਆਂ ਅਤੇ ਖਾਲਿਸਤਾਨੀਆਂ ਦੇ ਮੋਰਚੇ ਬਾਰੇ ਜਾਇਜ਼ਾ ਲੈਣ ਲੱਗਿਆਂ ਪਖਪਾਤੀ ਅਤੇ ਉਲਾਰ ਹੋ ਨਿਬੜੇ। ਕਈ ਲੇਖਕ ਪੰਜਾਬ ਦੀ ਅਜੇਹੀ ਖੱਬੀ ਪਾਰਟੀ ਨਾਲ ਜੁੜੇ ਹੋਏ ਹਨ ਜਿਹੜੀ ਕਿ ਅਕਾਲੀਆਂ ਵਰਗੀ ਧਾਰਮਿਕ ਪਾਰਟੀ ਨਾਲ ਜੁੜਕੇ ਪਾਰਲੀਮਾਨੀ ਵੋਟਾਂ ਦੀ ਖੇਡ ਖੇਡਦੀ ਰਹੀ ਹੈ — ਅਜੇਹੇ ਪਾਰਟੀ ਦੇ ਹਮਦਰਦਾਂ ਲੇਖਕਾਂ ਦੀ ਇਹ ਸੀਮਾ ਰਹੀ ਹੈ ਰਹੀ ਹੈ ਕਿ ਉਹ ਅਕਾਲੀ ਪਾਰਟੀ ਜਾਂ ਅਕਾਲੀਆਂ ਦੇ ਧਰਮ ਯੁੱਧ ਮੋਰਚੇ ਦੁਆਰਾ ਫੈਲਾਇਆ ਧਾਰਮਕ ਜਨੂੰਨ ਅਤੇ ਫਿਰਕਾਪ੍ਰਸਤੀ ਦੀ ਖੁਲ੍ਹ ਕੇ ਕਦੇ ਵੀ ਮੁਖਾਲਫਤ ਨਹੀਂ ਕਰ ਸਕੇ। ਉਨ੍ਹਾਂ ਨੇ ਇਹ ਸਾਫ ਨਿਰਣਾ ਹੀ ਨਹੀਂ ਲਿਆ ਕਿ ਧਰਮ ਹੀ ਫਿਰਕਾਪ੍ਰਸਤੀ ਦੀ ਜੜ੍ਹ ਹੈ। ਇਸਦੇ ਮੁਕਾਬਲੇ ਵਿਚ ਮਾਰਕਸੀ - ਲੈਨਿਨੀ ਸਮਝ ਜਾਂ ਜਮਹੂਰੀ ਸੋਚ ਵਾਲੇ ਲੇਖਕਾਂ ਅਤੇ ਕਲਾਕਾਰਾਂ ਨੇ ਪੰਜਾਬ ਵਿਚ ਉਠਣ ਵਾਲੀ ਫਿਰਕੂ ਹਨੇਰੀ ਬਾਰੇ ਆਪਣੇ ਨਾਟਕਾਂ ਅਤੇ ਲਿਖਤਾਂ ਰਾਹੀਂ ਪੰਜਾਬ ਦੇ ਲੋਕਾਂ ਨੂੰ ਪਹਿਲਾਂ ਹੀ ਸੁਚੇਤ ਕਰ ਦਿਤਾ ਸੀ। ਇਹਦੇ ਸੰਬੰਧ ਵਿਚ ਹਰਿਮੰਦਰ ਸਾਹਿਬ ਉਤੇ ਤਿੰਨ ਜੂਨ ਦੇ ਫੌਜੀ ਐਕਸ਼ਨ ਤੋਂ ਪਹਿਲਾਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਜਿਹੜੇ ਨਾਟਕ ਖੇਡੇ ਗਏ ਸਨ, ਉਨ੍ਹਾਂ ਵਿਚ ਅਜਮੇਰ ਸਿੰਘ ਔਲਖ ਦਾ 'ਅੰਨ੍ਹੇ ਨਿਸ਼ਾਨਚੀ' ਗੁਰਸ਼ਰਨ ਸਿੰਘ ਦਾ 'ਕੁਰਸੀ ਮੋਰਚਾ ਅਤੇ ਹਵਾ 'ਚ ਲਟਕਦੇ ਲੋਕ' ਅਤੇ ਆਤਮਜੀਤ ਦਾ 'ਸ਼ਹਿਰਾਂ ਦਾ ਕੀ ਰਖੀਏ ਨਾਂ' ਵਿਸ਼ੇਸ਼ ਇਤਿਹਾਸਕ ਮਹੱਤਤਾ ਰਖਦੇ ਹਨ — ਫਿਰਕਿਆਂ ਦੀ ਭਾਈਚਾਰਕ ਸਾਂਝ ਅਤੇ ਮਨੁੱਖੀ ਹਮਦਰਦੀ ਨੂੰ ਜਗਾਉਣ ਵਾਲੇ ਇਹ ਨਾਟਕ ਬੜੀਆਂ ਹੀ ਯਾਦਗਾਰੀ ਰਚਨਾਵਾਂ ਸਨ। ਮੈਂ ਸਮਝਦਾ ਸੀ ਕਿ ਇਨ੍ਹਾਂ ਨਾਟਕਾਂ ਦਾ ਅਜੇਹਾ ਵਿਆਪਕ ਅਤੇ ਜਾਦੂਮਈ ਪ੍ਰਭਾਵ ਪੱਥਰ ਅਤੇ ਬੇਰਹਿਮ ਦਿਲਾਂ ਨੂੰ ਵੀ ਹਿਲਾ ਦੇਵੇਗਾ ਅਤੇ ਸਾਰਾ ਅਭਾਗਾ ਪੰਜਾਬ 1947 ਦੇ ਖੂਨੀ ਕਾਂਡ ਨੂੰ ਆਪਣੇ ਪਿੰਡੇ ਤੇ ਇਕ ਵਾਰ ਫੇਰ ਹੰਢਾਉਣ ਦਾ ਭਾਗੀ ਨਹੀਂ ਬਣੇਗਾ, ਪਰ ਅਫਸੋਸ! ਭਟਕਿਆ ਹੋਇਆ ਸਿਖ ਯੁਵਕ ਫੇਰ ਵੀ ਸਹੀ ਰਾਹ ਤੇ ਨਹੀਂ ਆਇਆ।

ਪੰਜਾਬ ਦੀ ਗੁੰਝਲਦਾਰ ਸਿਆਸੀ ਸਮਾਜਕ ਸਥਿਤੀ ਅੰਦਰ ਮਿਹਨਤਕਸ਼ ਮਜ਼ਦੂਰਾਂ ਕਿਸਾਨਾਂ ਦਾ ਪੱਖ ਕਿਵੇਂ ਲਿਆ ਜਾਵੇ, ਪਿਛਲੇ ਤਿੰਨ ਚਾਰ ਸਾਲਾਂ ਅੰਦਰ ਲੋਕ-ਪੱਖੀ ਲੇਖਕਾਂ ਲਈ ਇਹ ਬੜੀ ਹੀ ਪੇਚੀਦਾ ਸਮਸਿਆ ਬਣੀ ਰਹੀ ਹੈ — ਇਹ ਸਮਾਂ ਡੂੰਘੇ ਸਭਿਆਚਾਰਕ-ਸਿਆਸੀ ਸੰਕਟ ਦਾ ਸਮਾਂ ਸੀ। ਸੱਠਵਿਆਂ ਦੇ ਸ਼ੁਰੂ ਵਿਚ ਜਾਂ ਉਸਤੋਂ ਪਹਿਲਾਂ ਪੰਜਾਬੀ ਸਾਹਿਤ ਦੇ ਪ੍ਰਗਤੀਵਾਦੀ ਅਤੇ ਨਵ-ਪ੍ਰਗ ਪ੍ਰਗਤੀਵਾਦੀ ਦੌਰ ਅੰਦਰ ਲੇਖਕਾਂ ਦੇ ਸਾਹਮਣੇ ਸਰਮਾਏਦਾਰੀ-ਜਗੀਰਦਾਰੀ ਅਤੇ ਸਾਮਰਾਜ ਦੇ ਗੱਠਜੋੜ ਦੁਆਰਾ ਮਿਹਨਤਕਸ਼ ਜਮਾਤ ਦੀ ਲੁੱਟ ਦਾ ਵਰਤਾਰਾ ਬੜਾ ਸਪਸ਼ਟ ਸੀ — ਉਸ ਦੌਰ ਅੰਦਰ ਪੰਜਾਬ ਦੇ ਮਿਹਨਤੀ ਲੋਕ ਫਿਰਕਾਪ੍ਰਸਤੀ ਅਤੇ ਸਿਖ ਸ਼ਾਵਨਵਾਦ ਦਾ ਇਵੇਂ ਸ਼ਿਕਾਰ ਨਹੀਂ ਸਨ ਹੋਏ ਜਿਵੇਂ ਕਿ ਸਥਿਤੀ ਅੱਜ ਹੈ। ਇਹੋ ਜਿਹੀਆਂ ਹਾਲਤਾਂ ਅੰਦਰ ਲੋਕ-ਪੱਖੀ ਲੇਖਕਾਂ ਨੂੰ ਸਿਰਫ ਸਰਮਾਏਦਾਰੀ ਜਗੀਰਦਾਰੀ ਦੁਆਰਾ ਕੀਤੀ ਜਾ ਰਹੀ ਲੁੱਟ ਅਤੇ ਜਬਰ ਨੂੰ ਹੀ ਬੇਨਕਾਬ ਕਰਨਾ ਹੀ ਕਾਫੀ ਨਹੀਂ ਹੈ - ਇਸਦੇ ਨਾਲ ਉਹਨਾਂ ਲਈ ਆਪਣੀਆਂ ਕਲਾਂ-ਕਿਰਤਾਂ ਵਿਚ ਫਿਰਕੂ ਅਤੇ ਧਾਰਮਕ ਜਨੂੰਨ ਦਾ ਲੇਖਾ ਜੋਖਾ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਇਹੋ ਜਿਹੀ ਗੁੰਝਲਦਾਰ ਸਿਆਸੀ ਸਥਿਤੀ ਨੂੰ ਨਜਿੱਠਣ ਬਾਰੇ ਮੈਨੂੰ ਸੁਖਪਾਲ ਦੇ ਹੇਠ ਲਿਖੇ ਗੀਤ ਨੇ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ ਹੈ:

ਲਹੂ ਵਿਚ ਭਿਜਿਆ ਗੁਲਾਬ ਸਾਥੀਓ
ਉਹੋ ਸਾਡੇ ਆ ਆਪਣਾ ਪੰਜਾਬ ਸਾਥੀਓ
ਸੰਨ ਸੰਤਾਲੀ 'ਚ ਜੋ ਪਈਆਂ ਵੰਡੀਆਂ
ਕਿੰਨੀਆਂ ਸੁਹਾਗਣਾਂ ਸੀ ਹੋਈਆਂ ਰੰਡੀਆਂ
ਮਾਵਾਂ ਹੱਥੋਂ ਪੁਤਰਾਂ ਦੇ ਗਲ ਘੁਟ ਗਏ
ਭੈਣਾਂ ਤੇ ਭਰਾਵਾਂ ਦੇ ਪਿਆਰ ਟੁਟ ਗਏ
ਭਾਈਚਾਰੇ ਨੂੰ ਸੰਗੀਨਾ ਸੰਗ ਤੋੜਕੇ
ਮਨਾਂ ਵਿਚ ਮਜ਼ਹਬਾਂ ਦੀ ਜ਼ਹਿਰ ਘੋਲਕੇ
ਓਹੀ ਹੈ ਜਨੂੰਨ ਫੇਰ ਵਧੀ ਆ ਰਿਹਾ
ਹਿੰਦੂ ਅਤੇ ਸਿਖ ਦੇ ਜੋ ਨਾਹਰੇ ਲਾ ਰਿਹਾ
ਸੰਨ ਸੰਤਾਲੀ ਦੀ ਨਾ ਯਾਦ ਭੁਲਿਓ
ਮਜ਼ਹਬਾਂ ਦੀ ਨ੍ਹੇਰੀ ਵਿਚ ਮਤ ਝੁਲਿਓ
ਬਣਕੇ ਤੂਫਾਨ ਹੋਕਾਂ ਜੇ ਦਲੇਰੀ ਦਾ

(ਬਾਕੀ ਪੰਨਾ 19 ਤੇ)


# ਕੀ ਇਮੀਗਰੇਸ਼ਨ ਦਾ ਮਸਲਾ ਹੈ ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸ਼ਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਯਾ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ

ਹੋਰ ਜਾਣਕਾਰੀ ਲਈ ਮਿਲੋ
ਜਾਂ ਫੂਨ ਕਰੋ

ਮਲਕੀਤ ਸਿੰਘ ਪਰਹਾਰ
ਨਵਾਂ ਫੋਨ:
OFF.(604)733-1644
Res.(604)228- 0452

Malkit Singh Parhar
#201-1275 W. 6th Avenue,
Vancouver, B.C. V6H1A6

- ਬਿਜ਼ਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਗਾਰੰਟੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿਦਾਂ ਪੈਸੇ ਲੈ ਸਕਦੇ ਹੋ।
- ਜੇ ਤੁਸੀਂ ਵਸੀਅਤ ਖਿਆਲ ਨਾਲ ਨਹੀਂ ਬਨਾਉਂਦੇ ਅਤੇ ਤੁਹਾਡੇ ਮਗਰਲੇ ਰਿਸ਼ਤੇਦਾਰਾਂ ਨੂੰ ਮਗਰੋਂ ਬਹੁਤ ਹੀ ਤਕਲੀਫਾਂ ਆ ਸਕਦੀਆ ਹਨ ਤਾਂ ਗੌਰਮਿੰਟ ਉਸਦੇ ਵਿਚੋਂ ਬਹੁਤ ਹੀ ਟੈਕਸ ਲੈ ਜਾਂਦੀ ਹੈ। ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਸਹੀ ਵਸੀਅਤ ਸਮੇਂ ਦੇ ਅਨੁਸਾਰ, ਵੱਖ-ਵੱਖ ਕਿਸਮਾਂ ਦੀ ਕਿਵੇਂ ਬਣਾਈ ਜਾ ਸਕਦੀ ਹੈ।

*World-Wide Immigration To Canada and U.S.A. Ltd.*

TRUTH IS THE HIGHEST OF ALL THINGS;HIGHER STILL IS TRUTHFUL LIVING - GURU NANAK

ਦੇਗ ਤੇਗ ਫਤਹਿ　　੧ੴ ਸਤਿਗੁਰ ਪ੍ਰਸਾਦਿ　　ਪੰਥ ਕੀ ਜੀਤ

# AKALI SINGH SIKH SOCIETY

1890 - SKEENA STREET, VANCOUVER, B.C. CANADA

PHONE NO:- (604) 254-2117

## ੧ੴ ਸਤਿਗੁਰ ਪ੍ਰਸਾਦਿ

## ਸਤਿਗੁਰ ਨਾਨਕ ਪ੍ਰਗਟਿਆ,
## ਮਿਟੀ ਧੁੰਧੁ ਜਗਿ ਚਾਨਣੁ ਹੋਆ ॥

**ਗੁਰੂ ਪਿਆਰੀ ਸਾਧ ਸੰਗਤ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ।**

ਆਪ ਜੀ ਨੂੰ ਇਸ ਪੱਤਰ ਦੁਆਰਾ ਖੁਸ਼ੀ ਭਰਿਆ ਸੰਦੇਸ਼ ਦਿੱਤਾ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਦਿਵਸ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਬੜੀ ਧੂਮ-ਧਾਮ ਨਾਲ ਮੰਨਾਇਆ ਜਾ ਰਿਹਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 1526 ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਅਵਤਾਰ ਧਾਰਿਆ । ਉਸ ਸਮੇਂ ਜਗਤ ਵਿੱਚ ਪਾਪ ਅਤੇ ਅਤਿਆਚਾਰਾਂ ਦਾ ਜੋਰ ਸੀ । ਸੰਸਾਰ ਦੀ ਐਸੀ ਭਿਆਨਕ ਦਸ਼ਾ ਵਿੱਚ ਆਪ ਜੀ ਨੇ ਅਵਤਾਰ ਧਾਰਨ ਕਰਕੇ 'ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ' ਦੇ ਵਾਕ ਅਨੁਸਾਰ ਪਾਪਾਂ ਦੀ ਅੱਗ ਵਿੱਚ ਸੜ ਰਹੇ ਸੰਸਾਰ ਦੇ ਜੀਵਾਂ ਨੂੰ ਬਚਾਉਣ ਲਈ ਪੈਰੀਂ ਚਲ ਕੇ ਅੰਮ੍ਰਿਤ ਬਚਨਾਂ ਦੁਆਰਾ ਥਾਂ ਥਾਂ ਤੇ ਅਕਾਲ ਪੁਰਖ ਦਾ ਤਾਰਕ ਸੰਦੇਸ਼ ਪਹੁੰਚਾਇਆ ।

## ਕਲਿ ਤਾਰਣਿ ਗੁਰੁ ਨਾਨਕ ਆਇਆ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਤਿੰਨੇ ਦਿਨ ਇਸ ਸਾਂਝੇ ਸਲਾਨਾ ਗੁਰਪੁਰਬ ਤੇ ਗੁਰੂ ਘਰ ਆ ਕੇ ਬਾਣੀ ਸੁਣ ਕੇ ਅਤੇ ਸੇਵਾ ਵਿੱਚ ਹੱਥ ਵਟਾ ਕੇ ਸਤਿਗੁਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ਅਤੇ ਆਪਣਾ ਯਥਾ ਯੋਗ ਹਿੱਸਾ ਪਾ ਕੇ ਆਪਣੀ ਕਮਾਈ ਸਫਲਾ ਕਰੋ ਜੀ ।

### ਪ੍ਰੋਗਰਾਮ

**ਅਰੰਭ ਸ੍ਰੀ ਅਖੰਡ ਪਾਠ ਸਾਹਿਬ ..... 29 ਨਵੰਬਰ, 1985 ਸ਼ੁਕਰਵਾਰ ਸਵੇਰੇ 9 ਵਜੇ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ........ 1 ਦਸੰਬਰ, 1985 ਐਤਵਾਰ ਸਵੇਰੇ 9 ਵਜੇ**

ਉਪਰੰਤ ਕੀਰਤਨ ਦਰਬਾਰ ਵਿੱਚ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਆਪ ਨੂੰ ਗੁਰਬਾਣੀ ਕੀਰਤਨ ਅਤੇ ਗੁਰਇਤਿਹਾਸ ਸਰਵਣ ਕਰਵਾਉਣਗੇ ।

ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਅੱਗੇ ਬੇਨਤੀ ਹੈ ਕਿ ਸਮੇਂ ਸਿਰ ਪੁੱਜ ਕੇ ਸੇਵਾ ਵਿੱਚ ਹੱਥ ਵਟਾਓ ਜੀ ।

ਇਸ ਸਾਰੇ ਗੁਰਪੁਰਬ ਦੀ ਸੇਵਾ ਗੁਰੂ ਘਰ ਦੇ ਸ਼ਰਧਾਲੂ ਗੁਰਮੁਖ ਪਰਿਵਾਰ ਵਲੋਂ ਕੀਤੀ ਜਾ ਰਹੀ ਹੈ ।

੩੦ ਨਵੰਬਰ ਦਿਨ ਸਨਿਚਰਵਾਰ ਨੂੰ ਪੰਜਾਬੀ ਸਕੂਲ ਦੇ ਬੱਚਿਆਂ ਵਲੋਂ ਖਾਸ ਪ੍ਰੋਗਰਾਮ ਹੋਵੇਗਾ — ਕੀਰਤਨ ਦਰਬਾਰ ਸਜੇਗਾ, ਕਵਿਤਾਵਾਂ ਪੜ੍ਹੀਆਂ ਜਾਣਗੀਆਂ, ਅਰਦਾਸ ਕੀਤੀ ਜਾਵੇਗੀ, ਹੁਕਮਨਾਮਾਂ ਲਿਆ ਜਾਵੇਗਾ ।
ਜਿਹਨਾਂ ਗੁਰ ਸਿੱਖ ਪਰਿਵਾਰਾਂ ਨੇ ਗੁਰੂ ਕੇ ਲੰਗਰ ਦੀ ਸੇਵਾ ਜਾਂ ਕੋਈ ਹੋਰ ਸੇਵਾ ਲੈਣੀ ਹੋਵੇ, ਦਾਸਾਂ ਨੂੰ ਦੱਸਣ ਦੀ ਕਿਰਪਾਲਤਾ ਕਰਨੀ । ਇਹ ਸਰਬੱਤ ਦਾ ਸਾਂਝਾ ਗੁਰਪੁਰਬ ਹੈ । ਗੁਰੂ ਕੇ ਲੰਗਰ ਵਿੱਚ ਹਰ ਮਾਈ ਭਾਈ ਰਾਸ਼ਨ ਪਾ ਸਕਦਾ ਹੈ ।

**ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ ।**

ਸੰਗਤਾਂ ਦੇ ਦਾਸ
ਪ੍ਰਬੰਧਕ ਕਮੇਟੀ
ਅਕਾਲੀ ਸਿੰਘ ਸਿੱਖ ਸੁਸਾਇਟੀ
1890-ਸਕੀਨਾ ਸਟਰੀਟ
ਵੈਨਕੂਵਰ, ਬੀ. ਸੀ., ਕੈਨੇਡਾ।
ਫੋਨ ਨੰ: 254-2117 ਸਕੱਤ੍ਰ ਦੇ ਘਰ ਦਾ ਫੋਨ ਨੰ: 327-7356

(ਪੰਨਾ 14 ਦੀ ਬਾਕੀ)

ਕਦ ਨਹੀਂ ਭੋਗਦਾ। ਪਤੀ ਪਤਨੀ ਦੇ ਲੜਾਈ ਝਗੜੇ ਵੀ ਹੁੰਦੇ ਹਨ। ਮੈਂ ... ਪਤਨੀ ਜਦੋਂ ਕਿਸੇ ਗਲ ਨੂੰ ਲੈ ਕੇ ਖਹਿਬੜ ਪਈਏ ਤਾਂ ਮੈਨੂੰ ਤੂੰ ਯਾਦ ... ਹੈਂ। ਸਾਡੀ ਖਹਿਬੜਬਾਜ਼ੀ ਦਾ ਕਾਰਨ ਆਮ ਤੌਰ ਉਤੇ ਘਰ ਦੀ ...ਾਤਾ ਹੀ ਹੁੰਦਾ ਹੈ। ਅਸੀਂ ਤੌਸ਼ ਵਿਚ ਆ ਕੇ ਪਤੀ ਪਤਨੀ ਕਿਸੇ ਨੂੰ ਕਿੰਨਾ ...ੜ ਆਖ ਜਾਈਏ ਪਰ ਅਖੀਰ ਸ਼ਾਂਤੀ ਵਾਪਰ ਜਾਣ ਉਤੇ ਮੇਰੀ ਪਤਨੀ ਇੰਜ ...ਾਓ ਕਰਨ ਲਗਦੀ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਫੇਰ ਵੀ ਇਕ ਦੌਭ ...ਦਵਾਂ ਦੇ ਮਨ ਵਿਚ ਸਮਾਈ ਰਹਿੰਦੀ ਹੈ ਕਿ ਅਸੀਂ ਘਰ ਦੀਆਂ ਥੁੜਾਂ ਲੋੜਾਂ ... ਹੀ ਕਲੇਸ ਪਾ ਬੈਠਦੇ ਹਾਂ। ਤੂੰ ਯਾਦ ਆਉਂਦੀ ਹੈਂ ਤਾਂ ਤਸਲੀ ਹੁੰਦੀ ਹੈ ਕਿ ... ਫੈਸਲਾ ਕੀਤਾ। ਇਸ ਘਰ ਦੀ ਤਾਂ ਇਹੀ ਹਾਲਤ ਰਹਿਣੀ ਸੀ। ਮੋਟੀ ...ੀ ਥਾਂ ਤੂੰ ਹੁੰਦੀ ਤਾਂ ਕਿੰਨੀ ਔਖੀ ਰਹਿੰਦੀ। ਤੂੰ ਚੰਗਾ ਕੀਤਾ, ਤੈਨੂੰ ... ਥੁੜਾਂ-ਲੋੜਾਂ ਦਾ ਸਾਹਮਣਾ ਨਹੀਂ ਕਰਨਾ ਪਿਆ।

ਪੰਨਾ 17 ਦੀ ਬਾਕੀ

ਕਰ ਦਿੱਤੇ ਸਫਾਇਆ ਮਜ਼ਹਬਾਂ ਦੀ ਹਨੇਰੀ ਦਾ
ਸਤਲੁਜ ਬਿਆਸ ਦੀਆਂ ਪਾਉਣ ਵੰਡੀਆਂ
ਪੁਛੋ ਉਨ੍ਹਾਂ ਕੋਲੋਂ ਪੁੱਛੋ ਫੜ ਘੰਡੀਆਂ
ਕਿਥੇ ਸਾਡੇ ਰਾਵੀ ਤੇ ਚਨਾਬ ਸਾਥੀਓ
ਲਹੂ ਵਿਚ ਭਿਜਿਆ .........
ਹਿੰਦੂ ਮਿਖ ਮੁਸਲਮ ਸਭ ਸਾਥੀਓ
ਇਕ ਹੈ ਪੰਜਾਬ ਨਹੀਂ ਅਲੱਗ ਸਾਥੀਓ
...........

ਮੌਜੂਦਾ ਜਟਿਲ ਸਿਆਸੀ-ਸਮਾਜਕ ਪ੍ਰਸਥਿਤੀਆਂ ਅੰਦਰ ਪੰਜਾਬੀ ਲੇਖਕਾਂ ਨੂੰ ਹੈਰਾਨ ਪਰੇਸ਼ਾਨ ਹੋ ਕੇ ਹੀ ਸਭ ਕੁਝ ਵੇਖਦਿਆਂ ਹੀ ਨਹੀਂ ਰਹਿਣਾਂ ਚਾਹੀਦਾ। ਸਮਾਜ ਵਿਚ ਦੋਸਤਾਂ ਅਤੇ ਦੁਸ਼ਮਣਾਂ ਦੀ ਪਹਿਚਾਣ ਕਰਕੇ ਉਸ ਨੂੰ ਚੁੱਪ ਤੋੜਕੇ ਅਗਾਂਹ ਵਧਣਾ ਹੀ ਪਵੇਗਾ। ਉਹਦੀ ਸੋਚ ਵਿਚ ਖੜੋਤ ਸਮਾਜ ਦੀ ਖੜੋਤ ਹੈ। ਹਿੱਤਾਂ ਦੇ ਟਕਰਾਓ ਅਤੇ ਭਾਵਨਾਵਾਂ ਦੇ ਵਖਰੇ ਵਖਰੇ ਵਹਿਣਾਂ ਵਿਚ ਵੀ ਉਸਨੂੰ ਆਪਣੀ ਥਾਂ ਲੱਭਣੀ ਹੀ ਪਵੇਗੀ।

ਪੋਸਟਸਕਰਿਪਟ :—

ਪੰਜਾਂਬੀ ਦੇ ਬਹੁ-ਚਰਚਿਤ ਹਾਸ ਵਿਅੰਗ ਲੇਖਕ ਗੁਰਨਾਮ ਸਿੰਘ ਤੀਰ ਨੇ ਪੰਜਾਬੀ ਦੀ ਇਕ ਅਖਬਾਰ ਵਿਚ ਆਪਣੀ ਇਕ ਗੁਫਤਗੂ ਵਿਚ ਜਦੋਂ ਉਸਨੂੰ ਕਿਸੇ ਨੇ ਪੁਛਿਆ ਉਨ੍ਹਾਂ ਅਕਾਲੀ ਸਿਆਸਤ ਨੂੰ ਕਿਉਂ ਚੁਣਿਆ ਤਾਂ ਉਸਨੇ ਕਿਹਾ ਕਿ ਉਸਨੇ ਅਕਾਲੀ ਸਿਆਸਤ ਨੂੰ ਇਸ ਕਰਕੇ ਚੁਣਿਆ ਕਿਉਂਕਿ ਉਹ ਅਕਾਲੀ ਸਿਆਸਤ ਵਿਚ ਵਿਸ਼ਵਾਸ਼ ਰਖਦਾ ਹੈ। ਉਹਨੇ ਅਗਾਂਹ ਹੋਰ ਕਿਹਾ "ਕਦੇ ਕਦੇ ਮੇਰਾ ਜੀਅ ਕਰਦਾ ਹੈ ਕਿ ਸਾਰਾ ਕੁਝ ਛਡਕੇ ਨਿਰੋਲ ਪੰਥ ਤੇ ਪੰਜਾਬ ਦੀ ਸੇਵਾ ਵਿਚ ਜੁਟ ਜਾਵਾਂ — ਮੈਂ ਹਿੰਦੂ ਸਿੱਖਾਂ ਨੂੰ ਇਕੱਠਿਆਂ ਰਖ ਸਕਦਾ ਹਾਂ ਅਤੇ ਪੰਜਾਂਬ ਦੇ ਹੱਕਾਂ ਲਈ ਸਾਂਝੀ ਲੜਾਈ ਵੀ ਲੜ ਸਕਦਾ ਹਾਂ।" ਤੀਰ ਦੇ ਇਨ੍ਹਾਂ ਵਿਚਾਰਾਂ ਦੇ ਪ੍ਰਤੀਕਰਮ ਵਿਚ ਇਕ ਸਵਾਲ ਉਠਦਾ ਹੈ ਕਿ ਜੇ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਸਾਂਝੀ ਲੜਾਈ ਲੜਨੀ ਹੈ ਤਾਂ ਕੀ ਇਹ ਕਿਸੇ ਵਿਸ਼ੇਸ਼ ਧਰਮ ਜਾਂ ਫਿਰਕੇ ਦੀ ਨੁਮਾਇੰਦਾ ਪਾਰਟੀ ਨਾਲ ਜੁੜਕੇ ਹੀ ਲੜੀ ਜਾ ਸਕਦੀ ਹੈ — ਪੰਥ ਦੇ ਨਾਂ ਤੇ ਪੰਜਾਬ ਦੇ ਹੱਕਾਂ ਦੀ ਜਿਹੜੀ ਲੜਾਈ ਲੜੀ ਗਈ ਹੈ - ਇਹਨੇ ਜੋ ਗੁਲ ਖਿਲਾਏ ਹਨ ਸਾਰਿਆਂ ਦੇ ਸਾਹਮਣੇ ਹਨ। ਸਿਰਫ 'ਤੀਰ' ਹੀ ਨਹੀਂ ਨਹੀਂ ਉਹਦੇ ਵਰਗੇ ਹੋਰ ਲੇਖਕਾਂ ਦੀ ਇਸ ਗੈਰ - ਵਿਗਿਆਨਕ ਸੋਚ ਦਾ ਕੋਈ ਵੀ ਜਮਹੂਰੀਅਤ ਪਸੰਦ ਵਿਅਕਤੀ ਸਮਰਥਨ ਨਹੀਂ ਕਰ ਸਕਦਾ। ਇਹ ਇਕ ਵਿਗਿਆਨਕ ਸਚਾਈ ਹੈ ਕਿ ਲੋਕਾਂ ਦੇ ਹੱਕਾਂ ਲਈ ਸਾਂਝੇ ਤੌਰ ਤੇ ਲੜਾਈ ਲੜਨ ਲਈ ਸਾਨੂੰ ਕਿਸੇ ਜਮਹੂਰੀ ਜਾਂ ਸੈਕੂਲਰ ਸੰਸਥਾ ਨਾਲ ਹੀ ਜੁੜਨਾ ਪਵੇਗਾ - ਧਰਮਾਂ ਅਤੇ ਫਿਰਕਿਆਂ ਤੋਂ ਉਪਰ ਉਠਕੇ ਹੀ ਅਜੇਹੀ ਲੜਾਈ ਦੀ ਗਲ ਸ਼ੁਰੂ ਹੋ ਸਕਦੀ ਹੈ। ਵਿਸ਼ੇਸ਼ ਧਰਮ ਜਾਂ ਫਿਰਕੇ ਦੀ ਪ੍ਰਤੀਨਿਧ ਪਾਰਟੀ ਜਾਂ ਸੰਸਥਾ ਤਾਂ ਆਪਣੇ ਵਿਸ਼ੇਸ਼ ਧਰਮ ਜਾਂ ਫਿਰਕੇ ਦੇ ਅਧਿਕਾਰਾਂ ਅਤੇ ਸਹੂਲਤਾਂ ਦੀ ਹੀ ਵਾਰ ਵਾਰ ਗਲ ਕਰੇਗੀ। ਅਸਲ ਵਿਚ ਇਹ ਸਾਡੇ ਪੰਜਾਬੀ ਲੇਖਕਾਂ ਦੀ ਦੀਵਾਲੀਆ ਸਮਝ ਹੀ ਹੈ ਕਿ ਉਹ ਆਵਾਮ ਦੇ ਹੱਕਾਂ ਦੀ ਲੜਾਈ ਦੀ ਗਲ ਵੀ ਕਿਸੇ ਧਾਰਮਿਕ ਜਾਂ ਫਿਰਕਾਦਾਰਾਨਾ ਸੰਸਥਾ ਨਾਲ ਜੁੜਕੇ ਹੀ ਕਰਦੇ ਹਨ। ਜਿਸ ਪਾਰਟੀ ਜਾਂ ਜਥੇਬੰਦੀ ਅੰਦਰ ਤਰਕ ਜਾਂ ਵਿਗਿਆਨਕ ਸੋਚ ਦੀ ਗਲ ਸੁਣੀ ਅਤੇ ਵਿਚਾਰੀ ਨਹੀਂ ਜਾਂਦੀ — ਅਜੇਹੀ ਗਲ ਕਰਨਾ ਵੀ ਗੁਨਾਹ ਦਾ ਭਾਗੀ ਹੋਣਾ ਹੈ — ਉਥੇ ਲੋਕਾਂ ਦੇ ਹੱਕਾਂ ਦੀ ਗਲ ਕਿਵੇਂ ਪੁਗ ਸਕੇਗੀ - ਇਹ ਇਕ ਅਜੇਹਾ ਸਵਾਲ ਹੈ ਜਿਹਦਾ ਜਵਾਬ ਤੀਰ ਹੁਰਾਂ ਨੂੰ ਪੰਜਾਬੀ ਦੇ ਪਾਠਕਾਂ ਨੂੰ ਦੇਣਾ ਹੀ ਪਵੇਗਾ?

ਹਵਾਲੇ

1. 'ਸਮਤਾ' ਫਰਵਰੀ 1985 2. 'ਮੈਂ ਲਿਖਣਾ ਕਿਵੇਂ ਸਿਖਿਆ' — ਗੋਰਕੀ ਦਾ ਲੇਖ 3. ਪੰਜਾਂਬ ਸੰਕਟ ..... (ਨਵਾਂ ਜ਼ਮਾਨਾ ਵਿਚ ਸੁਖਬੀਰ ਦਾ ਲੇਖ) 4. ਸਾਵੇ ਪੱਤਰ : ਪ੍ਰੋ: ਮੋਹਣ ਸਿੰਘ ... 5. 'ਬਾਗੀ' — ਦਰਸ਼ਨ ਸਿੰਘ ਅਵਾਰਾ 6. Materialism [M. N. Roy]

# ਪੁਸਤਕ ਪੜਚੋਲ

ਯੁਵਰਾਜ, ਵਿਨੀਪੇਗ

ਜਿਸ ਕਿਸੇ ਨੇ ਗਾਉਂਦਾ ਤੇ ਹੱਸਦਾ ਪੰਜਾਬ ਵੇਖਣਾ ਹੋਵੇ, ਤਾਂ ਗਲੋਬ ਨੂੰ ਕਿਸੇ ਵੀ ਦਿਸ਼ਾ ਵਲ ਘੁਮਾ ਦੇਖੋ, ਉਥੇ ਹੀ ਨਜ਼ਰੀਂ ਪੈ ਜਾਵੇਗਾ। ਕਿਰਤ ਤੇ ਦਸਾਂ ਨੌਹਾਂ ਦੀ ਕਮਾਈ ਕਰਕੇ ਖਾਣ ਵਾਲੇ ਪੰਜਾਬੀ ਆਪਣੇ ਸਭਿਆਚਾਰਕ ਵਿਰਸੇ ਨੂੰ ਵੀ ਨਾਲ ਹੀ ਸਾਂਭੀ ਰੱਖਦੇ ਹਨ। ਧਰਤੀ ਦੇ ਕਿਸੇ ਕੋਨੇ ਉਨ੍ਹਾਂ ਦਾ ਰੈਣ-ਵਸੇਰਾ ਹੋਵੇ। ਇਸ ਵਿਸਮਾਦ ਦੇ ਵੇਗ ਵਿਚੋਂ ਕੋਈ ਹੀਰ ਦੀ ਹੇਕ ਲਾਉਂਦਾ ਹੈ, ਕਿਸੇ ਦੇ ਮੂੰਹੋਂ ਮਿਰਜ਼ੇ ਦੀ ਕਲੀ ਦੀ ਤਰਜ਼ ਉਚੀ ਆਵਾਜ਼ ਮਿੱਠੜੇ ਵਾਤਾਵਰਨ ਵਿਚ ਗੂੰਦ ਗੂੰਦ ਹੋ ਉਠਦੀ ਹੈ, ਮੁਟਿਆਰ ਦੀ ਮੁਸਕਾਣ ਆਪਣੇ ਹਾਣੀ ਦੇ ਸਾਰੇ ਦਿਨ ਦੀ ਹੱਡ-ਤੋੜਵੀਂ ਮਿਹਨਤ ਮਗਰੋਂ, ਉਸਦੇ ਰੂਹ ਦਾ ਰੱਜ ਬਣ ਬਹਿੰਦੀ ਹੈ, ਤੇ ਭੱਤਾ ਦੇ ਕੇ ਆਈ ਮੁਟਿਆਰ ਆਪਣੇ ਪ੍ਰੀਤਮ ਦੀ ਉਡੀਕ ਵਿਚ, ਚਰਖੇ ਦੀ ਘੂਕਰ ਨਾਲ ਗੁਣ-ਗੁਣਾਂਦੀ ਹੈ, ਤੇ ਹਾਣੀ ਦੇ ਸੱਜਰੀ ਪੈੜ ਤੇ ਰੇਤੇ ਨੂੰ ਹਿੱਕ ਨਾਲ ਲਾ ਲਾ ਬਾਵਰੀ ਹੋ ਜਾਂਦੀ ਹੈ। ਇਸ ਉਸਾਰੂ ਤੇ ਮਿਲਾਪੜੇ ਸਭਿਆਚਾਰ ਨੂੰ ਪੰਜਾਬੀਆਂ ਨੇ ਪਰਦੇਸਾਂ ਵਿਚ ਆ ਕੇ ਵੀ ਨਹੀਂ ਵਿਸਾਰਿਆ, ਜੋ ਵਿਰਸੇ ਵਿਚ ਮਿਲਿਆ ਅਨਮੋਲ ਖਜ਼ਾਨਾ ਹੈ —

ਮੁਹਿੰਦਰ ਸੁਮਲ ਦੀ ਸਾਹਿਤਕ ਕਿਰਤ "ਖੱਟਣ ਗਏ ਪ੍ਰਦੇਸ" ਵਿਚੋਂ ਉਹੋ ਹੀ ਮਹਿਕ ਆਉਂਦੀ ਹੈ, ਜਿਵੇਂ ਹਾੜੀ ਵੇਚ-ਵੱਟਕੇ, ਸਾਰਾ ਪੰਜਾਬ ਗਾਉਂਦਾ, ਭੰਗੜੇ ਪਾਉਂਦਾ ਤੇ ਕਿਲਕਾਰੀਆਂ ਮਾਰਕੇ ਆਪਣੇ ਮਨ ਦੀਆਂ ਖੁਸ਼ੀਆਂ ਨੂੰ ਨੱਚਕੇ, ਗਾ ਕੇ ਮੇਲੇ ਮਸਾਣਿਆਂ ਵਿਚ ਪਰਗਟ ਕਰਦਾ ਆਇਆ ਹੈ। ਪਰਦੇਸਾਂ ਵਿਚ ਆਕੇ ਵੀ ਆਪਣੇ ਸਭਿਆਚਾਰਕ ਦੀ ਪੋਟਲੀ ਚਾਈਂ ਚਾਈਂ ਕੁੱਛੜ 'ਚ ਲੈ ਆਇਆ ਹੈ। ਇਹੋ ਪਿਆਰ ਹੈ, ਅਪਣੱਤ ਹੈ ਆਪਣੇ ਸਭਿਆਚਾਰ ਪ੍ਰਤੀ।

ਅਜੋਕੀ ਸਾਇੰਸ ਨੇ ਅਸਾਡੇ ਸਭਿਆਚਾਰ ਤੇ ਬਹੁਤ ਮਾਰੂ ਅਸਰ ਕੀਤਾ ਹੈ, ਇਸੇ ਕਰਕੇ "ਖੱਟਣ ਗਏ ਪ੍ਰਦੇਸ" ਸਾਹਿਤਕ ਕਿਰਤ ਸਾਨੂੰ ਚੁਕੰਨਾ ਵੀ ਕਰਦੀ ਹੈ : ਮਤੇ ਕਿਤੇ ਉਸ ਸਭਿਆਚਾਰ ਨੂੰ ਵਿਸਾਰ ਦੇਵੋ ਜਿਸ ਵਿਚ ਪਿਆਰ, ਅਪਣੱਤ, ਭਰੱਪਣ ਤੇ ਸਭ ਤੋਂ ਵੱਧ ਮਿੱਠੀ ਮਾਂ ਬੋਲੀ ਦੀ ਗੌਰਵਤਾ ਹੈ - ਇਹ ਮੁਹਿੰਦਰ ਸੁਮਲ ਤੇ ਸਾਥੀਆਂ ਦੀਆਂ ਬੋਲੀਆਂ, ਗੀਤਾਂ ਤੇ ਡੋਣਾਂ ਦੇ ਟੱਪਿਆਂ ਵਿਚੋਂ ਮਿਲਦੀ ਹੈ।

। ਪੂਰਬੀ ਤੇ ਪੱਛਮੀ ਸਭਿਅਤਾਵਾਂ ਵਿਚ ਫਰਕ ਤਾਂ ਸਦੀਆਂ ਤੋਂ ਹੀ ਤੁਰਿਆ ਆਉਂਦਾ ਹੈ, ਪਰ ਨਵੀਨ ਸਾਇੰਸ ਨੇ ਇਸ ਪਾੜੇ ਦੀ ਲੀਕਰ ਵਿਚ ਹੋਰ ਰੰਗ ਭਰ ਦਿਤਾ ਹੈ। ਇਹ ਆਸਾਨੂੰ ਵੰਗਾਰ ਹੈ, ਨਵੀਂ ਪੀੜ੍ਹੀ ਨੂੰ ਆਪਦੇ ਸਭਿਆਚਾਰ ਤੋਂ ਵਾਂਝਾ ਨਾ ਰਹਿਣ ਦਿਤਾ ਜਾਵੇ ਸੁਮਲ ਇਸੇ ਸਿਰੜ ਨਾਲ ਲੋਕਾਂ ਵਿਚ ਆਪਣੀ ਸਿਹਤਮੰਦ ਪਹੁੰਚ ਰਖਦਾ ਹੋਇਆ ਸਭਿਆਚਾਰਕ ਵਿਰਸੇ ਨੂੰ ਜਿਉਂਦਾ ਰਖਣ ਦਾ ਉਪਰਾਲਾ ਕਰਨ ਦੀ ਵਾਹ ਲਾ ਰਿਹਾ ਹੈ। ਇਹ ਮਸਲਾ ਆਸਾਡੇ ਸਾਹਮਣੇ ਪਹਾੜ ਜਿੱਡਾ ਵਿਸਮਿਕ ਚਿੰਨ ਹੈ।

ਜਿਥੇ ਅਸੀਂ ਦਸ-ਪੰਦਰਾਂ ਪਰਵਾਰ ਜੁੜਕੇ ਖੁਸ਼ੀਆਂ ਮਨਾਂਦੇ, ਗੀਤ ਗਾਂਦੇ ਤੇ ਭੰਗੜਾ ਪਾਉਂਦੇ ਸੀ, ਅੱਜ ਉਹੋ ਹੀ ਪਰਵਾਰ ਬੰਦ ਕਮਰਿਆਂ ਵਿਚ ਬੈਠਕੇ ਆਪੋ ਆਪਣੇ ਘਰੀਂ ਵੀਡੀਓ ਤੇ ਭਾਰਤੀ ਫਿਲਮਾਂ ਵੇਖਦੇ ਵੇਖਦੇ ਮੂੰਹ ਵਿਚ ਘੁੰਗਣੀਆਂ ਪਾਈ ਆਪਣੇ ਆਪ ਵਿਚ ਅਨੰਦ ਮਾਣ ਰਹੇ ਹਨ। ਇਹੋ ਸਰਮਾਏਦਾਰੀ ਨਿਜ਼ਾਮ ਚਾਹੁੰਦਾ ਹੈ ਤੇ ਇਸ ਦੇ ਫਲ ਸਰੂਪ ਪੱਛਮੀ ਸਭਿਅਤਾ ਨੇ ਅਸਾਡਾ ਸਭਿਆਚਾਰਕ ਵਿਰਸਾ ਲੰਗੜਾ ਕਰਕੇ ਰੱਖ ਦਿਤਾ ਹੈ।

ਇਹ ਇਕ ਹੋਕਾ ਹੈ, ਪੁਕਾਰ ਹੈ "ਖੱਟਣ ਗਏ ਪਰਦੇਸ" ਵਿਚ ਉਨ੍ਹਾਂ ਅਣਖੀਲੇ ਪੰਜਾਬੀਆਂ ਨੂੰ, ਮਤੇ ਇਸ ਬਹੁਮੁੱਲੇ ਖਜ਼ਾਨੇ ਨੂੰ ਐਵੇਂ ਹੀ ਨਾ ਵਿਸਾਰ ਬੈਠਿਓ। ਇਸ ਨੂੰ ਜਿਉਂਦਾ ਰਖਣ ਲਈ ਹਰ ਹੀਲਾ ਕਰ ਵਰਤਕੇ ਇਕ-ਮੁੱਠ ਹੋ ਕੇ ਇਸ ਪ੍ਰਫੁਲਤ ਸਭਿਆਚਾਰ ਨੂੰ ਜਿਉਂਦਾ ਰਖਿਆ ਜਾਵੇ।

ਭਾਵੇਂ ਪਰਦੇਸਾਂ ਵਿਚ ਰੋਟੀ-ਰੋਜ਼ੀ ਲਈ ਬਹੁਤ ਘਾਲਨਾਵਾਂ ਘਾਲਣੀਆਂ ਪੈਂਦੀਆਂ ਹਨ। ਕਾਲੇ-ਚਿਟੇ ਦਾ ਸਵਾਲ, ਨੌਕਰੀ ਟੁੱਟਣ ਦਾ ਡਰ, ਘਰ ਤੇ ਕਾਰ ਦੀਆਂ ਕਿਸ਼ਤਾਂ, ਇਸ ਤੋਂ ਉਪਰੰਤ ਦੇਸ ਬੈਠੇ ਪਰਵਾਰ ਨੂੰ ਠੰਡੀ ਹਵਾ ਦੇ ਬੁੱਲੇ ਭੇਜਣੇ ਆਸਾਡੇ ਵਿਰਸੇ ਦਾ ਹੀ ਇਕ ਅੰਗ ਹੈ।

ਪੱਛਮੀ ਸਭਿਆਚਾਰ ਨੇ ਆਸਾਡੇ ਸਭਿਆਚਾਰ ਨੂੰ ਲੰਗੜਾ ਕਰਨ ਤੋਂ ਉਪਰੰਤ ਅਪਣੱਤ-ਹੀਣ ਕਰਨ ਵਿਚ ਵੀ ਕਸਰ ਨਹੀਂ ਛੱਡੀ। ਜਿੰਨ੍ਹਾਂ ਨੇ ਇਥੋਂ ਦਾ ਅਸਰ ਕਬੂਲ ਕਰਕੇ ਜੋ ਕਠਨਾਈਆਂ - ਔਕੜਾਂ ਦਾ ਭਾਈਚਾਰੇ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਸਭ ਤੋਂ ਵਧ ਉਭਰਕੇ ਸਾਡੇ ਸਾਹਮਣੇ ਆਇਆ ਹੈ। ਗਲਤ ਆਦਤਾਂ, ਤੋੜ-ਵਿਛੋੜ, ਸੁਹਾਗ ਰੋਲੇ ਗਏ, ਮਾਰ-ਕੁਟਾਈ ਤੇ ਜਿਉਂਦੀਆਂ ਜਾਨਾਂ ਨੂੰ ਅੱਗ ਦੀ ਲਪੇਟ ਵਿਚ ਝੌਂਕਿਆ ਗਿਆ।

ਦੇਸ ਜਾ ਕੇ ਮਾਵਾਂ-ਮੂੰਧ ਬੈਠਕੇ ਧੀਆਂ ਕੈਨੇਡਾ ਦੇ ਵੈਣ ਪਾਉਂਦੀਆਂ ਹਨ, ਜਿੰਨ੍ਹਾਂ ਦੀ ਭਰ ਜੁਆਨੀ ਮਾਰੂਥਲ ਬਣ ਗਈ ਹੋਵੇ। ਉਹ ਆਪਣੇ ਮਾਪਿਆਂ ਨੂੰ ਨਿਹੋਰਦੀਆਂ ਹਨ ਤੇ ਰੰਝ ਭਰੇ ਬੋਲਾਂ ਨਾਲ ਆਪਾ ਉਗਲੱਛ ਕੇ ਮਨ ਦਾ ਗੁਬਾਰ ਕੱਢਦੀਆਂ ਹਨ।

ਚੌੜੀਆਂ ਸੜਕਾਂ
ਵੱਡੀਆਂ ਕਾਰਾਂ
ਏਸ ਮੁਲਕ ਦਾ ਗਹਿਣਾ
ਨਾਚ ਘਰਾਂ ਵਿਚ ਨੰਗੇ ਨੱਚਣਾ
ਕੀ ਕਲਚਰ ਦਾ ਕਹਿਣਾ।
ਔਰਤ ਪੀਵੇ ਸਿਗਰਟ, ਦਾਰੂ
ਕੀ ਸ਼ਰਮਾਂ ਤੋਂ ਲੈਣਾ
ਬਣਿਆ ਸ਼ੁਗਲ ਜਿਹਾ
ਹਰ ਸਾਲ ਡਾਈਵੋਰਸ ਲੈਣਾ
ਬਣਿਆ ......

ਸੁਮਲ ਤਲਾਕ ਲੈਣ ਦਾ ਵਲ ਪੱਛਮੀ ਸਭਿਅਤਾ ਨੂੰ ਕਸੂਰਵਾਰ ਠਹਿਰਾਉਂਦਾ ਹੈ, ਪੰਜਾਬੀਆਂ ਤੇ ਇਸ ਦਾ ਬਹੁ-ਗਿਣਤੀ ਵਿਚ ਮਾਰੂ ਅਸਰ ਹੋਇਆ ਹੈ - ਹਾਣ ਲੀਰੋ ਲੀਰ ਹੋ ਰਹੇ ਹਨ। ਕੈਨੇਡਾ 'ਚੋਂ ਅੱਧਖੜ-ਅੱਧਪੜ੍ਹ ਦੇਸੋਂ ਐਮ. ਏ. ਪੜ੍ਹੀ ਵਿਆਹ ਕੇ ਲਿਆਉਂਦਾ ਹੈ। ਪੜ੍ਹੀਆਂ ਲਿਖੀਆਂ ਪਰਦੇਸਾਂ ਵਿਚ ਆ ਖੇਤੀਂ ਰੁਲਕੇ ਬੇਰੀ ਤੋੜਦੀਆਂ ਤੋੜਦੀਆਂ ਦੇ ਕੋਮਲ ਪੋਟਿਆਂ ਤੇ ਛਾਲੇ ਪੈਂਦੇ ਹਨ। ਕੋਈ ਦਾਦ ਨਹੀਂ ਫਰਿਆਦ ਨਹੀਂ, ਬਿਲਕੁਲ ਉਸੇ ਤਰ੍ਹਾਂ ਜਿਵੇਂ ਦੇਸ ਵਿਚ "ਕਿਰਤੀ ਦੀ ਘਰ ਵਾਲੀ" ਖੇਤਾਂ ਵਿਚ ਕਪਾਹ ਚੁੱਗਣ ਜਾਂਦੀ ਹੋਵੇ —

ਭਾਈਆ ਗਿਆ ਵਲੈਤੀ ਫੇਲ੍ਹ ਅੱਠਵੀਂ
ਵਿਆਹ ਕੇ ਲੈ ਗਿਆ ਸੋਲਵੀਂ ਪੜ੍ਹੀ।

ਮੁਹਿੰਦਰ ਸੁਮਲ ਨੇ ਇਸ ਹੱਥਲੀ ਸਾਹਿਤਕ ਕਿਰਤ ਵਿਚ ਖੁਰਦੇ ਜਾਂਦੇ ਸਭਿਆਚਾਰ ਨੂੰ ਜਿਉਂਦਾ ਰੱਖਣ ਲਈ ਸੁਚੇਤ ਕਰਦਾ ਹੈ। ਪਰ ਅਜੋਕੀ ਤੇ ਆਉਣ ਵਾਲੀ ਨਸਲ ਤੇ ਪੱਛਮੀ ਪਰਭਾਵ ਅਮਰ ਵੇਲ ਦੀ ਤਰ੍ਹਾਂ ਫੈਲ ਰਿਹਾ ਹੈ।

ਇਸ ਕਿਰਤ ਦਾ ਬਹੁਤੇ ਹੱਥਾਂ ਵਿਚ ਨਾ ਜਾਣ ਦਾ ਡਰ, ਮੈਂ ਅਨੁਭਵ ਕਰ ਰਿਹਾ ਹਾਂ। ਕੋਈ ਵੀ ਉਸਾਰੂ ਸਾਹਿਤਕ ਕਿਰਤ ਛਾਪਣ ਵੇਲੇ, ਇਨ੍ਹਾਂ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ, ਕਿ ਉਸ ਕਿਰਤ ਨੂੰ ਵੱਧ ਤੋਂ ਵੱਧ ਹੱਥਾਂ ਵਿਚ ਪਹੁੰਚਾਉਣਾ ਚਾਹੀਦਾ ਹੈ। ਇਹ ਤੱਦ ਹੀ ਸੰਭਵ ਹੋ ਸਕਦਾ ਹੈ, ਜੇ ਕਿਤਾਬ ਦੀ ਕੀਮਤ ਘੱਟ ਤੋਂ ਘੱਟ ਮਿਥੀ ਜਾਵੇ।

ਅਜੋਕੇ ਸਰਮਾਏਦਾਰੀ ਦੌਰ ਨੇ ਲੋਕਾਂ ਦਾ ਵਤੀਰਾ ਇਹੋ ਜਿਹਾ ਬਣਾ ਦਿਤਾ, ਜਾਂ ਇਨੇ ਆਦੀ ਹੋ ਗਏ ਹਨ ਉਹ ਕਿਤਾਬ ਖਰੀਦ ਕੇ ਪੜ੍ਹਨ ਦੀ ਥਾਂ ਇਕ ਡਾਲਰ ਦੀ ਫਿਲਮ ਘਰ ਲੈ ਜਾਣ ਨੂੰ ਤਰਜੀਹ ਦਿੰਦੇ ਹਨ - ਭਵਿਖ ਵਿਚ ਇਸ ਨੂੰ ਧਿਆਨ ਗੋਚਰ ਕਰਨਾ ਪਾਵੇਗਾ —

ਸਮੁੱਚੇ ਤੌਰ ਤੇ ਸੁਮਲ ਦੀ ਪਲੇਠੀ ਕਿਰਤ ਇਕ ਬਹੁਤ ਚੰਗਾ ਉਪਰਾਲਾ ਹੈ, ਜੋ ਸਲਾਹੁਣਯੋਗ ਹੈ।

# ਕੂੜ ਨਿਖੁੱਟੇ..'

ਦਰਸ਼ਨ ਗਿੱਲ

ਬਾਬਾ ਜੀ !
ਤੂੰ ਤੇ ਕਹਿੰਦਾ ਸੀ —
'ਕੂੜ ਨਿਖੁੱਟੇ'
ਪਰ ਏਸ ਨਗਰ—
ਸੱਚ ਨਿਖੁੱਟੇ !
ਇਸ਼ਤਿਹਾਰ ਸੱਚ ਦੇ
ਦਰ ਤੇਰੇ ਤੇ—
ਲਾਏ ਤੇਰੇ ਆਪਣੇ ਭਗਤਾਂ
ਕਰਕੇ ਪੁੱਠੇ !
ਤਾ ਕਿ ਰੋਗਣ ਰੂਹ
ਇਹਨਾਂ ਦੀ
ਭੁਲ-ਭੁਲੇਖੇ
ਜਾਗ ਪਈ ਜੇ—
ਮਾਰੂਗੀ ਇਨ੍ਹਾਂ ਦੇ ਜੁੱਤੇ !

ਬਾਬਾ ਜੀ !
ਤੂੰ ਕਹਿੰਦਾ ਸੀ—
'ਰਾਜੇ ਸ਼ੀਂਹ, ਮੁਕੱਦਮ ਕੁੱਤੇ !'

ਪਰ ਏਸ ਨਗਰ —
ਮੈਨੂੰ ਕੋਈ ਸ਼ਾਹ ਦਿਸਦਾ ਨਾ
ਨਾ ਕੋਈ ਮੈਨੂੰ ਮੁਕੱਦਮ ਦਿਸੇ !
ਪਰ ਬਾਬਾ,
ਤੇਰੇ ਘਰ ਦੇ ਆਲ-ਦੁਆਲੇ
ਲੱਖਾਂ ਟੁੱਕਰ-ਬੋਚ ਨੇ ਫਿਰਦੇ !
ਸੁਬਾਹ-ਸ਼ਾਮ ਜਿਨ੍ਹਾਂ ਮੂੰਹਾਂ ਤੋਂ,
ਚੁਗਲੀਆਂ ਦੇ ਫੁੱਲ ਨੇ ਕਿਰਦੇ !
ਫਿਰ ਉਹ,
ਆਪੋ ਆਪ 'ਚ ਭਿੜਦੇ !
ਇੱਕ ਦੂਜੇ ਤੇ,
ਚਿੱਕੜ ਸੁਟਦੇ,
ਇਕ ਦੂਜੇ ਦੀ ਤੀਵੀਂ ਪੁੱਣਦੇ !
ਖੜਤਾਲਾਂ ਦੇ ਜ਼ੋਰ ਸ਼ੋਰ ਵਿਚ
ਮੈਨੂੰ ਲੱਗਦੇ ਤੇਰੇ ਕੰਨੀਂ—
ਇਹ ਕੋਈ 'ਵਾਜ਼
ਨਾ ਪਹੁੰਚਣ ਦੇਂਦੇ !
ਬਾਬਾ ਜੀ ! ਕੇਹੇ ਨੇ
ਇਹ 'ਕਹਿੰਦ' ਦੇ ਪੇਂਦੇ !

ਬਾਬਾ ਜੀ !
ਤੂੰ ਤੇ ਕਿਹਾ ਸੀ —
'ਮਿਟੀ ਮੁਸਲਮਾਨ ਕੀ
ਪੇੜੇ ਪਈ ਘੁਮਿਆਰ !
ਘੜਿ ਭਾਂਡੇ ਇਟਾ ਕੀਆ,
ਜਲਦੀ ਕਰੇ ਪੁਕਾਰ !'
ਪਰ ਬਾਬਾ
ਏਸ ਨਗਰ ਦੀ ਮਿੱਟੀ
ਰੋਵੇ ਜ਼ਾਰੋ ਜ਼ਾਰ !
ਸੋਨੇ ਦੀਆਂ ਇਟਾਂ ਬਣਦੀਆਂ
ਤੇ ਦੌਲਤ ਬੇਸ਼ੁਮਾਰ !
ਬਾਬਾ ! ਇਹ ਕੇਹੇ ਘੁਮਿਆਰ !

ਏਸ ਨਗਰ ਵਿਚ
ਮਿੱਟੀ ਖਾਤਰ ਜੰਗਾਂ ਹੁੰਦੀਆਂ !
ਨਿੱਤ ਦਿਹਾੜੇ
ਇਕ ਦੂਜੇ ਦਾ ਸਿਰ
ਪਾੜਨ ਦਹਆਂ ਮੰਗਾਂ ਹੁੰਦੀਆਂ !

ਬਾਬਾ ਤੇਰਾ ਕਹਿਣਾ—
'ਨਿਵੈ ਸੁ ਗਾਉਰਾ ਹੋਇ'
ਪਰ ਇਹ ਨਾਗਾਂ ਵਾਕੁਰ
ਸਿਰ ਚੱਕਦੇ ਨੇ !
ਇਕ ਦੂਜੇ ਨੂੰ
ਨਿੱਤ ਡੱਸਦੇ ਨੇ !
ਨਿੱਤ ਦਿਹਾੜੇ
ਇਕ ਦੂਜੇ ਸੰਗ
ਜਾ ਫਸਦੇ ਨੇ !
ਇਕ ਦੂਜੇ ਨੂੰ,
ਕੈਰੀਆਂ ਨਜ਼ਰਾਂ
ਸੰਗ ਤੱਕਦੇ ਦੇ ਨੇ !

ਇਹ ਨਗਰ ਤਾਂ
ਸੱਚ ਦੀ ਹੋਂਦ ਗੁਆਈਂ ਬੈਠਾ ਹੈ
ਬਾਬਾ,
ਤੇਰੇ ਸਾਰੇ ਕਹਿਣੇ
ਮਿੱਟੀ ਵਿਚ ਰੁਲਾ ਬੈਠਾ ਹੈ।



JOHAL'S COLLISION Ltd.



● ਪੂਰੀ ਬਾਡੀ ਦਾ ਕੰਮ
● ਮਾਡਰਨ ਫਰੇਮਾਂ ਦੀ ਮੁਰੰਮਤ
● ਮਾਡਰਨ ਕੁਆਲਿਟੀ ਪੇਂਟਿੰਗ
● ICBC ਦੇ ਕਲੇਮ ਜਲਦੀ ਹੈਂਡਲ
● ਮੁਫਤ ਐਸਟੀਮੇਟ
● ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

ALL TYPES OF BODY REPAIRS — FREE ESTIMATES —
ALL WORK CONDITIONALLY GUARANTEED
• CARS
• TRUCKS
Balbir or Paul
12051 - 86th Ave. SURREY
Ph. 591-8151

(ਪੰਨਾ 6 ਦੀ ਬਾਕੀ)

ਕਿਸੇ ਵੀ ਵਧੀਆ ਲੇਖਕ ਤੇ ਕਵੀ ਦਾ ਵਿਸ਼ੇਸ਼ ਗੁਣ ਇਹੋ ਹੀ ਹੁੰਦਾ ਹੈ ਕਿ ਉਹ ਆਪਣੇ ਸਮੇਂ ਤੇ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਮਹਾਨ ਕਵੀ ਹੋਣ ਦੇ ਨਾਤੇ, ਗੁਰੂ ਨਾਨਕ ਜੀ ਵੀ ਇਸ ਗੁਣ ਦੇ ਭਰਪੂਰ ਖਜ਼ਾਨੇ ਦੇ ਮਾਲਕ ਸਨ। ਬਾਬਰ ਦੇ ਹਮਲੇ ਨਾਲ ਜੋ ਦੁਰਦਸ਼ਾ ਭਾਰਤੀਆਂ ਦੀ ਹੋਈ ਉਸ ਦੀ ਦਿਲ ਟੁੰਬਵੀਂ ਦਰਦਨਾਕ ਤਸਵੀਰ ਗੁਰੂ ਨਾਨਕ ਨਾਲੋਂ ਵਧ ਸਹੀ ਰੂਪ ਵਿੱਚ ਹੋਰ ਕੌਣ ਪੇਸ਼ ਕਰਦਾ ਸੀ? ਉਹ ਫੁਰਮਾਉਂਦੇ ਹਨ:-

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥

ਅਰਥਾਤ ਜਿਨ੍ਹਾਂ ਸਿਰਾਂ ਵਿੱਚ ਕਦੇ ਸ਼ਿੰਗਾਰ ਦੇ ਰੂਪ ਵਿੱਚ ਸੰਧੂਰ ਲਾਇਆ ਜਾਂਦਾ ਸੀ ਉਹ ਕੇਸ ਹੁਣ ਕੈਂਚੀਆਂ ਨਾਲ ਕਟ ਦਿੱਤੇ ਗਏ ਹਨ। ਘੱਟਾ ਉਡ ਉਡ ਕੇ ਉਨ੍ਹਾਂ ਸਿਰਾਂ ਤੇ ਪੈ ਰਿਹਾ ਹੈ। ਜੋ ਔਰਤਾਂ ਕਦੇ ਮਹੱਲਾਂ ਵਿੱਚ ਵੱਸਦੀਆਂ ਸਨ ਤੇ ਜਿਨ੍ਹਾਂ ਦੇ ਉਠਣ ਬੈਠਣ ਤੇ ਵੀ ਸ਼ੁਕੀਨਾਂ ਦੀਆਂ ਨਜ਼ਰਾਂ ਟਿਕ ਹੁੰਦੀਆਂ ਸਨ ਉਨ੍ਹਾਂ ਔਰਤਾਂ ਨੂੰ ਜ਼ਾਲਮ ਹਮਲਾਵਰ, ਗਲਾਂ ਵਿੱਚ ਰੱਸੀਆਂ ਪਾ ਕੇ ਡੰਗਰਾਂ ਵਾਂਗ ਖਿੱਚੀ ਜਾਂਦੇ ਹਨ। ਇਸ ਦੁਰਦਸ਼ਾ ਵਿੱਚ ਹਿੰਦਵਾਣੀਆਂ ਜਾਂ ਮੁਸਲਮਾਨ-ਔਰਤਾਂ ਕਿਸੇ ਦਾ ਵੀ ਲਿਹਾਜ਼ ਨਹੀਂ ਕੀਤਾ ਗਿਆ। ਸਥਿਤੀ ਇਥੋਂ ਤੱਕ ਹੋ ਗਈ ਹੈ ਕਿ -

"ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।"

ਚਾਰੇ ਪਾਸੇ ਹਾਹਾਕਾਰ ਮੱਚ ਗਈ। ਬਾਬਰ ਦੀਆਂ ਫੌਜਾਂ ਵੱਲੋਂ ਕੀਤੀ ਗਈ ਕੱਟ-ਵੱਢ ਕਾਰਨ ਹਿੰਦੂਆਂ ਦੇ ਗਰਮ ਖੂਨ ਨਾਲ ਧਰਤੀ ਰੰਗੀ ਗਈ। ਇਸੇ ਲਈ ਤਾਂ ਗੁਰੂ ਜੀ ਨੇ ਏਮਨਾਬਾਦ ਦੀ ਤੁਲਨਾ ਮਾਸਪੁਰੀ ਅਰਥਾਤ ਲੋਥਾਂ ਦੀ ਨਗਰੀ ਨਾਲ ਕਰਦਿਆਂ ਆਪਣੀ ਰਚਨਾ ਨੂੰ, ਜੋ ਉਥੇ ਬੈਠ ਕੇ ਉਚਾਰੀ ਗਈ, ਖੂਨ ਦੇ ਸੋਹਿਲੇ ਆਖਿਆ ਹੈ -

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥
ਅਤੇ ਸਾਹਿਬ ਕੇ ਗੁਣ ਨਾਨਕੁ ਗਾਵੈ,
ਮਾਸਪੁਰੀ ਵਿਚਿ ਆਖੁ ਮਸੋਲਾ ॥

ਇਸ ਸਾਰੀ ਦੁੱਖਦਾਈ ਸਥਿਤੀ ਤੋਂ ਦੁੱਖੀ ਹੋਏ ਮਨ ਨਾਲ ਗੁਰੂ ਜੀ ਨੇ ਇਹ ਦੁਖਾਂਤ ਪੈਦਾ ਕਰਨ ਵਾਲੇ ਪ੍ਰਮਾਤਮਾ ਨੂੰ ਵੀ ਉਲਾਹਮਾ ਦਿੱਤਾ। ਉਹਨਾਂ ਨੇ ਹਿੰਦੂ ਮਜ਼ਲੂਮਾਂ ਨੂੰ ਗਊ ਤੇ ਹਮਲਾਵਰ ਜਰਵਾਣਿਆਂ ਨੂੰ ਸ਼ੇਰ ਲਿਖ ਕੇ ਅਕਾਲ ਪੁਰਖ ਨੂੰ ਸੰਬੋਧਨ ਕੀਤਾ ਕਿ "ਜੇ ਕੋਈ ਸ਼ਕਤੀਸ਼ਾਲੀ ਆਦਮੀ ਕਿਸੇ ਜਰਵਾਣੇ ਨਾਲ ਭਿੜ ਜਾਵੇ ਤਾਂ ਕਿਸੇ ਦੇ ਮਨ ਵਿੱਚ ਕੋਈ ਰੋਸ ਨਹੀਂ ਜਾਗਦਾ, ਪਰ ਜੇ ਜਰਵਾਣਾ ਸ਼ੇਰ ਵਿਚਾਰੀਆਂ ਗਊਆਂ ਦੇ ਵੱਗ ਤੇ ਹੱਲਾ ਬੋਲ ਦੇਵੇ ਤਾਂ ਮਾਲਕ ਕੋਲੋਂ ਪੁੱਛਗਿੱਛ ਜ਼ਰੂਰ ਹੁੰਦੀ ਹੈ। ਇਸ ਏਮਨਾਬਾਦ ਵਿੱਚ ਤਾਂ ਹਮਲਾਵਰ ਕੁੱਤਿਆਂ ਨੇ ਲਾਲਾਂ, ਰਤਨਾਂ ਵਰਗੀ ਹਿੰਦੀਆਂ ਨੂੰ ਮੱਟੀ ਰੋਲੀਆਂ ਰੋਲ ਦਿੱਤਾ ਹੈ।"

ਏਤੀ ਮਾਰ ਪਈ ਕੁਰਲਾਣੈ,
ਤੈਂ ਕੀ ਦਰਦੁ ਨ ਆਇਆ ॥

ਇਥੇ ਗੁਰੂ ਜੀ ਨੇ ਮਜ਼ਲੂਮਾਂ ਦੇ ਹੱਕ ਵਿੱਚ ਮਾਰੀ ਆਹ ਧੁਰ ਦਰਗਾਹ ਵਿੱਚ ਪਹੁੰਚਾਈ ਤੇ ਦੁਖੀਆਂ ਨਾਲ ਹਮਦਰਦੀ ਪ੍ਰਗਟ ਕੀਤੀ।

ਸੰਸਾਰ ਅਮਨ ਦੇ ਖਤਰਿਆਂ ਵਿੱਚ ਘਿਰਿਆ ਹੋਣ ਕੇ ਅੱਜ ਦੇ ਦਿਨ ਵੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਅੱਜ ਜਿਸ ਤਰ੍ਹਾਂ ਦੁਨੀਆਂ ਵਿੱਚ ਕਈ ਥਾਈਂ ਖੂਨ ਖਰਾਬਾ ਹੋ ਰਿਹਾ ਹੈ ਤੇ ਜੰਗ ਦੇ ਬੱਦਲ ਮੰਡਰਾ ਰਹੇ ਹਨ ਉਸ ਨਾਲ ਵਿਗਿਆਨਕ ਖੇਤਰ ਵਿੱਚ ਉੱਨਤ ਹੋ ਰਹੇ ਵਿਸ਼ਵ ਭਾਈਚਾਰੇ ਦੀ ਸਲਾਮਤੀ ਹੋਰ ਵੀ ਖਤਰੇ ਵਿੱਚ ਪੈ ਰਹੀ ਹੈ। ਸਾਰੇ ਬੁੱਧੀਮਾਨ ਤੇ ਅਮਨ ਪਸੰਦ ਲੋਕ ਇਸ ਸਥਿਤੀ ਤੋਂ ਚਿੰਤਾਤੁਰ ਹਨ। ਇਸ ਸੰਕਟ ਵਿੱਚ ਜੇ ਗੁਰੂ ਨਾਨਕ ਦੇ ਉਪਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਅਮਲੀ ਜਾਮਾ ਪਹਿਨਾਇਆ ਜਾ ਸਕੇ ਤਾਂ ਨਿਰਸੰਦੇਹ ਅਸੀਂ ਆਪ ਸਹੇੜੀ ਇਸ ਸਮੱਸਿਆ ਵਿੱਚੋਂ ਬਚ ਕੇ ਨਿਕਲ ਸਕਦੇ ਹਾਂ, ਨਹੀਂ ਤਾਂ ਹੋਰ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਗੁਰੂ ਨਾਨਕ ਜੀ ਨੇ ਹਮਲਾਵਰ ਨੂੰ ਜਿਸ ਦੁੱਖੀ ਹਿਰਦੇ ਨਾਲ ਕੋਸਿਆ ਤੇ ਮਜ਼ਲੂਮਾਂ ਪ੍ਰਤੀ ਜਿੰਨੀ ਹਮਦਰਦੀ ਪ੍ਰਗਟਾਈ, ਉਹ ਸਾਡੇ ਲਈ ਮਾਰਗ ਦਰਸ਼ਨ ਦਾ ਕੰਮ ਕਰਦੀ ਹੈ। ਉਨ੍ਹਾਂ ਵੱਲੋਂ ਆਪ ਬਾਬਰ ਦੀ ਜੇਲ੍ਹ ਵਿੱਚ ਕੈਦੀ ਬਣ ਕੇ ਉਸ ਨੂੰ ਸਹੀ ਤਰੀਕੇ ਨਾਲ ਜੰਗ ਦੇ ਸਿੱਟੇ ਸਮਝਾਉਣੇ ਇੱਕ ਸਾਹਸ ਭਰਪੂਰ ਅਮਲ ਸੀ।

ਸਾਨੂੰ ਅੱਜ ਦੀ ਸਥਿਤੀ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਤੇ ਅਮਲ ਕਰਕੇ ਵਿਸ਼ਵ ਦੀ ਵਿਸਫੋਟਕ ਸਥਿਤੀ ਨੂੰ ਸੰਭਾਲਣਾ ਚਾਹੀਦਾ ਹੈ।

# ਪਿਆਰਿਓ ! ਨੱਪੇ ਗਏ?

ਰਾਮ ਸਿੰਘ ਢਿੱਲੋਂ, ਸਰੀ

## ਵੱਢੀ-ਖੋਰ ਹਾਕਮਾਂ ਦੀਆਂ ਲੈਣਰੀਆਂ ਨਿਕਲਣ ਲਗ ਪਈਆਂ

ਕਾਲਕਾ ਜੀ, ਡੀ: ਡੀ: ਏ ਫਲੈਟਾਂ, ਦਿੱਲੀ ਦਾ ਵਸਨੀਕ ਡਾ: ਕ: ਸੋਡੀਲਾ, ਬੜੇ ਮਜ਼ੇ 'ਚ ਅੰਮ੍ਰਿਤ ਵੇਲੇ ਆਪਣੇ ਯੋਗਾ-ਕਸਰਤਾਂ ਦੇ ਨਿਤਨੇਮ ਦਾ ਅਨੰਦ ਮਾਣ ਰਿਹਾ ਸੀ। ਉਹਦੇ ਬਾਹਰਲੇ ਬੂਹੇ ਤੇ ਠਕ ਠਕ ਠੋਰ-ਠੱਕ ਦੀ ਆਵਾਜ਼ ਆਈ। ਉਹਦੀ ਹੈਰਾਨੀ ਇਕ ਪ੍ਰਸ਼ਨਾ ਵਾਂਗ ਹੋ ਗਈ ਜਦ ਉਹਨੇ ਡੋਰ ਖੋਲ੍ਹਣ ਉਪਰੰਤ ਸੰਘੇ ਤੀਉੜੀਆਂ, ਖਲੂਦੇ ਚੇਹਨ-ਚੱਕਰ ਵਾਲੇ, ਸੈਂਟਰਲ ਬਰੋ ਆਫ ਇਨਵੈਸਟੀਗੇਸ਼ਨ(ਖੁਫੀਆ ਪੁਲਸ ਅਫਸਰ) ਵਾਲਿਆਂ ਦੀ ਟੋਲੀ ਵੇਖੀ। "ਅਸੀਂ ਤੇਰੇ ਘਰ ਦੀ ਤਲਾਸ਼ੀ ਲੈਣ ਆਏ ਹਾਂ।" ਜਦ ਉਨ੍ਹਾਂ ਆਖਿਆ ਤਾਂ ਉਹ ਅਧ-ਮਰਿਆਂ ਚੁਪ-ਚਾਪ ਬਦੂਤ ਜੇਹਾ ਬਣ ਗਿਆ। ਇਸ ਛਾਪੇ ਦੌਰਾਨ ਉਹਦੇ ਅੰਦਰੋਂ ਦੋ ਰੈਫਰਿਜਰੇਟਰ, , ਦੋ ਟੈਲੀਵੀਜਨ (ਇਕ ਰੰਗਦਾਰ) ਅਤੇ ਇਕ ਸਟੀਰੀਓ-ਸੈਟ ਹੱਥ ਲਗੇ। ਸ਼ਾਲਿਮਾਰ ਬਾਗ ਵਿਚ ਉਹਦਾ ਇਕ ਹੋਰ ਪੰਜ ਲੱਖ ਦਾ ਘਰ ਹੈ, ਕਿਰੋਲ ਬਾਗ ਵਿਚ ਇਕ ਦੁਕਾਨ ਉਹਦੇ ਪੁੱਤ ਦੇ ਨਾਮ ਹੈ। ਉਹਦੀ ਕੁਲ ਜਾਇਦਾਦ (ਅਸਾਸਾ) ਦਸ ਲੱਖ ਦੀ ਹੈ। ਸੋਡੀਲਾ ਦਾ ਕੋਈ ਵਪਾਰ ਨਹੀਂ। ਦੂਜੇ ਲਫਜ਼ਾਂ ਵਿਚ, ਜਿਥੇ, ਆਪ ਇਨਕਮਟੈਕਸ ਅਫਸਰ ਹੋਣ ਦੇ ਨਾਤੇ, ਉਹਨੇ ਆਪ ਛਾਪਾ-ਮਾਰ ਟੋਲੀ ਵਿਚ ਸ਼ਾਮਿਲ ਹੋਣਾ ਸੀ ਤੇ ਅਜ ਆਪ ਨੱਪਿਆ ਗਿਆ, ਕਿਸਮਤ ਦੇ ਕਰਤੱਬ ਹਨ। ਸੋਡੀਲਾ ਨੂੰ ਧੀਰਜ ਦੇਣ ਵਾਲਾ, ਕੇਵਲ ਇਕੋ ਤਸੱਲੀ-ਦਿਲਾਸਾ ਹੋ ਸਕਦਾ ਹੈ, ਕਿ ਖੁਫੀਆ ਖੋਜੀ ਪੁਲਸੀਆਂ ਦੀ, ਉਸ ਦਿਨ ਕੇਵਲ, ਉਹਦਾ ਠੋਰ-ਠੱਕ ਕਰਨ ਦੀ ਸਵੇਰ ਵੇਲੇ ਘਟਨਾ ਹੀ ਨਹੀਂ ਹੋਈ ਸੀ, ਹੋਰ ਵੀ ਕਈ ਸਨ।

ਪਿਛਲੇ ਕਈ ਮਹੀਨਿਆਂ ਦੌਰਾਨ, ਖੁਫੀਆ-ਸੂਹਾਂ ਦੇ ਅਧਾਰ ਤੇ, ਵ: ਪ: ਸਿੰਘ ਫਾਈਨੈਂਸ ਮਨਿਸਟਰ ਨੇ, ਇਨਕਮਟੈਕਸ ਅਫਸਰਾਂ ਦੇ ਘਰ ਘਰੀਂ, ਸਪੱਸ਼ਟ ਤੌਰ ਤੇ ਛਾਪੇ ਮਾਰੇ, ਜਿਨ੍ਹਾਂ ਦੀ ਸੰਪਤੀ ਉਨ੍ਹਾਂ ਦੀ ਜਾਇਜ਼ ਤਨਖਾਹ-ਕਮਾਈ ਦੇ ਮੁਕਾਬਲੇ ਵਧੇਰੇ ਸੀ ਤਾਂਕਿ ਉਹ ਇਸ ਬਦਨਾਮ ਵੱਢੀ-ਖੋਰ ਮਹਿਕਮੇ ਦੇ ਕਲੰਕ ਨੂੰ ਧੋ ਸਕੇ।

ਥੋੜ੍ਹੇ ਦਿਨ ਪਹਿਲਾਂ ਉਹਨੇ ਸੱਤ ਸੀਨੀਅਰ ਇਨਕਮਟੈਕਸ ਕਮਿਸ਼ਨਰਾਂ ਨੂੰ ਜ਼ੋਰ ਪਾ ਕੇ ਜ਼ਰੂਰੀ ਰੀਟਾਇਰ ਕੀਤਾ। ਇਸੇ ਤਰ੍ਹਾਂ ਇਕ ਅਨੋਖੀ ਚਾਲ ਵਿਚ ਖੁਫੀਆ ਪੁਲਸ ਦੁਆਰਾ ਇਨਕਮਟੈਕਸ ਵਿਭਾਗ ਦੇ ਦੋ ਅਸਿਸਟੈਂਟ ਕਮਿਸ਼ਨਰਾਂ ਅਤੇ ਤਿੰਨ ਹੋਰ ਟੈਕਸ ਅਫਸਰਾਂ ਦੇ ਘਰੀਂ ਵੀ ਛਾਪੇ ਮਾਰੇ।

ਪ: ਸ੍ਰੀ ਨਿਵਾਸਨ ਚੀਫ ਕਮਿਸ਼ਨਰ ਇਨਕਮ ਟੈਕਸ ਦਿੱਲੀ ਨੇ ਦੱਸਿਆ ਕਿ ਸਾਰੇ ਅਫਸਰ ਮੁਅੱਤਲ ਕਰ ਦਿਤੇ ਜਾਣਗੇ ਅਤੇ ਉਨ੍ਹਾਂ ਦੇ ਖਿਲਾਫ ਮਹਿਕਮਾਨਾਂ ਕਾਰਵਾਈ ਕੀਤੀ ਜਾਵੇਗੀ। ਉਹਨੇ ਨਾਲ ਹੀ ਇਹ ਵੀ ਦੱਸਿਆ ਕਿ ਇਹਦਾ ਇਹ ਮਤਲਬ ਨਹੀਂ ਕਿ ਇਨਕਮਟੈਕਸ ਵਿਭਾਗ ਹੀ ਗੰਦਾ ਹੈ। ਕਿਸੇ ਇਕ ਮਹਿਕਮੇ ਨਾਲ ਕੁਰੱਪਸ਼ਨ ਸੰਬੰਧਤ ਨਹੀਂ, ਬਲਕਿ ਇਹ ਇਕ ਸਮਾਜਕ ਕੋੜ੍ਹ ਹੈ ਜਿਹੜਾ ਜੜ੍ਹਾਂ ਫੜ ਚੁੱਕਾ ਹੈ। ਉਹਨੇ ਦੱਸਿਆ ਕਿ ਕੌਮਰਸ ਵਿਭਾਗ(ਵਪਾਰੀ )ਅੰਦਰ ਕੇਵਲ ਇਕੋ ਵੱਢੀ-ਸੌਦੇ ਵਿਚ ਹੀ ਇਕ ਅਫਸਰ ਏਨਾ ਧਨ ਬਣਾ ਲੈਂਦਾ ਹੈ ਜਿਨਾ ਇਕ ਇਨਕਮਟੈਕਸ ਅਫਸਰ ਪੂਰੇ ਸਾਲ ਵਿਚ।

ਕੁਝ ਕੁ ਅਫਸਰਾਂ ਦੇ ਪਏ ਛਾਪਿਆਂ ਦੌਰਾਨ, ਇਕੱਠੀ ਹੋਈ ਸੰਪਤੀ ਨੇ ਇਹ ਸਪੱਸ਼ਟ ਕਰ ਦਿਤਾ ਹੈ ਕਿ ਉਨ੍ਹਾਂ ਦੇ ਮੰਤਰਾਲੇ ਨੇ, ਆਪਣਾ ਨਿੱਜੀ ਕੰਮ ਵਾਹਵਾ ਚੁਗਣਾ ਲਿਆ ਹੈ।

43 ਸਾਲਾ ਗੁਣਜੀਤ ਸਿੰਘ ਆਈ: ਆਰ: ਐਸ ਅਫਸਰ ਜਿਹੜਾ ਔਡਿਟ ਮਹਿਕਮੇ ਵਿਚ ਅਸਿਸਟੈਂਟ ਕਮਿਸ਼ਨਰ ਹੈ, ਦੇ ਘਰੋਂ, ਖੁਫੀਆ ਪੁਲਸ ਨੇ ਇਕ ਗੋਰੇ ਦੇ ਬਕਸੇ ਵਿਚੋਂ ਸੱਤ ਲੱਖ 43 ਹਜ਼ਾਰ ਕੈਸ਼, 38 ਬੋਤਲਾਂ ਬਦੇਸ਼ੀ ਸ਼ਰਾਬ, ਇਕ ਸੋਨੇ ਦਾ ਬਿਸਕੁਟ, 37000 ਜਾਲੰਧਰ ਬੈਂਕ ਖਾਤੇ ਜਮ੍ਹਾਂ ਅਤੇ ਬੜੀਆਂ ਵੱਡੀਆਂ ਰਕਮਾਂ ਸਟਾਕ ਮਾਰਕੀਟ ਹਿਸਿਆਂ ਵਿਚ ਲਾਈਆਂ ਹੋਈਆਂ ਮਿਲੀਆਂ, ਇਹ ਇਕ ਬੜੀ ਵੱਡੀ ਲੱਭ ਹੈ।

ਇਕ ਹੋਰ ਰਾਜਿੰਦਰਾ ਪਾਲ ਪੁਰੀ ਇਨਕਮਟੈਕਸ ਅਫਸਰ ਜਿਹੜਾ ਰਾਜੌਰੀ ਗਾਰਡਨ ਰਹਿੰਦਾ ਹੈ ਅਤੇ ਜੀਹਦਾ ਇਕ ਹੋਰ ਘਰ ਪੰਜਾਬੀ ਬਾਗ ਐਕਸਟੈਨਸ਼ਨ ਵਿਚ ਵੀ ਹੈ, ਜੀਹਦੇ ਕੋਲ ਇਕ ਮਾਰੂਤੀ ਕਾਰ ਹੈ ਅਤੇ ਦੂਜੀ ਬੁਕ ਕਰਵਾਈ ਹੋਈ ਹੈ, ਪੁਰੀ ਕੋਲ ਰੰਗਦਾਰ ਟੀ: ਵੀ: ਹੈ, ਬੜਾ ਮਹਿੰਗਾ ਟੇਪ ਰੀਕਾਰਡਰ ਤੇ ਵੀਡੀਓ ਹੈ, ਬੈਂਕ ਵਿਚ 75000 ਟ੍ਰਮ-ਡੀਪਾਜ਼ਿਟ ਹੈ। ਅਤੇ ਡੇਢ੍ਹ ਲੱਖ ਰੁਪੈ ਦੇ ਖਰੀਦੇ ਕੰਪਨੀ-ਸ਼ੇਅਰਜ਼ ਹਨ, ਉਹਦਾ ਕੁਲ ਅਸਾਸਾ ਸਾਢੇ ਅੱਠ ਲੱਖ ਦਾ ਬਣਦਾ ਹੈ।

ਇਸੇ ਜਾਲ ਵਿਚ ਫਾਥਾ ਇਕ ਹੋਰ ਰ: ਪ: ਪਾਂਡੀਆਂ ਨਾਮੇ ਇਨਕਮਟੈਕਸ ਅਫਸਰ ਹੈ ਜੀਹਨੇ ਪਹਿਲਾਂ ਇਕ ਕਲਰਕ ਵਜੋਂ ਨੌਕਰੀ ਸ਼ੁਰੂ ਕੀਤੀ ਸੀ, ਉਹ ਵੀ ਅਸਾਧਾਰਨ ਤੌਰ ਤੇ ਵਧੀਆ ਕਮਾਈ ਕਰ ਚੁਕਾ ਹੈ। ਉਹਨੇ ਆਪਣੀ ਮਸਜਿਦ ਮੋਠ ਵਾਲੀ ਫਲੈਟ ਮੁਰੰਮਤ-ਦਰੁਸਤ ਕਰਵਾਈ ਹੈ, ਨਵਾਂ ਫਰਨੀਚਰ ਖਰੀਦਿਆ ਹੈ, ਏਅਰ ਕੰਡੀਸ਼ਨਰ ਲਗਾਇਆ ਹੈ ਤੇ ਇਸ ਤੇ ਦੋ ਲੱਖ ਖਰਚਿਆ ਦੱਸਦਾ ਹੈ, ਉਹਦੇ ਕੋਲ ਫੀਅਟ ਕਾਰ ਵੀ ਹੈ, ਪਰ ਉਹ ਕਹਿੰਦਾ ਕਾਰ ਤੇ ਏਅਰ ਕੰਡੀਸ਼ਨਰ ਉਹਦਾ ਨਹੀਂ ਹੈ, ਪ੍ਰੰਤੂ ਖੁਫੀਆ ਅਫਸਰਾਂ ਦੇ ਅੰਦਾਜ਼ੇ ਅਨੁਸਾਰ ਉਹਦਾ ਅਸਾਸਾ ਵੀ ਛੇ ਲੱਖ ਤੋਂ ਘੱਟ ਨਹੀਂ ਹੈ।

ਖੁਫੀਆ ਛਾਪਿਆਂ ਉਪਰੰਤ ਅਫਸਰਾਂ ਦੀ ਜਾਂਚ (ਰਖਵਾਲੀ) ਅਤੇ ਉਨ੍ਹਾਂ ਦੇ ਚਾਲ-ਚਲਣ ਬਾਰੇ ਹਫਤਾ ਭਰ ਪੜਤਾਲ ਜਾਰੀ ਰਹੀ। ਉਨ੍ਹਾਂ ਵਿਚੋਂ ਬਹੁਤੇ ਅਫਸਰ ਪਹਿਲਾਂ ਮਹਿਕਮੇਂ ਦੇ ਬੜੇ ਕਮਾਈ ਵਾਲੀਆਂ ਲਾਹੇਵੰਦ ਪੋਸਟਾਂ ਤੇ ਲਗੇ ਹੋਏ ਸਨ। ਜਿਵੇਂ ਕਿ ਗੁਣਜੀਤ ਸਿੰਘ ਕੁਝ ਸਾਲ ਪਹਿਲਾਂ ਪੰਜਾਬ ਵਿਚ ਅਤੇ ਦੋ ਸਾਲ ਦਿੱਲੀ ਵਿਚ ਠੇਕੇਦਾਰੀ ਦਾ ਅਸਿਸਟੈਂਟ ਕਮਿਸ਼ਨਰ ਲਗਾ ਰਿਹਾ ਗੁਣਜੀਤ ਦਾ ਸਿਧਾ ਸੰਬੰਧ ਬਿਲਡਿੰਗ ਠੇਕੇਦਾਰਾਂ ਨਾਲ ਸੀ। ਉਹ ਕੁਝ ਸਮਾਂ ਇਕ ਦਿੱਲੀ ਸ਼ਾਪਿੰਗ ਸੈਂਟਰ ਵਿਚ ਵੀ ਇੰਚਾਰਜ ਲਗਾ ਰਿਹਾ। ਇਕ ਹੋਰ ਅਸਿਸਟੈਂਟ ਕਮਿਸ਼ਨਰ ਵੀ ਦੋ ਸਾਲ ਵਪਾਰਕ ਚਾਕਰ-ਮੰਡਲ ਦੀ ਪੌਜ ਵਿਚ ਲਗਾ ਰਿਹਾ, ਉਹਨੇ ਵੀ ਵਾਹਵਾ ਹੱਥ ਰੰਗੇ।

ਖੁਫੀਆ ਵਿਭਾਗ ਉਨ੍ਹਾਂ ਅਫਸਰਾਂ ਨੂੰ ਜਿਨ੍ਹਾਂ ਦੀ ਕਮਾਈ, ਉਨ੍ਹਾਂ ਦੀ ਜਾਇਜ਼ ਆਮਦਨ ਤੋਂ ਵਧੇਰੇ ਹੈ, ਗ੍ਰਿਫਤਾਰ ਕਰਕੇ, ਉਨ੍ਹਾਂ ਉਪਰ ਪ੍ਰੀਵੈਨਸ਼ਨ ਔਫ ਕੁਰੱਪਟ ਐਕਟ ਦੀ ਧਾਰਾ 5 ਅਧੀਨ ਮੁਕੱਦਮੇ ਚਲਾਣ ਦੀ ਇੱਛਕ ਹੈ ਜਿਸ ਦੁਆਰਾ ਉਨ੍ਹਾਂ ਨੂੰ ਪੰਜ ਸਾਲ ਦੀ ਕੈਦ ਜਾਂ ਜੁਰਮਾਨਾ, ਜਾਂ ਦੋਵੇਂ ਹੋ ਸਕਦਾ ਹੈ। ਟੈਕਸ ਅਫਸਰਾਂ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਨ੍ਹਾਂ ਦੀ ਵਾਧੂ ਕਮਾਈ ਜਾਇਜ਼ ਹੈ ਤੇ ਉਹ ਯੋਗ ਵਸੀਲਿਆਂ ਤੋਂ ਬਣੀ ਸੀ।

ਫਾਈਨੈਂਸ ਮੰਤਰਾਲੇ ਦੇ ਕੀਤੇ ਫੈਸਲੇ ਕਿ ਉਹ ਗੰਦੇ ਅਤੇ ਨਿਕੰਮੇ ਅਫਸਰਾਂ ਦੀ ਛਾਂਟੀ ਕਰਨਾ ਚਾਹੁੰਦੇ ਹਨ ਦੇ ਕੁਝ ਕੁ ਹਫਤੇ ਮਗਰੋਂ ਹੀ ਉਪਰੋਕਤ ਚਾਲ ਚਲਾਈ ਗਈ। ਮਹਿਕਮਾਂ ਇਕ ਵੱਡੇ ਪੈਮਾਨੇ ਤੇ ਸ਼ੱਕੀ ਅਧਿਕਾਰੀਆਂ ਦੇ ਖਿਲਾਫ ਖੋਜ ਕਰ ਰਿਹਾ ਹੈ। ਜਦੋਂ ਪੱਤਰਕਾਰਾਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਰਤੂਤਾਂ ਦਾ ਖੁਫੀਆ ਚਿਠਾ ਦਿਖਾਇਆ ਤਾਂ ਗ੍ਰਿਫਤਾਰੀ ਦੇ ਡਰੋਂ, ਸੱਤ ਸੀਨੀਅਰ ਅਧਿਕਾਰੀ ਆਪਣੇ ਆਪ ਰੀਟਾਇਰ ਹੋਣਾ ਮੰਨ ਗਏ। ਇਸ ਤੋਂ ਇਲਾਵਾ ਪੰਜ ਹੋਰ ਟੈਕਸ ਵਿਭਾਗ ਦੇ ਕਮਿਸ਼ਨਰਾਂ ਦੇ ਖਿਲਾਫ ਮਹਿਕਮਾਨਾ ਕਾਰਵਾਈ ਕਰਨ ਦੀ ਖੁਫੀਆ ਵਿਭਾਗ ਨੇ ਸਿਫਾਰਸ਼ ਕੀਤੀ ਹੈ। ਖੁਫੀਆ ਵਿਭਾਗ ਕਈ ਹਫਤੇ ਬੇਅੰਤ ਹੋਰ. ਅਫਸਰਾਂ ਦੇ ਖਿਲਾਫ ਵੱਢੀ-ਖੋਰੀ ਦੀ ਪੜਤਾਲ ਕਰਦਾ ਰੁੱਝਾ ਰਿਹਾ ਤੇ ਇਕ ਅਧਿਕਾਰੀ ਕਹਿੰਦਾ ਅਸੀਂ ਛੇਤੀ ਹੀ ਕੁਝ ਹੋਰ ਵੀ ਕਰਨ ਵਾਲੇ ਹਾਂ।

ਇਕੱਲਾ ਇਨਕਮਟੈਕਸ ਵਿਭਾਗ ਹੀ ਨਹੀਂ ਜਿਸਦੀ ਛਾਣਬੀਣ ਹੋ ਰਹੀ ਹੈ ਪਿਛਲੇ ਜੁਲਾਈ ਮਹੀਨੇ, ਕਾਨੂੰਨ ਮੰਤਰਾਲੇ ਦੇ ਸ: ਕ: ਬਹਾਦਰ ਜੋਗਿੰਦਰ ਸਿੰਘ ਦੇ ਘਰ ਖੁਫੀਆ ਵਿਭਾਗ ਨੇ ਛਾਪਾ ਮਾਰਿਆ ਅਤੇ ਉਹਦੀ ਕੁਲ ਸੰਪਤੀ ਦਾ ਲੇਖਾ ਪੰਜਾਹ ਲੱਖ ਨਿਕਲਿਆ। ਇਕ ਹੋਰ ਸੇਲਜ਼-ਟੈਕਸ ਦੇ, ਦਿੱਲੀ ਦੇ ਐਡੀਸ਼ਨਲ ਕਮਿਸ਼ਨਰ ਓ: ਸ: ਚੌਹਾਨ ਦੇ ਘਰੋਂ ਛਾਪੇ ਦੌਰਾਨ ਪਤਾ ਲਗਾ ਕਿ ਉਹ ਪੰਦਰਾਂ ਲੱਖ ਦੇ ਜਾਇਦਾਦੀ ਸੌਦੇ ਵਿਚ ਉਲਝਿਆ ਹੋਇਆ ਹੈ।

ਦਿੱਲੀ ਦੇ ਇਕਨੌਮਿਕਸ ਇੰਟੈਲੀਜੈਨਸ ਮਹਿਕਮੇਂ ਦੇ ਦਫਤਰ ਵਿਚ 250 ਵਿਅਕਤੀਆਂ ਦੀਆਂ ਮਿਸਲਾਂ (ਫਾਈਲਾਂ) ਥਾਂ ਰੋਕੀ ਪਈਆਂ ਹਨ, ਇਹ ਇਕ ਪਰਕਾਰ ਦਾ ਸੰਕੇਤ ਹੀ ਹੈ, ਬੇਅੰਤ ਹੋਰ ਸਰਕਾਰ ਦੇ ਮੁਖ ਵਿਭਾਗਾਂ ਵਿਚ ਕੰਮ ਕਰਦੇ ਹਾਕਮ ਵੀ ਆਸ ਲਾਈ ਬੈਠੇ ਹਨ ਕਿ ਉਪਰੋਕਤ ਭਾਗਸ਼ਾਲੀ ਠੋਰ-ਠੱਕ ਆਉਣ ਵਾਲੇ ਹਫਤਿਆਂ ਵਿਚ ਉਨ੍ਹਾਂ ਦੇ ਵੀ ਖੜਕ-ਵੱਜਣ ਵਾਲੀ ਹੈ। ਇਖਤਿਦਾਏ ਇਸ਼ਕ ਹੈ ਰੋਤਾ ਹੈ ਕਿਆ' ਆਗੇ ਆਗੇ ਦੇਖਨਾ ਹੋਤਾ ਹੈ ਕਿਆ ?

ਧਰਮ, ਸਭਿਤਾ, ਦੇਸ਼-ਸੇਵਾ ਤੇ ਧਰਮ-ਨਿਰਪੇਖਤਾ
ਕੋਝਿਆਂ ਸ਼ਬਦਾਂ ਨੂੰ ਨੰਗਾ ਵਿਚ ਚੁਰਾਹੇ ਕਰ ਗਿਆ।

ਕੱਲ ਤੱਕ ਮਨ ਮੋਹ-ਮੁਹੱਬਤ ਦੇ ਭਰੇ ਸਰ ਛਲਕਦੇ,
ਅੱਜ ਇਨ੍ਹਾਂ ਵਿਚ ਨਫਰਤਾਂ ਦਾ ਜ਼ਹਿਰ ਕਿਹੜਾ ਭਰ ਗਿਆ।

ਬਾਗ਼ੀ ਦੇ ਧੁਖਦੇ ਸਿਵੇ ਨੂੰ ਪੌਣ ਡਰ ਡਰ ਪੁੱਛਦੀ,
ਲਹੂ ਅਗਨ ਦੀ ਉਬਲਦੀ ਗੰਗਾ ਕਿਵੇਂ ਇਹ ਤਰ ਗਿਆ।

ਤੱਕ! ਨਵੇਂ ਮੌਸਮ ਦੇ ਮੋਢੀਂ ਚੜ੍ਹ ਸਵਾਰੀ ਆ ਰਿਹਾ,
ਕਿਸ ਕਿਹਾ ਸੀ, ਜ਼ਹਿਰ ਦਾ ਮੌਸਮ ਸਦਾ ਲਈ ਮਰ ਗਿਆ।

ਲਾ ਭਰੋਂ ਬੋਲੀ-ਕਬੋਲੀ, ਇਹ ਨਸੀਬਾਂ ਦਾ 'ਯਤੀਮ,
ਕਿੰਨੇ ਹੰਝੂ ਪੀ ਗਿਆ, ਕੀ ਖੀ ਤਸੀਹੇ ਜਰ ਗਿਆ!






WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੀ ਕੀਮਤ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

Kuldip S. Jhand

SUPER BUYS

325 - 12th St., New Westminster, B.C.



Routley & Sprague
—LAWYERS—

- Family Law
- ICBC Cases
- Business Law
- Real Estate Matters

ਕੁਲਟਿਲਿਮ, ਪੋਰਟ ਕੁਕਿਟਲਿਮ, ਪਿਟ ਮੀਡੋ ਤੇ ਮੈਪਲਰਿਜ ਦੇ ਨਿਵਾਸੀਆਂ ਲਈ ਕਮਿਊਨਿਟੀ ਵਕੀਲ ਦਾ ਦਫਤਰ

PITT MEADOWS
Ph. (604)465-9993

# ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਧੋਤੀ ਟੋਪੀ ਜਮਨਾਂ ਪਾਰ (ਇ: ਕ: ਟਾ:)

— ਇਹ ਗੁਰੂ ਨਾਨਕ ਦੀ ਸਿਖਿਆ ਉਪਰ ਫੁੱਲ ਚਾੜ੍ਹ ਰਹੇ ਹੋ? ਜਾਂ ਗੁਰੂ ਸਿਧਾਤਾਂ ਦਾ ਅਪਮਾਨ ਕਰ ਰਹੇ ਹੋ ?

- ਜ਼ਾਲਮ ਹੈਡ ਕਾਨਸਟੇਬਲ ਮਦਨ ਲਾਲ ਨੂੰ ਗੋਲੀਆਂ ਨਾਲ ਭੁਥੰਨ ਦਿਤਾ !!! (ਇ: ਕ: ਟਾ:

— ਜਿਸ ਵਿਚ ਔਰੰਗਜ਼ੇਬੀ ਰੂਹ ਆ ਵੜੇ ਉਹ ਕੀ ਨਹੀਂ ਕਰ ਸਕਦਾ।

- ਦੋਨਾਂ ਨੇ ਹੀ ਗਦਾਰੀ ਕੀਤੀ ਹੈ। (ਇ: ਕ: ਟਾ:)

— ਦੂਜਾ ਨਾਲ ਦਾ ਕੌਣ ਹੈ ?

- ਕੌਮ ਦੀ ਪੱਗ —— (ਇ: ਕ: ਟਾ:)

— ਜਨੂੰਨੀ ਭੂਤਨਿਆਂ ਨੇ ਸ਼ਰੇਆਮ ਰੋਲ ਦਿਤੀ।

- ਬ੍ਰਿਟਿਸ਼ ਕੋਲੰਬੀਆ ਦੇ ਰਮਣੀਕ ਸ਼ਹਿਰ ਵੈਨਕੂਵਰ ਵਿਚ (ਇ: ਕ: ਟਾ:

— ਕਾਂਗਿਆਰੀਆਂ ਵੀ ਬੜੀਆਂ ਹੈਨ।

- ਪੰਜਾਬ ਸੰਧੀ ਨੂੰ ਸਾਬੋਤਾਜ ਕਰਨ ਦੀ ਆਗਿਆ ਨਹੀਂ ਦੇਵਾਂਗੇ। (ਬਾਦਲ)

— ਪਰ ਪੰਜਾਬ ਸਰਕਾਰ ਬਾਰੇ ਵੀ ਇਹੋ ਰਾਏ ਹੈ ?

- ਗਰੀਬ ਨਿਹੱਥੇ ਗਰੰਥੀ ਨੂੰ ਬਾਬੇ ਨਾਨਕ ਦੇ ਦਰਬਾਰ ਵਿਚ ਕੁਟਿਆ ਗਿਆ (ਇ: ਕ: ਟਾ:

— ਮਗਰਮੱਛ ਦੇ ਅਥਰੂ ਏਸੇ ਨੂੰ ਕਹਿੰਦੇ ਹਨ।

- ਬਾਕੀ ਸਭ ਗਲਤ — (ਇ: ਕ: ਟਾ:)

— ਤੇ ਠੀਕ ਉਹੀ ਹੈ ਜੋ ਰੇਗਨ ਦੇ ਠੂਠੇ ਚੱਟ ਕਹਿੰਦੇ ਹਨ।

- ਸ਼ਰਾਬ ਦੀ ਬੋਤਲ ਵਿਚੋਂ ਜਿਹੜਾ ਇਨਕਲਾਬ ਕਢਦੇ ਹਨ (ਇ: ਕ: ਟਾ:)

— ਸੁਣਿਆ ਆਪਾਂ ਬੋਤਲ ਚੋਂ ਖਾਲਿਸਤਾਨ ਕਢਣ ਦਾ ਤਜਰਬਾ ਤਿੰਨ ਸਾਲਾਂ ਤੋਂ ਕਰ ਰਹੇ ਹਾਂ ?

- ਬੇਸ਼ਰਮਾਂ ਨੂੰ ਭਾਰੀ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ (ਇ: ਕ: ਟਾ:)

— ਜਿਹੜੇ ਬੇਸ਼ਰਮ ਨਾਲ ਜਨੂੰਨੀ ਵੀ ਹੋਣ ਉਨ੍ਹਾਂ ਨੂੰ ਸ਼ਰਮਿੰਦਗੀ ਉਠਾਉਣ ਦੀ ਵੀ ਲੋੜ ਨਹੀਂ।

- ਮਾਲਕ ਤੋਂ ਬਹੁਤੀ ਬੁਰਕੀ ਲੈਣ ਲਈ ਕੁੱਤਾ ਵਧ ਭੌਂਕਦਾ ਹੈ (ਇ: ਕ: ਟਾ:)

— ਆਹ ਦਸੀ ਊ ਪਤੇ ਵਾਲੀ ਗੱਲ। ਅਸੀਂ ਤਾਂ ਤਿੰਨ ਸਾਲਾਂ ਤੋਂ ਚੱਕਰ ਵਿਚ ਹੀ ਸੀ ਕਿ ਇਹ ਜਨੂੰਨੀ ਪਾਗਲ ਕਿਉਂ ਇਨੀਆਂ ਬੇਸੁਰੀਆਂ ਆਵਾਜ਼ਾਂ ਕੱਢ ਰਿਹਾ ਹੈ।

- ਕਈ ਭੜੂਏ ਤਾਂ ਛੇ ਮਹੀਨੇ ਹੋਏ ਅਫਵਾਹਾਂ ਫੈਲਾ ਰਹੇ ਹਨ (ਇ: ਕ: ਟਾ:)

— ਅਤੇ ਕਈ ਭੜੂਏ ਨੂੰ ਤਾਂ ਅਗਲੇ ਸਾਲ ਛੇ ਸਾਲ ਹੋ ਜਾਣੇ ਹਨ ਕਿ ਜੀ।

- ਮਾੜੇ ਅਤੇ ਬੇਅਸੂਲੇ ਲੀਡਰ ਨੂੰ ਸਾਫ ਸਾਫ ਦਸ ਦੇਣਾ ਚਾਹੀਦਾ ਹੈ ਕਿ ਭਾਈ ਤੂੰ ਗਲਤ ਹੈਂ (ਇ: ਕ: ਟਾ:)

— ਰੱਦੀ ਅਖਬਾਰ ਨਵੀਸ ਦਾ ਕੀ ਕਰੇ ਕੋਈ।

- ਮਨਮੋਹਣ ਸਿੰਘ ਦੇ ਘਰ ਛਾਪਾ। ਤਲਵਿੰਦਰ ਸਿੰਘ ਪਰਮਾਰ ਹਿਰਾਸਤ ਵਿਚ (ਕੈ: ਦਰਪਣ)

— ਲੀਡਰ ਜਿਉਂ ਹੋਏ। ਆਮ ਬੰਦੇ ਦੀ ਖਬਰ ਕਿਥੇ ਛਪਦੀ ਹੈ।

- ਮਿਲੀਟੈਂਟ ਸਿੱਖਾਂ ਨੂੰ ਟਰੇਨਿੰਗ ਦੇਣ ਵਾਲੇ ਸਕੂਲ ਦੀ ਜਾਂਚ (ਕੈ: ਦਰਪਣ)

— ਕੀ ਟਰੇਨੀ ਟੀਚਰ ਅਤੇ ਸਕੂਲ ਠੀਕ ਠਾਕ ਸਨ।

- ਕੀ ਪੰਜਾਬ ਦੇ ਲੋਕ ਸਾਡੇ ਨਾਲੋਂ ਘੱਟ ਸਿਆਣੇ ਹਨ ਜੋ ਅਸੀਂ ਉਨ੍ਹਾਂ ਨੂੰ ਮੱਤਾਂ ਦੇਣ ਤੁਰ ਪਏ ਹਾਂ (ਕੈ: ਦਰਪਣ)

— ਸੀ. ਆਈ. ਏ. ਦੀ ਪੁੱਠ ਫਰਕ ਤਾਂ ਪਾ ਹੀ ਦਿੰਦੀ ਹੈ।

- ਸਾਰੇ ਪੰਜਾਬੀ ਦੇਸ਼ ਦੀ ਏਕਤਾ ਤੇ ਇਕਮੁਠਤਾ ਤੇ ਸਦਾ ਹੀ ਪਹਿਰਾ ਦਿੰਦੇ ਰਹਿਣਗੇ (ਟੌਹੜਾ)

— ਪਰ ਤੁਹਾਡਾ ਆਪਣਾ ਨਿਜੀ ਕੀ ਵਿਚਾਰ ਹੈ ?

- ਤੁਹਾਨੂੰ ਆਪਣੀ ਵਿਰਾਸਤ ਨੂੰ ਕਿਸੇ ਵੀ ਸੂਰਤ ਵਿਚ ਠੁੱਡੇ ਨਹੀਂ ਮਾਰਨੇ ਚਾਹੀਦੇ (ਕੈ: ਦਰਪਣ)

— ਜਦ ਕੋਈ ਤੁਲਿਆ ਹੀ ਹੋਇਆ ਹੋਵੇ ਤਾਂ ਕੋਈ ਕੀ ਕਰ ਸਕਦਾ ਹੈ

- ਲਾੜੇ ਨੇ ਵਾਹੀ ਕਿਰਪਾਨ ਮੀਆਂ — (ਕੈ: ਦਰਪਣ)

— ਇਹ 1947 ਤੋਂ ਪਹਿਲਾਂ ਦਾ ਸਮਾਂ ਨਹੀਂ ਹੈ ਭਲੀ ਲੋੜਦੇ ਹੋ ਤਾਂ ਲਿਖੋ — ਲਾੜੇ ਨੇ ਵਾਹ ਕਿਰਪਾਨ ਸਿੰਘਾ)

- ਹਰ ਤਰ੍ਹਾਂ ਦੀ ਅੱਗ ਲਾਉਣ ਵਾਲੇ ਤੇ ਉਸ ਨੂੰ ਭੜਕਾਉਣ ਵਾਲੇ ਏਥੋਂ ਮਿਲ ਸਕਦੇ ਹਨ (ਕੈ: ਦਰਪਣ)

— ਏਥੇ ਇ ਇਕੋ ਹੀ ਲੋਕਾਂ ਦੁ ਗਲ ਪਿਆ ਹੋਇਆ ਉਹ ਹੀ ਕਾਫੀ ਹੈ। ਬਹੁਤ ਬਹੁਤ ਧੰਨਵਾਦ।

## ਗ਼ਜ਼ਲ

—ਸੁਰਜੀਤ ਰਾਮਪੁਰੀ

ਮੇਰੇ ਜੀਵਨ 'ਚ ਆ ਕੇ ਵੀ ਜਿਵੇਂ ਆਇਆ ਨਹੀਂ ਹੁੰਦਾ।
ਮੇਰੇ ਆਕਾਸ਼ ਦੇ ਪੰਛੀ ! ਤਿਰਾ ਸਾਇਆ ਨਹੀਂ ਹੁੰਦਾ।
ਮੇਰੇ ਨੈਣਾਂ 'ਚ ਹੰਝੂ ਨੇ, ਤਿਰੇ ਨੈਣਾਂ 'ਚ ਨੀਂਦਰ ਏ,
ਜਿਵੇਂ ਇਹ ਗੀਤ ਮੈਂ ਤੇਰੇ ਲਈ ਗਾਇਆ ਨਹੀਂ ਹੁੰਦਾ।
ਸਦਾ ਡਰ ਫੁੱਲ ਨੂੰ ਖੁਸ਼ਬੋ ਦਾ ਹੁਣ ਉੱਡੀ ਕਿ ਹੁਣ ਉੱਡੀ ?
ਤੁਹਾਨੂੰ ਪਾ ਲਿਆ ਏ ਜਾਪਦੇ ਪਾਇਆ ਨਹੀਂ ਹੁੰਦਾ।
ਕਦੀ ਉਹ ਤ੍ਰੇਲ ਕਹਿਲਾਂਦਾ ਕਦੀ ਮੋਤੀ ਕਦੀ ਤਾਰਾ,
ਕੋਈ ਹੰਝੂ ਫੁੱਲਾਂ 'ਤੇ ਡਿੱਗ ਕੇ ਚਾਇਆ ਨਹੀਂ ਹੁੰਦਾ
ਹੁਸਨ ਬਰਫਾਨੀ ਝਰਨਾ ਹੈ, ਧੁੱਪਾਂ ਦੀ ਨਜ਼ਰ ਸੰਗ ਪਿਆਲੇ,
ਮੁਹੱਬਤ ਜੰਗਲੀ ਬੂਟਾ ਹੈ ਜੋ ਲਾਇਆ ਨਹੀਂ ਹੁੰਦਾ।

## ਦੋ ਗ਼ਜ਼ਲਾਂ

o

ਬੀਬਾ ਬਲਵੰਤ

ਭੇਤ ਭਰੀ ਇਸ ਚੁੱਪ ਦੀ ਕਿੱਦਾਂ ਪਾਈਏ ਥਾਹ।
ਸ਼ਬਦਾਂ ਦੇ ਇਸ ਜੰਗਲ 'ਚੋਂ ਨਾ ਲੱਭੇ ਕੋਈ ਰਾਹ।

ਭਾਵੇਂ ਸੀ ਉਹ ਕਹਿ ਗਿਆ ਅਸਾਂ ਨਾ ਆਉਣਾ ਫੇਰ,
ਪਰ ਨਾ ਸਕਿਆ ਸਾਂਭ ਉਹ ਦਿਲ 'ਚੋਂ ਨਿਕਲੀ ਆਹ।

ਰੰਗਾਂ ਦੇ ਸੰਗ ਵਿਚਰਿਆ ਫੁੱਲਾਂ ਦੇ ਸੰਗ ਟਹਿਕਿਆ,
ਪਰ ਦਿਲ ਨੂੰ ਕਿਉਂ ਭਾ ਗਿਆ ਕਾਲਾ ਰੰਗ ਸਿਆਹ।

ਪੌਣਾਂ ਦੇ ਸੰਗ ਗੁਫ਼ਤਗੂ ਦਰਿਆਵਾਂ ਨਾਲ ਮੋਹ,
ਅੱਜ ਕਲ੍ਹ ਆਪਣੇ ਆਪ ਦਾ ਕਰੀਏ ਕਿਵੇਂ ਵਸਾਹ।

ਲੋਕਾਂ ਨੂੰ ਦਿੰਦਾ ਰਿਹਾ ਜੋ ਮੰਜ਼ਿਲ ਦੀ ਸੋਧ,
ਆਪਣੇ ਘਰ ਦੇ ਮੋੜ 'ਤੇ ਉਹ ਹੋਇਆ ਗੁਮਰਾਹ।

ਮੁਸਕਾਹਟ ਬਣ ਚਿਪਕਦੀ ਪਤਾ ਨਾ ਕਿਹੜੇ ਪਲ,
ਚਿਰਾਂ ਤੋਂ ਜੋ ਹੈ ਭਟਕਦੀ ਇਕ ਅਧੂਰੀ ਚਾਹ।

ਸਦੀਆਂ ਤੋਂ ਠੰਢਾ ਸਿਵਾ ਮਰੀ ਸੀ ਕੂਲੀ ਯਾਦ,
ਫਿਰ ਵੀ ਲਟ ਲਟ ਬਲ ਪਿਆ ਫੋਲੀ ਜਦੋਂ ਸੁਆਹ।

o

ਮੈਂ ਜ਼ਿੰਦਗੀ ਜੀ ਰਿਹਾਂ ਇਸਦਾ ਜਦੋਂ ਇਤਬਾਰ ਆਉਂਦਾ ਹੈ।
ਤਾਂ ਆਪਣੇ ਦੋਸਤਾਂ ਉਤੇ ਬੜਾ ਹੀ ਪਿਆਰ ਆਉਂਦਾ ਹੈ।

ਘਰਾਂ ਦੀ ਕੈਦ ਬੰਦੇ ਨੂੰ ਹੈ ਕਰਦੀ ਇਸ ਕਦਰ ਬੌਣਾ,
ਗਲੀ ਦਾ ਸ਼ਖ਼ਸ ਹਰ ਲਗਦੈ ਜਿਵੇਂ ਗ਼ਮਖ਼ਾਰ ਆਉਂਦਾ ਹੈ।

ਕਦੇ ਪਰਬਤ ਕਦੇ ਸਾਗਰ ਕਦੇ ਮੈਂ ਮਾਰੂਥਲ ਬਣਿਆ,
ਬਸ ਆਪਣੀ ਹੋਂਦ ਦਾ ਕਰਨਾ ਇਵੇਂ ਇਜ਼ਹਾਰ ਆਉਂਦਾ ਹੈ।

ਇਹ ਘਾਟਾ ਹੈ ਜਾਂ ਵਾਧਾ ਹੈ ਮੈਂ ਇਸ ਵਿਚ ਉਲਝਦਾਂ ਅਕਸਰ,
ਤੇਰਾ ਘਰ ਆਉਣ ਤੋਂ ਪਹਿਲਾਂ ਜਿਹੜਾ ਬਾਜ਼ਾਰ ਆਉਂਦਾ ਹੈ।

ਉਹ ਬਣਦਾ ਰੇਤ, ਕਾਲਖ, ਚੀਕ ਤੇ ਕਬਰਾਂ ਦੀ ਸੁੰਨਸਰਾਂ,
ਨਕਸ਼ ਮਹਿਬੂਬ ਆਪਣੇ ਦੇ ਜਿਹੜਾ ਵਿਸਾਰ ਆਉਂਦਾ ਹੈ।

o

GREYFRIARS REALTY LTD
15290 FRASER HIGHWAY, SURREY B.C. V3R 3P4

**Who needs money?**

**Why rent when you can own your home at unbeievable prices with minimum down. A proven track record speaks for itself**

**Call me and see how fast your real estate needs are accompalished**



Surinder[Suzie] Ahuja
Res. 581-6546
Off. 588-0131
Direct Pager 735-6616

**NORTH AMERICAN LIFE ASSURANCE CO.**

- ☐ Life Insurance
- ☐ Mortgage Insurance
- ☐ Children's Educational Plans
- ☐ RRSP

representative

Bus. 685-9335
Res. 581-6546



320, 815 West Hasting St.
VANCOUVER, B.C. V6C 2W1

**SUNIL AHUJA**

ਦੇਗ ਤੇਗ ਫਤਹਿ ॥ ੧ੳ ਸਤਿਗੁਰ ਪ੍ਰਸਾਦਿ ਪੰਥ ਕੀ ਜੀਤ ॥

**ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ**
**7050-120 ਸਟਰੀਟ, ਸਰੀ, ਬੀ. ਸੀ.**
**ਫ਼ੋਨ 594-4836**

ਵਲੋਂ

## ਸੰਗਤਾਂ ਨੂੰ
## ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ

# ਲੱਖ ਲੱਖ ਵਧਾਈ ਹੋਵੇ



## ਪ੍ਰੋਗਰਾਮ :

ਅਖੰਡ ਪਾਠ ਸਾਹਿਬ ਦਾ ਆਰੰਭ — ਨਵੰਬਰ 29, 1985
ਅਖੰਡ ਪਾਠ ਸਾਹਿਬ ਦਾ ਭੋਗ — ਦਸੰਬਰ 1, 1985

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ

ਸੰਗਤਾਂ ਦੇ ਦਾਸ
ਪ੍ਰਬੰਧਕ ਕਮੇਟੀ
ਗੁਰੂ ਨਾਨਕ ਸਿੱਖ ਟੈਂਪਲ
ਡੈਲਟਾ-ਸਰੀ

# ਕੌਮੀ ਵਿਕਾਸ ਕੌਂਸਿਲ ਵਲੋਂ ਸੱਤਵੀਂ ਯੋਜਨਾ ਦੇ ਖਰੜੇ ਨੂੰ ਪ੍ਰਵਾਨਗੀ

## ਗਰੀਬੀ ਅਤੇ ਬੇਰੁਜ਼ਗਾਰੀ ਦੇ ਖਾਤਮੇ ਨੂੰ ਪਹਿਲ ਦੇਣ ਦਾ ਫੈਸ਼ਲਾ

ਨਵੀਂ ਦਿੱਲੀ — ਕੌਮੀ ਵਿਕਾਸ ਕੌਂਸਲ ਨੇ ਦੋ ਦਿਨ ਦੇ ਵਿਸਥਾਰਪੂਰਬਕ ਵਿਚਾਰ ਵਟਾਂਦਰੇ ਤੋਂ ਬਾਅਦ ਸੱਤਵੀਂ ਪੰਜ ਸਾਲਾ ਯੋਜਨਾ ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿਤੀ ਹੈ। ਯੋਜਨਾ ਦੇ ਖਰੜੇ ਵਿਚ ਸਰਕਾਰੀ ਖੇਤਰ ਵਿਚ 180000 ਕਰੋੜ ਰੁਪਏ ਖਰਚਣ ਦਾ ਟੀਚਾ ਮਿਥਿਆ ਗਿਆ ਹੈ। ਕੌਮੀ ਵਿਕਾਸ ਕੌਂਸਲ ਵਲੋਂ ਪੂਰਾ ਪ੍ਰਵਾਨਗੀ ਦੇ ਦਿਤੇ ਜਾਣ ਨਾਲ ਯੋਜਨਾ ਦਾ ਇਹ ਖਰੜਾ ਦੇਸ਼ ਅੰਦਰ ਆਉਂਦੇ ਪੰਜ ਸਾਲਾਂ ਦੇ ਸਮੇਂ ਲਈ ਯੋਜਨਾ ਦੇ ਕਾਰ ਵਿਹਾਰ ਦੀ ਕੌਮੀ ਦਸਤਾਵੇਜ਼ ਬਣ ਗਈ ਹੈ। ਕੇਂਦਰੀ ਮੰਤਰੀ ਮੰਡਲ ਨੇ ਖਰੜੇ ਨੂੰ ਪਹਿਲਾਂ ਹੀ ਪ੍ਰਵਾਨਗੀ ਦੇ ਦਿਤੀ ਹੋਈ ਹੈ।

ਖਰੜੇ ਦੀ ਅੰਤਮ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਦੇਸ਼ ਅੰਦਰ

(ਪੰਨਾ 11 ਦੀ ਬਾਕੀ)

ਧਾਰਨ ਕੀਤੇ ਜਾਂਦੇ ਵਤੀਰੇ 'ਤੇ ਘੋਖਵੀਂ ਅੱਖ ਰੱਖੀ ਜਾਂਦੀ ਹੈ। ਜੇਲ੍ਹਾਂ ਵਿਚੋਂ ਤਿੰਨ ਹਜ਼ਾਰ ਸਿੱਖਾਂ ਦੀ ਰਿਹਾਈ ਦਾ ਸ਼ੁਰੂ ਸ਼ੁਰੂ ਵਿਚ ਉਲਟਾ ਪ੍ਰਤੀਕਰਮ ਹੋਇਆ ਸੀ। ਪਰ ਹੁਣ ਇਨ੍ਹਾਂ ਲੋਕਾਂ ਤੋਂ ਖਤਰੇ ਦੀਆਂ ਗੱਲਾਂ ਘਟ ਕੀਤੀਆਂ ਜਾਂਦੀਆਂ ਹਨ। ਮੁੱਖ ਮੰਤਰੀ ਨੇ ਆਪ ਵੀ ਇਕ ਤੋਂ ਜ਼ਿਆਦਾ ਵਾਰ ਇਹ ਆਸ ਪ੍ਰਗਟਾਈ ਹੈ ਕਿ ਇਹ ਖਤਰਾ ਨਹੀਂ ਬਣਨਗੇ।

ਸਰਕਾਰ ਨੂੰ ਸਿੱਖ ਭਾਈਚਾਰੇ ਤੋਂ ਦੋ ਅੰਦਰੂਨੀ ਖਤਰਿਆਂ ਵਿਚੋਂ ਇਕ ਖਤਰਾ ਬਾਬਾ ਜੋਗਿੰਦਰ ਸਿੰਘ (ਜੋ ਕਿ ਆਪਣੇ ਆਪ ਨੂੰ ਯੂਨਾਈਟਿਡ ਅਕਾਲੀ ਦਲ ਦਾ ਨਾਂ ਦਿੰਦਾ ਹੈ) ਤੋਂ ਸੀ ਪਰ ਅਕਾਲੀ ਹਲਕੇ ਇਸ ਨੂੰ ਸੁਣ ਹੁਣ ਕੋਈ ਮਹੱਤਤਾ ਨਹੀਂ ਦਿੰਦੇ। ਬਾਬੇ ਦੇ ਕੁਝ ਸੀਨੀਅਰ ਸਾਥੀਆਂ ਤੋਂ ਜੋ ਕਿ ਕਿਸੇ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸੰਪਰਕ ਵਿਚ ਸਨ, ਇਸ ਸ਼ਰਤ 'ਤੇ ਕਿ ਜੇਕਰ ਉਨ੍ਹਾਂ ਨੂੰ ਹੁਕਮਰਾਨ ਪਾਰਟੀ ਦੀਆਂ ਸਫਾਂ ਵਿਚ ਯੋਗ ਥਾਂ ਮਿਲੇ, ਪਾਰਟੀ ਵਿਚ ਵਾਪਸ ਆ ਜਾਣ ਦੇ ਸੰਕੇਤ ਮਿਲੇ ਹਨ। ਇਸ ਸਮੇਂ ਇਸ ਸਬੰਧੀ ਕੋਈ ਫੈਸਲਾ ਲਿਆ ਜਾਣਾ ਮੁਸ਼ਕਲ ਨਹੀਂ ਕਿਉਂਕਿ ਮੁਖ ਮੰਤਰੀ ਦੇ ਨਾਲ ਵਧੇਰੇ ਵਫਾਦਾਰ ਸਾਥੀ ਹਨ।

ਅਕਾਲੀ ਦਲ ਦੀ ਸਰਕਾਰ ਨੂੰ ਅਸਲ ਚੁਣੌਤੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਹੈ। ਇਹ ਖਾੜਕੂ ਲੋਕ ਹਨ ਜਿਨ੍ਹਾਂ ਨੇ ਸਮਝੌਤੇ ਦਾ ਅਜੇ ਕੋਈ ਸੰਕੇਤ ਨਹੀਂ ਦਿਤਾ ਪਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਵੀ ਕੁਝ ਅਜਿਹੇ ਅਨਸਰ ਹਨ ਜੋ ਕਿ ਲਗਾਤਾਰ ਟਕਰਾਓ ਨੂੰ ਵਧਗਰੇ ਲਾਹੇਵੰਦਾ ਨਹੀਂ ਸਮਝਦੇ। ਚੂੰਕਿ ਸ. ਸੁਰਜੀਤ ਸਿੰਘ ਬਰਨਾਲਾ ਆਪ ਟਕਰਾਓ ਵਿਚ ਭਰੋਸਾ ਨਹੀਂ ਰੱਖਦੇ। ਸੋ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਅਜਿਹੇ ਅਨਸਰਾਂ ਤੋਂ ਸਰਕਾਰ ਲਈ ਮਿਲਵਰਤਣ ਪ੍ਰਾਪਤ ਕਰਨ ਦਾ ਵੱਧ ਤੋਂ ਵੱਧ ਯਤਨ ਕੀਤਾ ਜਾਏਗਾ। ਜੇਕਰ ਅਕਾਲੀ ਦਲ ਦੀ ਮਨਸ਼ਾ ਤੇ ਤਸੱਲੀ ਅਨੁਸਾਰ ਪੰਜਾਬ ਸਮਝੌਤੇ ਨੂੰ ਲਾਗੂ ਕਰ ਦਿਤਾ ਜਾਏ ਤਾਂ ਸੁਰਜੀਤ ਸਿੰਘ ਬਰਨਾਲਾ ਦਾ ਕੰਮ ਸੌਖਾ ਹੋ ਜਾਵੇਗਾ ਤੇ ਉਹ ਗੱਲਬਾਤ ਲਈ ਭਾਰੂ ਹੈਸੀਅਤ ਵਿਚ ਹੋ ਜਾਣਗੇ।

ਸਾਲ 1985-86 ਦੌਰਾਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਵਿਅਕਤੀਆਂ ਦੀ ਗਿਣਤੀ 27 ਕਰੋੜ 30 ਲੱਖ ਸੀ ਅਤੇ ਨਾਲ ਹੀ ਉਮੀਦ ਪ੍ਰਗਟ ਕੀਤੀ ਗਈ ਹੈ ਕਿ ਅਗਲੀ ਯੋਜਨਾ ਦੇ ਅੰਤ ਤਕ ਇਹ ਗਿਣਤੀ 21 ਕਰੋੜ ਦਸ ਲੱਖ ਰਹਿ ਜਾਵੇਗੀ। ਅਗਲੀ ਯੋਜਨਾ ਦੌਰਾਨ ਇਹ ਵੀ ਯਕੀਨੀ ਬਨਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਮਜ਼ਦੂਰਾਂ ਦੀ ਸਪਲਾਈ 'ਚ ਵਾਧਾ ਹੋਣ ਦੇ ਟਾਕਰੇ 'ਤੇ ਰੁਜ਼ਗਾਰ ਦੇ ਅਵਸਰਾਂ ਵਿਚ ਤੇਜ਼ੀ ਨਾਲ ਵਾਧੇ ਨੂੰ ਯਕੀਨੀ ਬਣਾਇਆ ਜਾ ਸਕੇ ਸੋ ਸੱਤਵੀਂ ਯੋਜਨਾ ਦੌਰਾਨ ਦੇਸ਼ ਦੀ ਰੁਜ਼ਗਾਰ ਸਮਰਥਾ 'ਚ ਸਲਾਨਾ ਚਾਰ ਕਰੋੜ ਸਟੈਂਡਰਡ ਵਿਅਕਤੀਆਂ ਦੇ ਬਰਾਬਰ ਵਾਧੇ ਦੀ ਕਾਮਨਾ ਕੀਤੀ ਗਈ ਹੈ

ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਅਗਲੀ ਪੰਜ ਸਾਲਾ ਯੋਜਨਾ ਦੌਰਾਨ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਵਿਸ਼ੇਸ਼ ਤੌਰ 'ਤੇ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਸਦਕਾ ਕਿਰਤ ਸ਼ਕਤੀ 'ਚ ਸਲਾਨਾ 2.6 ਫੀਸਦੀ ਦੇ ਸੰਭਾਵਤ ਵਾਧੇ ਦੇ ਟਾਕਰੇ 'ਤੇ ਦੇਸ਼ ਦੀ ਰੁਜ਼ਗਾਰ ਸਮਰਥਾ 'ਚ ਚਾਰ ਫੀਸਦੀ ਦਾ ਭਾਰੀ ਵਾਧਾ ਹੋਵੇਗਾ। ਉਤਪਾਦਨ ਵਾਧੇ ਦੀ ਦਰ ਬਾਰੇ ਗੱਲ ਕਰਦਿਆਂ ਅਗਲੀ ਯੋਜਨਾ ਦੌਰਾਨ ਪੰਜ ਫੀਸਦੀ ਵਾਧੇ ਦੀ ਦਰ ਪ੍ਰਾਪਤ ਕਰਨ ਦੀ ਟੀਚਾ ਮਿਥਿਆ ਗਿਆ ਹੈ। ਯੋਜਨਾ ਦੌਰਾਨ ਕੁੱਲ 322566 ਕਰੋੜ ਰੁਪਏ ਖਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਇਸ ਰਕਮ ਦਾ 94 ਫੀ ਸਦੀ ਹਿਸਾ ਦੇਸ਼ ਦੇ ਅੰਦਰੂਨੀ ਵਸੀਲਿਆਂ ਤੋਂ ਇਕੱਤਰ ਕੀਤਾ ਜਾਵੇਗਾ।

ਸਰਕਾਰਪੀ ਖੇਤਰ ਲਈ 180000 ਕਰੋੜ ਰੁਪਏ ਦੀ ਰਕਮ ਮਿਥੀ ਗਈ ਹੈ ਜਿਸ ਵਿਚੋਂ ਕਿ 95534 ਕਰੋੜ ਰੁਪਏ ਕੇਂਦਰੀ ਸੈਕਟਰ ਵਿਚ ਖਰਚ ਕੀਤੇ ਜਾਣਗੇ।

### ਰਾਜਾਂ ਦਾ ਪ੍ਰਤੀਕਰਮ

ਮੀਟਿੰਗ ਵਿਚ ਹਿਸਾ ਲੈਣ ਵਾਲੇ ਮੁਖ ਮੰਤਰੀਆਂ ਵਿਚੋਂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਯੋਜਨਾ ਦੇ ਖਰੜੇ ਦੀਆਂ ਬਹੁਤ ਸਾਰੀਆਂ ਧਾਰਾਵਾਂ ਨਾਲ ਅਸਿਹਮਤੀ ਪ੍ਰਗਟਾਈ ਅਤੇ ਚੁਣੌਤੀ ਦਿਤੀ ਕਿ ਇਸ ਖਰੜੇ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਨਾਲ ਦੇਸ਼ ਦੀਆਂ ਗਰੀਬੀ, ਭੁ ਭੁੱਖਮਰੀ, ਬੇਰੁਜ਼ਗਾਰੀ ਆਦਿ ਮੁੱਖ ਸਮੱਸਿਆਵਾਂ 'ਚੋਂ ਕਿਸੇ ਨੂੰ ਵੀ ਹੱਲ ਨਹੀਂ ਕੀਤਾ ਜਾ ਸਕੇਗਾ। ਉਨ੍ਹਾਂ ਨੇ ਸੱਤਵੀਂ ਯੋਜਨਾ ਦੇ ਖਰੜੇ ਉਪਰ ਕੌਮੀ ਬਹਿਸ ਕਰਵਾਏ ਜਾਣ ਦੀ ਮੰਗ ਕੀਤੀ

ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਵੀਰ ਬਹਾਦਰ ਸਿੰਘ ਨੇ ਇਤਨੇ ਹੀ ਜ਼ੋਰ ਨਾਲ ਗੋਡਗਿਲ ਫਾਰਮੂਲੇ 'ਚ ਸੋਧ ਕੀਤੇ ਜਾਣ ਦੀ ਮੰਗ ਕੀਤੀ ਅਤੇ ਸੁਝਾਅ ਦਿਤਾ ਕਿ ਰਾਜਾਂ ਨੂੰ ਕੇਂਦਰੀ ਸਹਾਇਤਾ ਉਨ੍ਹਾਂ ਦੀ ਵਸੋਂ ਦੇ ਆਕਾਰ ਅਤੇ ਵਿਕਾਸ ਦੇ ਸਤਰ ਨੂੰ ਧਿਆਨ ਵਿਚ ਰੱਖ ਕੇ ਦਿਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਅਰਸੇ ਦੌਰਾਨ ਉਤਰ ਪ੍ਰਦੇਸ਼ ਦੇ ਸਰਕਾਰੀ ਬੈਂਕਾਂ ਵਿਚ ਜਮ੍ਹਾਂ ਕਰਵਾਈਆਂ ਜਾਣ ਵਾਲੀਆਂ ਰਕਮਾਂ 'ਚ ਭਾਰੀ ਵਾਧਾ ਹੋਇਆ ਹੈ ਪ੍ਰੰਤੂ 1983 ਦੇ ਅੰਕੜਿਆਂ ਅਨੁਸਾਰ ਰਾਜ ਲਈ ਕਰਜ਼ੇ-ਉਧਾਰ ਦਾ ਅਨੁਪਾਤ ਕੇਵਲ 43.9 ਫੀਸਦੀ ਸੀ ਜਦੋਂ ਕਿ ਸਮੁੱਚੇ ਦੇਸ਼ ਲਈ ਇਹ ਔਸਤ 66.4 ਫੀਸਦੀ ਸੀ।

ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਹਰੀਦਿਓ ਜੋਸ਼ੀ ਨੇ ਮੌਜੂਦਾ ਕੇਂਦਰ ਰਾਜ ਵਿੱਤੀ ਸਬੰਧਾਂ ਦੇ ਢਾਂਚੇ 'ਚ ਸਰੰਚਨਾਮਈ ਤਬਦੀਲੀਆਂ ਦੀ ਮੰਗ ਕੀਤੀ। ਉਨ੍ਹਾਂ ਨੇ ਵੀ ਗਾਡਗਿਲ ਫਾਰਮੂਲੇ ਦੀ ਥਾਂ ਤੇ ਇਕਰਾਰ ਖ ਇਕਸਾਰ ਖੇਤਰੀ ਵਿਕਾਸ ਦੀ ਨੀਤੀ ਆਪਣਾਏ ਜਾਣ 'ਤੇ ਜ਼ੋਰ ਦਿਤਾ।

ਸਿਰ ਤੇ ਲੱਖ ਹਨੇਰੀਆਂ ਝੁੱਲਣ,
ਐ ਰੁੱਖ ! ਸਭ ਕੁਝ ਸਿਰ ਤੇ ਜਰ

## ਨਾਨਕੀ ਦਾ ਗੀਤ

**ਪ੍ਰੋਫੈਸਰ ਮੋਹਨ ਸਿੰਘ ਜੀ**

ਸਾਡੇ ਵੇਹੜੇ ਆਇਆ ਮਾਏ, ਨੂਰ ਕੋਈ ਰੱਬ ਦਾ,
ਸਾਰੇ ਜੱਗ ਵੇਖ ਲਿਆ, ਸਾਨੂੰ ਕਿਉਂ ਨਾ ਲੱਭਦਾ।
ਵੇਖ ਲਿਆ ਦਾਈਆਂ ਤੇ ਪਛਾਣ ਲਿਆ ਪਾਂਧਿਆਂ,
ਮੁਲਾਂ ਕੁਰਬਾਨ ਹੋਇਆ, ਮੁਖ ਨੂੰ ਤਕਾਂਦਿਆਂ।
ਮੱਝੀਆਂ ਤੇ ਗਾਈਆਂ ਡਿੱਠਾ, ਚੁਕ ਚੁਕ ਬੂਥੀਆਂ,
ਕੀੜਿਆਂ ਤੇ ਕਾਢਿਆਂ ਨੇ ਲਭ ਲਈਆਂ ਖੂਬੀਆਂ।
ਪੰਛੀਆਂ ਪਛਾਣ ਲਏ ਮਾਏ ਉਹਦੇ ਬੋਲ ਨੀ,
ਚਿਤਰੇ ਤੇ ਸ਼ੇਰ ਸੁਤੇ, ਮਸਤ ਉਹਦੇ ਕੋਲ ਨੀ।
ਵਣਾਂ ਕੀਤੇ ਸਾਏ, ਸੱਪਾਂ ਛਜਲੀਆਂ ਖਿਲਾਰੀਆਂ,
ਸਾਗਰਾਂ ਨੇ ਰਾਹ ਦਿਤੇ, ਮੱਛਾਂ ਨੇ ਸਵਾਰੀਆਂ।
ਤਕ ਕੇ ਇਸ਼ਾਰੇ ਉਹਦੇ, ਮੌਲ ਪਈਆਂ ਵਾੜੀਆਂ,
ਲਗ ਉਹਦੇ ਪੰਜੇ ਨਾਲ, ਰੁਕੀਆਂ ਪਹਾੜੀਆਂ।
ਤਕ ਉਹਦੇ ਨੈਣਾਂ ਦੀਆਂ ਡੂੰਘੀਆਂ ਖੁਮਾਰੀਆਂ,
ਭੁਲ ਗਈਆਂ ਟੂਣੇ, ਕਾਮਰੂਪ ਦੀਆਂ ਨਾਰੀਆਂ।
ਠਗਾਂ ਨੂੰ ਠਗੋਰੀ ਭੁਲੀ, ਠੰਢੀ ਹੋਈ ਅੱਗ ਨੀ,

ਠੱਗਾਂ ਨੂੰ ਠਗੌਰੀ ਭੁੱਲੀ, ਪੈਰੀਂ ਓਹਦੇ ਲੱਗ ਨੀ,
ਤਪਦੇ ਕੜਾਹੇ ਬੁਝੇ, ਠੰਢੀ ਹੋਈ ਅੱਗ ਨੀ।
ਹਿਲੀਆਂ ਜਾਂ ਰਤਾ, ਮੇਰੇ ਵੀਰ ਦੀਆਂ ਬੁਲ੍ਹੀਆਂ,
ਜੋਗੀਆਂ ਨੂੰ ਰਿਧਾਂ, ਨਿਧਾਂ, ਸਿਧਾਂ ਸਭੇ ਭੁਲੀਆਂ।
ਇਹ ਕੀ ਏ ਜਹਾਨ, ਸਾਰੇ ਜੱਗ ਉਹਦੇ ਗੋਲੇ ਨੀ,
ਚੰਦ ਸੂਰ ਗਹਿਣੇ, ਅਸਮਾਨ ਉਹਦੇ ਚੋਲੇ ਨੀ।
ਜਲਾਂ, ਥਲਾਂ, ਅੰਬਰਾਂ, ਅਕਾਸ਼ਾਂ ਉਹਨੂੰ ਪਾ ਲਿਆ,
ਰੇਤ ਦਿਆਂ ਜ਼ਰਿਆਂ ਵੀ, ਓਸ ਨੂੰ ਤਕਾ ਲਿਆ।
ਸਾਰੇ ਜਗ ਵੇਖ ਲਿਆ, ਸਾਨੂੰ ਕਿਉਂ ਨਾ ਲਭਦਾ।
ਸਾਡੇ ਵੇਹੜੇ ਆਇਆ ਮਾਏ, ਨੂਰ ਕੋਈ ਰੱਬ ਦਾ।

### ਗ਼ਜ਼ਲ ੦ ਸੁਖਦੇਵ 'ਸਾਹਿਲ'

ਰਾਤ ਜਦ ਸ਼ੀਸ਼ੇ 'ਚ ਚਿਹਰਾ ਵੇਖਿਆ।
ਨੈਣਾਂ ਵਿਚ ਸੁਪਨਾ ਡੁਸਕਦਾ ਵੇਖਿਆ।
ਮੂੰਹ ਭੁਆ ਕੇ ਜਦ ਪਿਛਾਂਹ ਵਲ ਤੱਕਿਆ,
ਤੱਕਿਆ ਤਾਂ ਸ਼ੀਸ਼ਿਆਂ ਦੀ ਖ਼ਾਬਗਾਹ।
ਇਕ ਸ਼ੀਸ਼ਾ ਤਿੜਕਿਆ ਤੇ ਦੂਸਰਾ,
ਖ਼ੂਨ ਦੀ ਬਣਕੇ ਨਦੀ ਵਹਿ ਤੁਰ ਪਿਆ।
ਸ਼ੀਸ਼ਿਆਂ ਦੀ ਇਸ ਨਦੀ ਵਿਚ ਫੇਰ ਮੈਂ,
ਡੁਬ ਗਿਆ ਤੇ ਲਾਸ਼ ਬਣਕੇ ਰੁੜ ਗਿਆ।
ਚੂਰ ਸ਼ੀਸ਼ੇ ਦੀ ਨਦੀ ਸਭ ਹੋ ਗਈ,
ਰਾਹ ਵਿਚ ਪੱਥਰ ਅਜੇਹਾ ਟਕਰਿਆ।
ਜਦ ਸੁਣੀ ਪੱਥਰ ਨੇ ਮੇਰੀ ਦਾਸਤਾਂ,
ਰੋ ਪਿਆ ਤੇ ਮੁਸਕਰਾ ਕੇ ਖ਼ੁਰ ਗਿਆ।
ਪਰਤਿਆ ਤਾਂ ਸ਼ੀਸ਼ਿਆਂ ਵਿਚ ਕੈਦ ਫਿਰ,
ਬੁੱਤ ਪੱਥਰ ਦਾ ਸੀ ਪਿਆਸਾ ਤੜਪਦਾ।


United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

■ BUYING
■ SELLING

Free Evaluation For Your Property Call Any Time Without Any Obligation

Bus. 736-3831 or Res. 434-8548
Pager— 524-8581, ÷2229

Non-smokers pay less for insurance.



Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

NON-SMOKERS & SMOKERS

TOGETHER WE ARE STRONGER

NORTH AMERICAN LIFE

Permanent & Terms Plan

* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance

Ph. 685-9335



SUDESH KALIA

# BOMBAY SWEETS
## MANUFACTURER INC.

## ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼
## ਵਲੋਂ

### ਗੁਰੂ ਨਾਨਕ ਦੇਵ ਜੀ ਦੇ ਸ਼ੁਭ ਜਨਮ ਦਿਹਾੜੇ ਤੇ
### ਸਮੂਹ ਸਿਖ ਸੰਗਤਾਂ ਨੂੰ
### ਲੱਖ ਲੱਖ ਵਧਾਈ ਹੋਵੇ!

ਹਰ ਸਾਲ ਦੀ ਤਰ੍ਹਾਂ ਇਸ ਸਾਲ ਫਿਰ

### ਬੰਬੇ ਸਵੀਟ ਤੇ ਮਠਿਆਈ ਬਾਜ਼ਾਰ ਸਜਣਗੇ

ਬੀ. ਸੀ. ਵਿਚ ਸਭ ਤੋਂ ਵੱਡੀ ਤੇ ਸਾਫ ਸੁਥਰੀ ਭਾਰਤੀ ਮਠਿਆਈਆਂ ਦੀ ਦੁਕਾਨ:

## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਬੇਸਣ, ਮੇਸੂ, ਪਤੀਸਾ, ਬਰਫੀ, ਗਾਜਰ ਪਾਕ, ਲੱਡੂ ਮੋਤੀਚੂਰ, ਪੇਠਾ, ਗੁਲਾਬ ਜਾਮਨ, ਰਸਗੁੱਲਾ, ਬਦਾਨਾ, ਜਲੇਬੀਆਂ, ਅੰਮਰਤੀਆਂ, ਸ਼ਕਰਪਾਰੇ, ਰਸਭਰੀ, ਖੋਏ ਦੀ ਬਰਫੀ, ਕੋਕੋਨਟ ਦੀ ਬਰਫੀ, ਚਾਕਲੇਟ ਦੀ ਬਰਫੀ, ਪਿਸਤੇ ਦੀ ਬਰਫੀ, ਕਾਜੂ ਦੀ ਬਰਫੀ, ਬਦਾਮਾਂ ਦੀ ਬਰਫੀ, ਚਮ ਚਮ, ਮਿਲਕ ਕੇਕ, (ਤੁਸੀਂ ਪਾਰਟੀਆਂ ਲਈ ਵੀ ਆਰਡਰ ਦੇ ਸਕਦੇ ਹੋ) (ਖੋਏ ਦਾ ਮਿਲਕ ਕੇਕ, ਜੋਕਿ ਤੁਸੀਂ ਪਾਰਟੀਆਂ ਲਈ ਵੀ ਲੈ ਸਕਦੇ ਹੋ) ਨਮਕੀਨ :- ਭੁਜੀਆ, ਮੋਗੋ ਚਿਪਸ ਤੇ ਹੋਰ ਕਈ ਸਨੈਕ ਹਰ ਸਮੇਂ ਮਿਲਣਗੇ!

### ਗਾਜਰ ਹਲਵਾ ਆਪ ਮੰਗ ਕੇ ਟੇਸਟ ਕਰੋ!

**6556-6560 Main St., Vancouver**
**PH: 321-1414 or 874-5722**